Downloaded from https:// www.studiestoday.com

# ਅੱਖੀਂ ਡਿੱਠੀ ਦੁਨੀਆਂ

ਗਿਆਰ੍ਹਵੀਂ ਸ਼੍ਰੇਣੀ ਲਈ

**ਚੋਣਵਾਂ ਵਿਸ਼ਾ (ਪੰਜਾਬੀ)**

**ਪੰਜਾਬ ਸਕੂਲ ਸਿੱਖਿਆ ਬੋਰਡ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ

Downloaded from https:// www.studiestoday.com

Downloaded from https:// www.studiestoday.com

© ਪੰਜਾਬ ਸਰਕਾਰ

**ਐਡੀਸ਼ਨ 2016 ............................ ਕਾਪੀਆਂ**

All rights, including those of translation, reproduction
and annotation etc., are reserved by the
Punjab Government

**ਚਿਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦ-ਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।

**ਮੁੱਲ : ₹ ?????**

**ਸਕੱਤਰ**, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਵੱਲੋਂ ਪ੍ਰਕਾਸ਼ਿਤ ਅਤੇ ਮੈਸ. ....................... ਦੁਆਰਾ ਛਾਪੀ ਗਈ।



Downloaded from https:// www.studiestoday.com

Downloaded from https:// www.studiestoday.com

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ, 1969 ਈ. ਵਿੱਚ ਹੋਂਦ ਵਿੱਚ ਆਉਣ ਤੋਂ ਹੀ ਸਕੂਲ-ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ, ਸਮੇਂ-ਸਮੇਂ ਵੱਖ-ਵੱਖ ਵਿਸ਼ਿਆਂ ਦੇ ਪਾਠ-ਕ੍ਰਮਾਂ ਨੂੰ ਨਵਿਆ ਕੇ ਉਹਨਾਂ ਅਨੁਸਾਰ ਉੱਤਮ ਪਾਠ-ਪੁਸਤਕਾਂ ਤਿਆਰ ਕਰਨ ਦੇ ਉਪਰਾਲੇ ਕਰਦਾ ਰਿਹਾ ਹੈ। ਇਸੇ ਸਿਲਸਿਲੇ ਵਿੱਚ ਸੀਨੀਅਰ ਸੈਕੰਡਰੀ ਸ਼੍ਰੇਣੀਆਂ ਦੇ ਪੰਜਾਬੀ ਵਿਸ਼ੇ ਦੇ ਨਵੇਂ ਪਾਠ-ਕ੍ਰਮਾਂ ਨੂੰ ਐੱਨ. ਸੀ. ਐੱਫ਼, 2005 ਅਤੇ ਪੀ.ਸੀ.ਐੱਫ, 2013 ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੋਧ ਕੇ ਪਾਠ-ਪੁਸਤਕਾਂ ਤਿਆਰ ਕੀਤੀਆਂ ਗਈਆਂ ਹਨ। ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਅਤੇ ਪੰਜਾਬੀ ਜੀਵਨ ਤੇ ਸੱਭਿਆਚਾਰ ਦੇ ਵਿਭਿੰਨ ਪੱਖਾਂ ਬਾਰੇ ਬੁਨਿਆਦੀ ਵਾਕਫ਼ੀਅਤ ਅਤੇ ਇਹਨਾਂ ਦੀ ਸਲਾਹੁਤਾ, ਇਹਨਾਂ ਪਾਠ-ਪੁਸਤਕਾਂ ਦੀ ਸਾਂਝੀ ਸਿਫ਼ਤ ਹੈ।

'ਅੱਖੀਂ ਡਿੱਠੀ ਦੁਨੀਆਂ' ਪੰਜਾਬੀ ਦੇ ਸਫ਼ਰਨਾਮਿਆਂ ਵਿੱਚੋਂ ਪਾਠ-ਅੰਸ਼ ਲੈ ਕੇ ਸੰਪਾਦਿਤ ਕੀਤੀ ਪਾਠ-ਪੁਸਤਕ ਹੈ ਜੋ ਗਿਆਰ੍ਹਵੀਂ ਸ਼੍ਰੇਣੀ ਦੇ ਚੋਣਵਾਂ ਵਿਸ਼ਾ ਪੰਜਾਬੀ ਲਈ ਨਿਯਤ ਕੀਤੀ ਗਈ ਹੈ। ਉਮੀਦ ਹੈ ਕਿ ਇਸ ਪਾਠ-ਪੁਸਤਕ ਦੀ ਪਾਠ-ਸਮਗਰੀ ਸੀਨੀਅਰ ਸੈਕੰਡਰੀ ਦੇ ਵਿਦਿਆਰਥੀਆਂ ਦੀਆਂ ਵਿੱਦਿਅਕ ਲੋੜਾਂ ਪੂਰੀਆਂ ਕਰੇਗੀ ਅਤੇ ਉਹਨਾਂ ਦਾ ਮਾਨਸਿਕ ਦਿਸਹੱਦਾ ਵਿਸ਼ਾਲ ਹੋਵੇਗਾ।

ਇਹ ਪਾਠ-ਪੁਸਤਕ ਅਮਰੀਤਾ ਗਿੱਲ ਡਾਇਰੈਕਟਰ ਅਕਾਦਮਿਕ, ਸ੍ਰੀਮਤੀ ਮਨਜੀਤ ਕੌਰ ਡਿਪਟੀ ਡਾਇਰੈਕਟਰ ਪੰਜਾਬੀ ਵਿਕਾਸ ਕੇਂਦਰ ਦੀ ਨਿਗਰਾਨੀ ਹੇਠ ਵਿਸ਼ਾ ਮਾਹਰ ਸ੍ਰੀਮਤੀ ਰਾਜਿੰਦਰ ਚੌਹਾਨ ਪੰਜਾਬੀ ਸੈੱਲ ਵੱਲੋਂ ਸੰਪਾਦਿਤ ਕੀਤੀ ਗਈ ਹੈ। ਇਸ ਪਾਠ-ਪੁਸਤਕ ਦੀ ਤਿਆਰੀ ਵਿੱਚ ਖੇਤਰੀ-ਮਾਹਰਾਂ/ ਅਧਿਆਪਕਾਂ ਵਿਸ਼ੇਸ਼ ਤੌਰ 'ਤੇ ਡਾ. ਸਰਬਜੀਤ ਸਿੰਘ ਬੇਦੀ, ਡਾ. ਜਗੀਰ ਸਿੰਘ ਨੂਰ, ਡਾ. ਬਲਜੀਤ ਕੌਰ, ਸ੍ਰੀ ਜਸਵੀਰ ਸਿੰਘ ਲੰਗੜੋਆ, ਸ੍ਰੀਮਤੀ ਡਾ. ਵਰਿੰਦਰਜੀਤ ਵਾਤਿਸ਼ ਅਤੇ ਸ੍ਰੀ ਤਰਸੇਮ ਸਿੰਘ ਬੁੱਟਰ ਜੀ ਨੇ ਯੋਗਦਾਨ ਪਾਇਆ। ਬੋਰਡ ਵੱਲੋਂ ਇਹਨਾਂ ਮਾਹਰਾਂ/ਅਧਿਆਪਕਾਂ ਦੇ ਇਸ ਬਹੁਮੁੱਲੇ ਯੋਗਦਾਨ ਲਈ ਹਾਰਦਿਕ ਧੰਨਵਾਦ ਕੀਤਾ ਜਾਂਦਾ ਹੈ।

ਕਿਸੇ ਪਾਠ-ਪੁਸਤਕ ਦੀ ਉੱਤਮਤਾ ਦੀ ਪਰਖ ਕਰਨ ਵਾਲ਼ੇ ਵਿਦਿਆਰਥੀ ਅਤੇ ਅਧਿਆਪਕ ਹੁੰਦੇ ਹਨ। ਆਸ ਹੈ ਕਿ ਇਸ ਪਾਠ-ਪੁਸਤਕ ਸੰਬੰਧੀ ਇਸ ਵਰਗ ਦੀ ਪ੍ਰਤਿਕਿਰਿਆ ਬੋਰਡ ਨੂੰ ਪ੍ਰਾਪਤ ਹੋਵੇਗੀ ਜਿਸ ਦੀ ਲੋਅ ਵਿੱਚ ਇਸ ਪਾਠ-ਪੁਸਤਕ ਨੂੰ ਹੋਰ ਵੀ ਬਿਹਤਰ ਬਣਾਇਆ ਜਾ ਸਕੇਗਾ।

ਪੰਜਾਬ ਸਕੂਲ ਸਿੱਖਿਆ ਬੋਰਡ ਉਹਨਾਂ ਸਾਰੇ ਲੇਖਕਾਂ, ਲੇਖਕਾਂ ਦੇ ਵਾਰਸਾਂ ਦਾ ਧੰਨਵਾਦੀ ਹੈ, ਜਿਨ੍ਹਾਂ ਦੇ ਸਫ਼ਰਨਾਮਿਆਂ ਵਿੱਚੋਂ ਇਸ ਪਾਠ-ਪੁਸਤਕ ਲਈ ਪਾਠ-ਸਮਗਰੀ ਚੁਣੀ ਗਈ ਹੈ ਅਤੇ ਉਹਨਾਂ ਨੇ ਕਿਰਪਾ-ਪੂਰਵਕ ਅਜਿਹਾ ਕਰਨ ਦੀ ਆਗਿਆ ਦਿੱਤੀ ਹੈ।

ਪਾਠ-ਪੁਸਤਕ ਦੇ ਇਸ ਸੋਧੇ ਹੋਏ ਸੰਸਕਰਨ ਵਿੱਚ ਲੁੜੀਂਦੀਆਂ ਸੋਧਾਂ ਕੀਤੀਆਂ ਗਈਆਂ ਹਨ। ਵਿਦਿਆਰਥੀਆਂ ਦੀ ਸੌਖ ਲਈ ਗਿਆਰ੍ਹਵੀਂ ਸ਼੍ਰੇਣੀ ਪੰਜਾਬੀ (ਚੋਣਵਾਂ ਵਿਸ਼ਾ) ਦਾ ਪਾਠ-ਕ੍ਰਮ, ਪਰੀਖਿਆ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਹਿਦਾਇਤਾਂ ਅਤੇ ਨਮੂਨੇ ਦੇ ਪ੍ਰਸ਼ਨ-ਪੱਤਰ ਪਾਠ-ਪੁਸਤਕ ਦੇ ਅੰਤ ਵਿੱਚ ਦਿੱਤੇ ਗਏ ਹਨ। ਇਸ ਨਾਲ਼ ਪਾਠ-ਪੁਸਤਕ ਦੀ ਉਪਯੋਗਤਾ ਵਿੱਚ ਵਾਧਾ ਹੋਵੇਗਾ।

**ਚੇਅਰਪਰਸਨ**

**ਪੰਜਾਬ ਸਕੂਲ ਸਿੱਖਿਆ ਬੋਰਡ,**

ਸਾਹਿਬਜ਼ਾਦਾ ਅਜੀਤ ਸਿੰਘ ਨਗਰ।



Downloaded from https:// www.studiestoday.com

Downloaded from https:// www.studiestoday.com


| ਕ੍ਰਮ | ਸਫ਼ਰਨਾਮਾ ਲੇਖਕ | ਪਾਠ ਦਾ ਨਾਂ-ਦੇਸ | ਪੰਨਾ |
|---|---|---|---|
| 1. | ਲਾਲ ਸਿੰਘ ਕਮਲਾ ਅਕਾਲੀ (1889-1977) | ਲੰਦਨ ਤੇ ਲੰਦਨ ਦੇ ਲੋਕ (ਇੰਗਲੈਂਡ) | 1 |
| 2. | ਡਾ. ਹਰਦਿੱਤ ਸਿੰਘ ਢਿੱਲੋਂ (1902-1981) | ਅਮਰੀਕਨ ਸੱਭਿਅਤਾ (ਅਮਰੀਕਾ) | 18 |
| 3. | ਪ੍ਰਿੰਸੀਪਲ ਸਰਮੁਖ ਸਿੰਘ ਅਮੋਲ (1908-1992) | ਜੰਗਲ਼ਾਂ ਦੇ ਵਸਨੀਕ (ਮਲੇਸ਼ੀਆ) | 29 |
| 4. | ਬਲਰਾਜ ਸਾਹਨੀ (1913-1973) | ਰੱਜੀ-ਪੁੱਜੀ ਮਿੱਟੀ (ਪਾਕਿਸਤਾਨ) | 42 |
| 5. | ਬਲਵੰਤ ਗਾਰਗੀ (1916-2003) | ਕਲਾਕਾਰਾਂ ਦੀ ਬਸਤੀ (ਅਮਰੀਕਾ) | 57 |
| 6. | ਸੰਤੋਖ ਸਿੰਘ ਧੀਰ (1920-2010) | ਇੰਗਲੈਂਡ ਤੇ ਭਾਰਤ (ਇੰਗਲੈਂਡ) | 70 |
| 7. | ਅਤਰਜੀਤ ਕੌਰ ਸੂਰੀ (1935) | ਨੈਸ਼ਨਲ ਕੌਮੀ ਪਾਰਕ (ਤਨਜ਼ਾਨੀਆ) | 83 |
| 8. | ਗੁਰਬਚਨ ਸਿੰਘ ਭੁੱਲਰ (1937) | ਅਮਰੀਕਾ ਵਿੱਚ ਸੜਕਾਂ 'ਤੇ ਚੱਲਣ ਦਾ ਸੁਚੱਜ (ਅਮਰੀਕਾ) | 96 |
| 9. | ਬਲਦੇਵ ਸਿੰਘ (1942) | ਲਾਹੌਰ ਸ਼ਹਿਰ ਦੀ ਪਰਿਕਰਮਾ (ਪਾਕਿਸਤਾਨ) | 107 |
| 10. | ਬਰਜਿੰਦਰ ਸਿੰਘ ਹਮਦਰਦ (1944) | ਅੰਡੇਮਾਨ-ਨਿਕੋਬਾਰ ਦੀ ਧਰਤੀ 'ਤੇ (ਭਾਰਤ) | 118 |
| 11. | ਅੰਬਰੀਸ਼ (ਡਾ. ਕਰਨੈਲ ਸਿੰਘ) (1953) | ਸਾਵੇ ਮੱਘ ਤੇ ਪੌਂਗ ਡੈਮ (ਭਾਰਤ) | 131 |


# ਵਿਸ਼ਾ ਸੂਚੀ


* ਗਿਆਰ੍ਹਵੀਂ ਸ਼੍ਰੇਣੀ
* ਪੰਜਾਬੀ (ਚੋਣਵਾਂ ਵਿਸ਼ਾ) ਦੇ ਪਾਠ-ਕ੍ਰਮ ਅਤੇ ਅੰਕ ਵੰਡ
* ਪ੍ਰਸ਼ਨ-ਪੱਤਰ ਦੀ ਰੂਪ ਰੇਖਾ ਅਤੇ ਵਿਸ਼ੇਸ਼ ਹਿਦਾਇਤਾਂ
* ਨਮੂਨੇ ਦਾ ਪ੍ਰਸ਼ਨ-ਪੱਤਰ




Downloaded from https:// www.studiestoday.com

Downloaded from https:// www.studiestoday.com

# ਇਸ ਪਾਠ-ਪੁਸਤਕ ਬਾਰੇ

ਹਥਲੀ ਪਾਠ-ਪੁਸਤਕ 'ਅੱਖੀਂ ਡਿੱਠੀ ਦੁਨੀਆਂ' ਗਿਆਰ੍ਹਵੀਂ ਸ਼੍ਰੇਣੀ ਦੀ ਪੰਜਾਬੀ (ਚੋਣਵਾਂ ਵਿਸ਼ਾ) ਦੇ ਪਾਠ-ਕ੍ਰਮ ਦੀ ਲੋੜ ਅਨੁਸਾਰ ਸੰਪਾਦਿਤ ਕੀਤੀ ਗਈ ਹੈ। ਇਸ ਵਿੱਚ ਪੰਜਾਬੀ ਦੇ ਸਫ਼ਰਨਾਮਾ-ਸਾਹਿਤ ਦੀ ਵੰਨਗੀ ਦੇਣ ਦੀ ਕੋਸ਼ਸ਼ ਕੀਤੀ ਗਈ ਹੈ।

ਸਫ਼ਰਨਾਮਾ ਉਹ ਸਾਹਿਤਿਕ ਰਚਨਾ ਹੈ ਜਿਸ ਵਿਚ ਲੇਖਕ ਨੇ ਆਪਣੇ ਸਫ਼ਰ ਦੇ ਅਨੁਭਵ ਅੰਕਿਤ ਕੀਤੇ ਹੁੰਦੇ ਹਨ। ਇਹ ਸਾਹਿਤ ਦਾ ਇੱਕ ਨਵੇਕਲ਼ਾ ਰੂਪ ਹੈ। ਪੰਜਾਬੀ ਸਾਹਿਤ ਵਿੱਚ ਵੀ ਸਫ਼ਰਨਾਮਾ ਪਛਾਣਨ ਯੋਗ ਸਾਹਿਤ-ਰੂਪ ਬਣ ਗਿਆ ਹੈ। ਦਸਵੀਂ ਸ਼੍ਰੇਣੀ ਤੱਕ ਵਿਦਿਆਰਥੀ ਕਵਿਤਾ, ਲੇਖ, ਇਕਾਂਗੀ, ਨਾਵਲ ਆਦਿ ਸਾਹਿਤ-ਰੂਪਾਂ ਨਾਲ਼ ਕੁਝ ਮੁਢਲੀ ਜਾਣ-ਪਛਾਣ ਕਰ ਚੁੱਕੇ ਹੁੰਦੇ ਹਨ। ਇਸ ਲੜੀ ਨੂੰ ਜਾਰੀ ਰੱਖਦੇ ਹੋਏ ਸੀਨੀਅਰ ਸੈਕੰਡਰੀ ਪੱਧਰ 'ਤੇ ਸਫ਼ਰਨਾਮਾ, ਸ੍ਵੈਜੀਵਨੀ ਅਤੇ ਲੋਕ-ਸਾਹਿਤ ਨਾਲ਼ ਅਰੰਭਿਕ ਵਾਕਫ਼ੀਅਤ ਕਰਾਈ ਜਾਣੀ ਹੈ ਤਾਂ ਜੁ ਸਕੂਲ-ਪੱਧਰ ਦੀ ਪੰਜਾਬੀ (ਚੋਣਵਾਂ ਵਿਸ਼ਾ) ਦੀ ਪੜ੍ਹਾਈ ਮੁਕਾਉਣ ਤੱਕ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਦੇ ਹਰ ਮੁੱਖ ਸਾਹਿਤ-ਰੂਪ ਬਾਰੇ ਮੁਢਲੀ ਜਾਣਕਾਰੀ ਪ੍ਰਾਪਤ ਹੋ ਸਕੇ।

ਪੰਜਾਬੀ ਦੇ ਸਫ਼ਰਨਾਮਿਆਂ ਉੱਤੇ ਆਧਾਰਿਤ ਇਸ ਪਾਠ-ਪੁਸਤਕ ਦਾ ਇੱਕ ਮਨੋਰਥ ਇਹ ਹੈ ਕਿ ਵਿਦਿਆਰਥੀ ਪੰਜਾਬੀ ਸਾਹਿਤ ਦੇ ਇਸ ਮਹੱਤਵਪੂਰਨ ਰੂਪ ਤੋਂ ਪਰੀਚਿਤ ਹੋ ਸਕੇ ਅਤੇ ਉਸ ਨੂੰ ਇਸ ਵੰਨਗੀ ਦਾ ਹੋਰ ਸਾਹਿਤ ਪੜ੍ਹਨ ਦੀ ਪ੍ਰੇਰਨਾ ਮਿਲ਼ੇ। ਦੂਜਾ, ਵਿਦਿਆਰਥੀ ਵੱਖ-ਵੱਖ ਸਫ਼ਰਨਾਮਾ-ਲੇਖਕਾਂ ਦੀਆਂ ਵਾਰਤਕ ਸ਼ੈਲੀਆਂ ਤੋਂ ਵਾਕਫ਼ ਹੋਵੇ। ਇਸ ਦੇ ਪਰਿਣਾਮ ਸਰੂਪ ਉਸ ਦੀ ਭਾਸ਼ਾ-ਸਮਰੱਥਾ ਵਿੱਚ ਵਾਧਾ ਹੋਵੇ। ਤੀਜਾ, ਵਿਭਿੰਨ ਲੇਖਕਾਂ ਦੇ ਯਾਤਰਾ-ਅਨੁਭਵਾਂ ਨਾਲ਼ ਸਾਂਝ ਪਾਉਂਦਿਆਂ ਉਸ ਦੀ ਆਮ ਜਾਣਕਾਰੀ ਵਧੇ। ਉਸ ਵਿੱਚ, ਲੇਖਕਾਂ ਵਾਂਗ, ਆਲ਼ੇ-ਦੁਆਲ਼ੇ ਨੂੰ ਨੀਝ ਨਾਲ਼ ਵੇਖਣ, ਘੋਖਣ, ਤੁਲਨਾਉਣ, ਉਸ ਦਾ ਵਿਸ਼ਲੇਸ਼ਣ ਕਰਨ, ਮਨੁੱਖੀ ਵਿਹਾਰ ਅਤੇ ਪ੍ਰਕਿਰਤੀ ਦੇ ਵਰਤਾਰਿਆਂ ਨੂੰ ਸਮਝਣ ਅਤੇ ਇਸ ਕਾਇਨਾਤ ਵਿੱਚ ਮੌਲਦੇ ਜੀਵਨ ਦੇ ਖ਼ੂਬਸੂਰਤ ਪੱਖਾਂ ਨੂੰ ਸਲਾਹੁਣ ਦਾ ਗੁਣ ਪੈਦਾ ਹੋਵੇ। ਇੰਞ ਵਿਦਿਆਰਥੀ ਦਾ ਦ੍ਰਿਸ਼ਟੀਕੋਣ ਸਿਹਤਮੰਦ ਹੋਵੇ ਅਤੇ ਉਸਦੀਆਂ ਧਾਰਨਾਵਾਂ ਵਿਸ਼ਾਲ ਤੇ ਉਦਾਰ ਹੋਣ। ਉਸ ਵਿੱਚ ਖ਼ੁਦ ਸਫ਼ਰ ਕਰਨ ਅਤੇ ਇਹਨਾਂ ਸਫ਼ਰਨਾਮਾ-ਲੇਖਕਾਂ ਵਾਂਗ ਸਫ਼ਰਨਾਮਾ' ਲਿਖਣ ਦੀ ਇੱਛਾ ਵੀ ਪੈਦਾ ਹੋ ਜਾਵੇ। ਇਸ ਤਰ੍ਹਾਂ, ਇਹ ਸਾਹਿਤ, ਭਾਸ਼ਾ ਅਤੇ ਗਿਆਨ ਦੇ ਪੱਖ ਤੋਂ ਬਹੁ-ਮੰਤਵੀ ਸਿੱਧ ਹੋ ਸਕੇਗੀ।

ਪੰਜਾਬੀ ਵਿੱਚ ਸਫ਼ਰਨਾਮਾ-ਸਾਹਿਤ ਦਾ ਅਰੰਭ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਹੋਇਆ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬੀ ਦੇ ਮੋਢੀ ਸਫ਼ਰਨਾਮਾ ਲੇਖਕ ਭਾਈ ਕਾਨ੍ਹ ਸਿੰਘ ਨਾਭਾ ਹੋਏ ਹਨ। ਉਹਨਾਂ ਦਾ ਇੱਕ ਸਫ਼ਰਨਾਮਾ (ਪਹਾੜੀ ਰਿਆਸਤਾਂ ਦਾ ਸਫ਼ਰ) ਆਪਣੇ ਦੇਸ ਦਾ ਹੈ ਜੋ 1906 ਈਸਵੀ ਵਿੱਚ ਲਿਖਿਆ ਗਿਆ। ਇਸ ਉਪਰੰਤ 1907-08 ਈ, ਵਿੱਚ ਉਹਨਾਂ ਨੇ 'ਵਲਾਇਤ ਦਾ ਸਫ਼ਰਨਾਮਾ' ਲਿਖਿਆ। ਇਹ ਸਫ਼ਰਨਾਮੇ ਪੱਤਰਾਂ ਦੇ ਰੂਪ ਵਿੱਚ ਹਨ। ਅਰੰਭਿਕ ਸਫ਼ਰਨਾਮਿਆਂ ਵਿੱਚੋਂ ਲਾਲ ਸਿੰਘ ਕਮਲਾ ਅਕਾਲੀ ਦਾ 1931 ਈ. ਵਿੱਚ ਪ੍ਰਕਾਸ਼ਿਤ 'ਮੇਰਾ ਵਲਾਇਤੀ ਸਫ਼ਰਨਾਮਾ ਕਾਫ਼ੀ ਪ੍ਰਸਿੱਧ ਹੋਇਆ। ਪੰਜਾਬੀ ਦੇ ਬਹੁਗਿਣਤੀ ਸਾਹਿਤਕਾਰਾਂ ਨੇ ਸਫ਼ਰਨਾਮੇ ਲਿਖ ਕੇ ਇਸ ਸਾਹਿਤ-ਰੂਪ ਨੂੰ ਗਿਣਤੀ ਪੱਖੋਂ ਵੀ ਅਮੀਰ ਬਣਾਇਆ ਹੈ।

ਇਹਨਾਂ ਸਫ਼ਰਨਾਮਿਆਂ ਵਿੱਚੋਂ, ਇਸ ਪਾਠ-ਪੁਸਤਕ ਦੇ ਆਕਾਰ ਦੀ ਸੀਮਾ ਨੂੰ ਧਿਆਨ ਵਿੱਚ ਰੱਖਦੇ ਹੋਏ, ਸਾਹਿਤਿਕ ਤੇ ਵਿੱਦਿਅਕ ਮੁੱਲ ਵਾਲ਼ੇ ਪਾਠ-ਅੰਸ਼ਾਂ ਨੂੰ ਪਾਠ-ਸਮਗਰੀ ਵਜੋਂ ਚੁਣਿਆ ਗਿਆ ਹੈ।

ਪੰਜਾਬੀ ਵਿੱਚ ਵੱਖ-ਵੱਖ ਦੇਸ਼ਾਂ ਦੀ ਯਾਤਰਾ ਬਾਰੇ ਵਿਭਿੰਨ ਲੇਖਕਾਂ ਦੇ ਸਫ਼ਰਨਾਮੇ ਮਿਲ਼ਦੇ ਹਨ। ਸਾਡੇ ਆਪਣੇ ਦੇਸ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਬਾਰੇ ਵੀ ਬਹੁਤ ਸਾਰੇ ਸਫ਼ਰਨਾਮੇ ਪ੍ਰਕਾਸ਼ਿਤ ਹੋਏ ਹਨ। ਇਸ ਪਾਠ-ਪੁਸਤਕ ਲਈ ਭਾਰਤ ਨਾਲ਼ ਸੰਬੰਧਿਤ ਦੋ, ਅਮਰੀਕਾ ਨਾਲ਼ ਸੰਬੰਧਿਤ ਤਿੰਨ, ਪਾਕਿਸਤਾਨ ਤੇ ਇੰਗਲੈਂਡ ਨਾਲ਼ ਸੰਬੰਧਿਤ ਦੋ-ਦੋ ਅਤੇ ਇੱਕ-ਇੱਕ ਸਫ਼ਰਨਾਮਾ-ਅੰਸ਼ ਤਨਜ਼ਾਨੀਆ ਅਤੇ ਮਲੇਸ਼ੀਆ ਦੀ ਯਾਤਰਾ ਨਾਲ਼ ਸੰਬੰਧਿਤ ਸ਼ਾਮਲ ਕੀਤਾ ਗਿਆ ਹੈ।

ਇਸ ਪਾਠ-ਪੁਸਤਕ ਵਿੱਚ ਪਾਠਾਂ ਦੀ ਤਰਤੀਬ, ਪਾਠ-ਲੇਖਕਾਂ ਦੀ ਉਮਰ ਅਰਥਾਤ ਉਹਨਾਂ ਦੀ ਜਨਮ-ਮਿਤੀ ਅਨੁਸਾਰ ਰੱਖੀ ਗਈ ਹੈ। ਭਾਵੇਂ ਪੰਜਾਬੀ ਦੇ ਸਫ਼ਰਨਾਮੇ ਬਿਲਕੁਲ ਇਸ ਕ੍ਰਮ ਵਿੱਚ ਨਹੀਂ ਲਿਖੇ ਗਏ, ਫਿਰ ਵੀ ਪਾਠਾਂ ਦੀ ਇਸ ਤਰਤੀਬ ਤੋਂ ਪੰਜਾਬੀ ਸਫ਼ਰਨਾਮਾ-ਸਾਹਿਤ ਦੇ ਵਿਕਾਸ ਦੀ ਝਲਕ ਜ਼ਰੂਰ ਮਿਲ਼ ਸਕਦੀ ਹੈ।

**ਇਸ ਪਾਠ-ਪੁਸਤਕ ਨੂੰ ਪੜ੍ਹਨ-ਪੜ੍ਹਾਉਣ ਸੰਬੰਧੀ ਸੁਝਾਅ—**

ਇਸ ਪਾਠ-ਪੁਸਤਕ ਵਿਚਲੀ ਪਾਠ-ਸਮਗਰੀ ਨੂੰ ਪੜ੍ਹਦਿਆਂ ਜਾਂ ਪੜ੍ਹਾਉਂਦਿਆਂ ਲੇਖਕ ਦੁਆਰਾ ਕੀਤੇ ਸਫ਼ਰ ਦੇ ਸਮੇਂ ਦੇ ਪ੍ਰਸੰਗ ਨੂੰ ਧਿਆਨ ਵਿੱਚ ਰੱਖਣਾ ਬਹੁਤ ਜ਼ਰੂਰੀ ਹੈ। ਕਾਰਨ ਇਹ ਹੈ ਕਿ ਸਫ਼ਰਨਾਮੇ ਵਿੱਚ ਕਿਸੇ ਭੂ-ਖੰਡ, ਦੇਸ ਜਾਂ ਸਮਾਜ ਦਾ ਚਿਤਰਨ ਉਸ



Downloaded from https:// www.studiestoday.com

Downloaded from https:// www.studiestoday.com

ਕਾਲ-ਖੰਡ ਵਾਲ਼ਾ ਹੀ ਹੋਵੇਗਾ ਜਦੋਂ ਸਫ਼ਰਨਾਮਾ ਲੇਖਕ ਉੱਥੇ ਗਿਆ ਸੀ। ਅੱਜ ਦੇ ਪ੍ਰਸੰਗ ਵਿੱਚ ਵੇਖਦਿਆਂ, ਕਿਸੇ ਸਫ਼ਰਨਾਮੇ ਵਿੱਚ ਦਰਜ ਦ੍ਰਿਸ਼, ਸਥਿਤੀਆਂ, ਤੱਥ, ਸੂਚਨਾਵਾਂ ਆਦਿ ਇੰਨ-ਬਿੰਨ ਉਵੇਂ ਦੀਆਂ ਸ਼ਾਇਦ ਨਾ ਰਹੀਆਂ ਹੋਣ। ਹਰ ਦੇਸ ਤੇ ਸਮਾਜ ਵਿੱਚ, ਇੱਥੋਂ ਤੱਕ ਕਿ ਭੂ-ਦ੍ਰਿਸ਼ਾਂ ਵਿੱਚ ਅਨੇਕ-ਭਾਂਤੀ ਪਰਿਵਰਤਨ, ਕਦੇ ਸਹਿਜੇ, ਕਦੇ ਤੇਜ਼, ਨਿਰੰਤਰ ਹੁੰਦੇ ਰਹਿੰਦੇ ਹਨ। ਇਸ ਲਈ ਸਫ਼ਰਨਾਮੇ ਦਾ ਸਹੀ ਮੁੱਲ ਉਸ ਦੇ ਕਾਲ-ਪ੍ਰਸੰਗ ਵਿੱਚ ਹੀ ਪਾਇਆ ਜਾ ਸਕਦਾ ਹੈ। ਉਦਾਹਰਨ ਵਜੋਂ ਰੂਸ ਵਿੱਚ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਦੇ ਅਰੰਭ ਵਿੱਚ ਸੰਸਾਰ ਦਾ ਧਿਆਨ ਖਿੱਚਣ ਵਾਲ਼ੀਆਂ ਤਬਦੀਲੀਆਂ ਹੋਈਆਂ ਹਨ। ਇਸ ਪਾਠ-ਪੁਸਤਕ ਵਿੱਚ ਸ਼ਾਮਲ ਪਾਠਾਂ ਵਿੱਚ, ਨਿਸ਼ਚੇ ਹੀ, ਇਹਨਾਂ ਖ਼ਾਸ ਤਬਦੀਲੀਆਂ ਦੇ ਹੋਣ ਤੋਂ ਪਹਿਲਾਂ ਦੇ ਸਮਾਚਾਰ ਦਰਜ ਹਨ। ਕਿਸੇ ਥਾਂ ਦੀ ਨਵੀਨਤਮ ਸਥਿਤੀ ਕੀ ਹੈ, ਇਹ ਬੀਤੇ ਵਿੱਚ ਲਿਖੇ ਕਿਸੇ ਵੀ ਸਫ਼ਰਨਾਮੇ ਦੀ ਸੀਮਾ ਤੋਂ ਬਾਹਰ ਦੀ ਗੱਲ ਹੋਵੇਗੀ। ਇਹ ਗੱਲ ਵੀ ਧਿਆਨ ਵਿੱਚ ਰੱਖਣੀ ਉਚਿਤ ਹੈ ਕਿ ਕੋਈ ਸਫ਼ਰਨਾਮਾ-ਲੇਖਕ ਕਿਸੇ ਥਾਂ ਕਿੰਨੀ ਕੁ ਦੇਰ ਠਹਿਰਿਆ ਹੈ ਅਤੇ ਉਸ ਨੂੰ ਉੱਥੇ ਘੁੰਮਣ-ਫਿਰਨ ਅਤੇ ਲੋਕਾਂ ਨਾਲ਼ ਮਿਲ਼ਣ-ਜੁਲ਼ਣ ਦੇ ਕਿੰਨੇ ਕੁ ਮੌਕੇ ਮਿਲ਼ੇ ਹਨ। ਉਸਦੀ ਸੋਚ, ਸੋਝੀ, ਦ੍ਰਿਸ਼ਟੀ ਅਤੇ ਪ੍ਰਤੱਖਣ ਦੀ ਸਮਰੱਥਾ ਵੀ ਨਿਸ਼ਚਿਤ ਕਰਦੀ ਹੈ ਕਿ ਉਸਦੀ ਝੋਲ਼ੀ ਵਿੱਚ ਕੀ ਕੁਝ ਪੈ ਸਕਿਆ ਹੈ। ਇਹ ਸਫ਼ਰਨਾਮਾ-ਲੇਖਕ ਦੀ ਸਮਰੱਥਾ ਉੱਤੇ ਵੀ ਨਿਰਭਰ ਕਰਦਾ ਹੈ ਕਿ ਉਹ ਆਪਣੀ ਯਾਤਰਾ ਦੌਰਾਨ ਕਿਸੇ ਸਥਿਤੀ, ਵਰਤਾਰੇ ਜਾਂ ਵਿਹਾਰ ਨੂੰ ਕਿੰਨਾ ਕੁ ਘੋਖਦਾ, ਪੜਤਾਲਦਾ, ਤੁਲਨਾਉਂਦਾ ਤੇ ਫਿਰ ਆਪਣੀ ਕਲਮ ਦੀ ਕਲਾ ਸਦਕਾ ਉਸਨੂੰ ਸਫ਼ਰਨਾਮੇ ਵਿੱਚ ਸਜੀਵ ਅੰਕਿਤ ਕਰਦਾ ਹੈ।

ਪੁਰਾਣੇ ਸਮੇਂ ਤੋਂ ਸਫ਼ਰ ’ਤੇ ਤੁਰਨ ਵਾਲ਼ਿਆਂ ਲਈ ਸਫ਼ਰ ਕਰਨ ਦੀਆਂ ਪ੍ਰੇਰਨਾਵਾਂ ਤੇ ਮਨੋਰਥ ਭਿੰਨ-ਭਿੰਨ ਰਹੇ ਹਨ। ਮੋਟੇ ਤੌਰ ’ਤੇ ਇਹ ਪ੍ਰਕਿਰਤਿਕ, ਭੂਗੋਲਿਕ, ਸਮਾਜਿਕ, ਆਰਥਿਕ, ਸੰਸਕ੍ਰਿਤਕ, ਧਾਰਮਿਕ ਕਾਰਨਾਂ ਵਜੋਂ ਜਾਣੇ ਗਏ ਹਨ। ਮੁੱਖ ਤੌਰ ’ਤੇ ਕਦੇ ਕੋਈ ਮਜਬੂਰੀ ਨੂੰ ਮੁਸਾਫ਼ਰ ਬਣਿਆ, ਕਦੇ ਇੱਛਾ ਨਾਲ਼ ਕਿਸੇ ਜਿਗਿਆਸਾ ਨੂੰ ਸ਼ਾਂਤ ਕਰਨ ਲਈ ਜਾਂ ਕਿਸੇ ਅੰਦਰਲੀ ਪ੍ਰੇਰਨਾ ਕਾਰਨ ਆਪਣੇ ਵਿਚਾਰਾਂ ਦਾ ਢੋਆ ਦੂਰ-ਦੂਰ ਤੱਕ ਪਹੁੰਚਾਉਣ ਲਈ। ਪੰਜਾਬੀ ਦੇ ਸਫ਼ਰਨਾਮਾ-ਲੇਖਕ ਵੀ ਵੱਖ-ਵੱਖ ਪ੍ਰਯੋਜਨਾਂ ਨਾਲ਼ ਯਾਤਰਾ ਤੇ ਗਏ। ਮੋਟੇ ਤੌਰ ’ਤੇ ਕਿਸੇ ਦੇਸ, ਸੰਸਥਾ ਜਾਂ ਸੰਬੰਧੀ ਦੇ ਬੁਲਾਵੇ ’ਤੇ ਜਾਂ ਨੌਕਰੀ, ਪੜ੍ਹਾਈ, ਖੋਜ ਆਦਿ ਦੇ ਸਿਲਸਿਲੇ ਵਿੱਚ ਇਹ ਲੇਖਕ ਦੇਸ-ਪਰਦੇਸ ਦੀ ਯਾਤਰਾ ਲਈ ਤੁਰੇ। ਕੇਵਲ ਸੈਰ-ਸਪਾਟੇ ਲਈ ਵੀ ਕੁਝ ਲੇਖਕਾਂ ਨੇ ਯਾਤਰਾ ਕੀਤੀ। ਉਹਨਾਂ ਦੀ ਯਾਤਰਾ ਵਾਲ਼ੀ ਧਰਤੀ ਉੱਤੇ ਠਹਿਰ ਕੁਝ ਦਿਨਾਂ ਤੋਂ ਲੈ ਕੇ ਮਹੀਨਿਆਂ ਅਤੇ ਇੱਕ-ਦੋ ਸਾਲਾਂ ਤੱਕ ਰਹੀ। ਕਿਸੇ ਥਾਂ ਦਾ ਭੇਤ ਕਿੰਨੀ ਕੁ ਦੇਰ ਵਿੱਚ ਪਾਇਆ ਜਾ ਸਕਦਾ ਹੈ, ਇਸ ਦਾ ਉੱਤਰ ‘ਲੰਦਨ ਦਾ ਭੇਤ’ ਸਿਰਲੇਖ ਹੇਠ ਲਾਲ ਸਿੰਘ ਕਮਲਾ ਅਕਾਲੀ ਦੀਆਂ ਟਿੱਪਣੀਆਂ ਤੋਂ ਮਿਲ਼ ਸਕਦਾ ਹੈ।

ਹਰ ਪਾਠ ਦੇ ਅਰੰਭ ਵਿੱਚ ਸਫ਼ਰਨਾਮਾ-ਲੇਖਕ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਇਸ ਵਿੱਚ ਇਹ ਦੱਸਣ ਦੀ ਕੋਸ਼ਸ਼ ਕੀਤੀ ਗਈ ਹੈ ਕਿ ਲੇਖਕ ਨੇ ਸਫ਼ਰ ਕਦੋਂ, ਕਿਸ ਉਦੇਸ਼ ਨਾਲ਼ ਅਤੇ ਕਿੰਨੇ ਸਮੇਂ ਲਈ ਕੀਤਾ। ਆਸ਼ਾ ਇਹੋ ਹੈ ਕਿ ਵਿਦਿਆਰਥੀ ਸਫ਼ਰਨਾਮੇ ਦੇ ਪਾਠ-ਅੰਸ਼ਾਂ ਨੂੰ ਸਮੇਂ ਤੇ ਸਥਾਨ ਦੇ ਪ੍ਰਸੰਗ ਵਿੱਚ ਠੀਕ ਸਮਝੇ ਅਤੇ ਸਲਾਹ ਸਕੇ।

ਸਫ਼ਰਨਾਮਾ ਸਾਹਿਤ ਨੂੰ ਸਮਝਣ ਦੇ ਪੱਖ ਤੋਂ ਸਫ਼ਰਨਾਮਾ-ਲੇਖਕ ਦੀ ਸ਼ਖ਼ਸੀਅਤ ਦੀ ਗੱਲ ਕਰਨੀ ਜ਼ਰੂਰੀ ਹੈ। ਇੱਕ ਤਾਂ, ਜਿੱਥੇ ਵੀ ਸਫ਼ਰਨਾਮਾ-ਲੇਖਕ ਨੂੰ ਯਾਤਰਾ ਲਈ ਕਿਸੇ ਦੇਸ ਜਾਂ ਧਰਤੀ ਲਈ ਚੋਣ ਕਰਨੀ ਪਈ, ਉਸਨੇ ਆਪਣੀ ਸ਼ਖ਼ਸੀਅਤ ਅਨੁਸਾਰ ਚੋਣ ਕੀਤੀ। ਦੂਜਾ ਸ਼ਖ਼ਸੀਅਤ ਦੇ ਪ੍ਰਭਾਵ ਅਨੁਸਾਰ ਹੀ ਸਫ਼ਰ ਦੌਰਾਨ ਕਿਸੇ ਲੇਖਕ ਦੀ ਨਿਗ੍ਹਾ ਕਿਸੇ ਚੀਜ਼ ਨੂੰ ਫੜਦੀ ਹੈ, ਕਿਸੇ ਨੂੰ ਅਣਗੌਲਿਆਂ ਕਰਦੀ ਹੈ।

ਕੇਵਲ ਏਨਾ ਹੀ ਨਹੀਂ, ਸਫ਼ਰਨਾਮੇ ਵਿੱਚ ਸ੍ਵੈਜੀਵਨੀ ਵਾਂਗ, ਪਾਠਕ ਨਾਲ ਕੀ ਸਾਂਝਾ ਕਰਨਾ ਹੈ ਅਤੇ ਕੀ ਨਹੀਂ ਕਰਨਾ, ਬਾਰੇ ਚੋਣ ਕੀਤੀ ਜਾਂਦੀ ਹੈ। ਲੇਖਕ ਨੇ ਕਿਹੜੀ ਗੱਲ ਬਾਰੇ ਪ੍ਰਸੰਸਾ-ਭਾਵ ਪ੍ਰਗਟ ਕੀਤੇ ਹਨ ਅਤੇ ਕਿਹੜੀ ਬਾਰੇ ਨਿਖੇਧੀ ਦੇ ਭਾਵ, ਇਹ ਗੱਲ ਵੀ ਲੇਖਕ ਦੀ ਸ਼ਖ਼ਸੀਅਤ ਨਾਲ਼ ਜੁੜੀ ਹੋਈ ਹੈ। ਆਪਣੇ ਪਾਠਕ-ਵਰਗ ਦੀ ਲੋੜ ਦਾ ਅਨੁਮਾਨ ਲਾ ਕੇ ਵੀ ਲੇਖਕ ਕੁਝ ਕਾਂਟ-ਛਾਂਟ ਕਰਦਾ ਹੈ। ਲੇਖਕ ਨੂੰ ਯਾਤਰਾ ਦੌਰਾਨ ਬਾਹਰਲੇ ਸੰਸਾਰ ਦਾ ਜੋ ਕੁਝ ਨਵਾਂ, ਰੋਚਕ ਤੇ ਉਪਯੋਗੀ ਲੱਗਦਾ ਹੈ, ਉਸ ਨੂੰ ਉਹ ਪਾਠਕਾਂ ਨਾਲ਼ ਸਾਂਝਾ ਕਰਨ ਦਾ ਯਤਨ ਕਰਦਾ ਹੈ। ਇਸ ਤਰ੍ਹਾਂ ਕਿਸੇ ਲੇਖਕ ਦਾ ਸਫ਼ਰਨਾਮਾ ਉਸ ਦੇ ਪਾਠਕਾਂ ਲਈ ਕਿਸੇ ਨਵੀਂ ਦੁਨੀਆਂ ਵੱਲ ਖੋਲ੍ਹਿਆ ਇੱਕ ਝਰੋਖਾ ਹੁੰਦਾ ਹੈ।

ਅਗਲੀ ਗੱਲ, ਵਿਦਿਆਰਥੀ ਦੇ ਧਿਆਨ ਹਿਤ, ਇਸ ਪਾਠ-ਪੁਸਤਕ ਲਈ ਚੁਣੀ ਗਈ ਪਾਠ-ਸਮਗਰੀ ਬਾਰੇ ਹੈ। ਕਿਸੇ ਇੱਕ ਪਾਠ ਤੋਂ ਕਿਸੇ ਲੇਖਕ ਦੇ ਪੂਰੇ ਸਫ਼ਰਨਾਮੇ ਬਾਰੇ ਪੂਰੀ ਤਰ੍ਹਾਂ ਜਾਣਨਾ ਸੰਭਵ ਨਹੀਂ। ਇਸ ਲਈ ਜਦੋਂ ਵੀ ਸੰਭਵ ਹੋਵੇ ਲੇਖਕ ਦੇ ਸਫ਼ਰਨਾਮੇ ਨੂੰ ਪੂਰਾ ਪੜ੍ਹਨਾ ਹੀ ਉਚਿਤ ਹੋਵੇਗਾ।

ਸਫ਼ਰਨਾਮਿਆਂ ਵਿੱਚ, ਆਮ ਤੌਰ ’ਤੇ ਕਿਸੇ ਭੂ-ਖੰਡ ਦੇ ਵੰਨ-ਸਵੰਨੇ ਭੋਂ-ਦ੍ਰਿਸ਼, ਉੱਥੇ ਵੱਸਦੇ ਲੋਕਾਂ ਦਾ ਰਹਿਣ-ਸਹਿਣ, ਸੁਭਾਅ ਤੇ ਆਚਰਨ, ਉਹਨਾਂ ਦੀ ਪਦਾਰਥਿਕ ਉੱਨਤੀ, ਸੜਕਾਂ, ਹਸਪਤਾਲ, ਵਿੱਦਿਅਕ-ਸੰਸਥਾਵਾਂ, ਸਮਾਰਕ, ਅਜਾਇਬ



Downloaded from https:// www.studiestoday.com

Downloaded from https:// www.studiestoday.com

ਘਰ, ਭਵਨ-ਉਸਾਰੀ ਕਲਾ ਦਰਸਾਉਂਦੀਆਂ ਇਮਾਰਤਾਂ, ਦਰਿਆਵਾਂ ਉੱਤੇ ਬਣਾਏ ਪੁਲ਼, ਡੈਮ, ਆਵਾਜਾਈ ਦੀਆਂ ਸਹੂਲਤਾਂ, ਉਹਨਾਂ ਦੀ ਸੱਭਿਅਤਾ, ਸਫ਼ਾਈ, ਸੁਹਜ-ਭਾਵਨਾ, ਪਕਵਾਨ, ਪਰਾਹੁਣਚਾਰੀ, ਬੱਚਿਆਂ, ਬੁੱਢਿਆਂ, ਇਸਤਰੀਆਂ ਤੇ ਮਜ਼ਦੂਰਾਂ ਪ੍ਰਤਿ ਰਵੱਈਆ, ਕੰਮ-ਵੰਡ, ਕਿਰਤ ਦੀ ਕਦਰ, ਗ਼ਰੀਬੀ-ਅਮੀਰੀ ਦੇ ਫ਼ਰਕ ਆਦਿ, ਪ੍ਰਕਿਰਤੀ, ਸੰਸਕ੍ਰਿਤੀ ਅਤੇ ਸੱਭਿਅਤਾ ਦੇ ਅਨੇਕਾਂ ਧਿਆਨ ਖਿੱਚਦੇ ਪੱਖਾਂ ਦਾ ਵਰਨਣ ਕੀਤਾ ਮਿਲ਼ਦਾ ਹੈ। ਇਸ ਤੋਂ ਇਲਾਵਾ ਸਫ਼ਰ ਦੌਰਾਨ ਲੇਖਕ ਨੂੰ ਪੇਸ਼ ਆਈਆਂ ਔਕੜਾਂ, ਕੌੜੇ-ਮਿੱਠੇ ਤਜਰਬੇ ਅਤੇ ਕਿਸੇ ਦੇਸ, ਸਮਾਜ ਬਾਰੇ ਗ੍ਰਹਿਣ ਕੀਤੇ ਪ੍ਰਭਾਵਾਂ ਬਾਰੇ ਵੀ ਦੱਸਿਆ ਹੁੰਦਾ ਹੈ।

ਜਿਵੇਂ ਕਿ ਵਿਦਿਆਰਥੀ ਇਸ ਪਾਠ-ਪੁਸਤਕ ਦੀ ਪਾਠ-ਸਮਗਰੀ ਤੋਂ ਪੰਜਾਬੀ ਦੇ ਸਫ਼ਰਨਾਮਾ-ਲੇਖਕਾਂ ਦੀ ਇੱਕ ਮਨੋਰਥ-ਸਾਂਝ ਉੱਘੜਵੇਂ ਰੂਪ ਵਿੱਚ ਦਿਸਦੀ ਹੈ, ਉਹ ਹੈ, ਬਾਹਰਲੇ ਸੰਸਾਰ ਵਿੱਚ ਜੋ ਕੁਝ ਉਹਨਾਂ ਨੂੰ ਉੱਤਮ ਜਾਪਿਆ, ਉਸ ਨੂੰ ਆਪਣੇ ਪਾਠਕਾਂ ਨਾਲ਼ ਸਾਂਝਾ ਕਰਨ ਦੀ ਤਾਂਘ। ਇਸ ਪੱਖੋਂ ਉਹਨਾਂ ਨੇ ਵੱਖ-ਵੱਖ ਦੇਸਾਂ, ਖ਼ਾਸ ਕਰਕੇ ਵਿਕਸਿਤ ਦੇਸਾਂ ਵਿੱਚ ਲੋਕਾਂ ਦੇ ਅਨੁਸ਼ਾਸਨੀ ਜੀਵਨ ਭਾਵ ਸਮੇਂ ਦੀ ਪਾਬੰਦੀ, ਮਿਹਨਤੀ ਸੁਭਾਅ, ਵਰਤ-ਵਿਹਾਰ ਵਿੱਚ ਸਚਾਈ, ਇਮਾਨਦਾਰੀ, ਆਪਣੇ ਦੇਸ, ਪ੍ਰਾਂਤ ਤੇ ਸ਼ਹਿਰ ਪ੍ਰਤਿ ਵਫ਼ਾਦਾਰੀ ਅਤੇ ਪਿਆਰ, ਸਫ਼ਾਈ ਦਾ ਸ਼ੌਕ, ਇਸਤਰੀਆਂ ਪ੍ਰਤਿ ਸਮਾਨਤਾ ਦਾ ਭਾਵ, ਮੁੰਡੇ-ਕੁੜੀਆਂ ਦੇ ਪਾਲਣ-ਪੋਸ਼ਣ ਵਿੱਚ ਨਿਰਪੱਖਤਾ, ਭਰਪੂਰ ਜ਼ਿੰਦਗੀ ਜਿਊਣ ਦੀ ਲਾਲਸਾ, ਢਾਹੂ ਤੇ ਨਕਾਰਾਤਮਿਕ ਰੁਚੀਆਂ ਤੋਂ ਮੁਕਤੀ, ਉੱਥੋਂ ਦੀਆਂ ਸਰਕਾਰਾਂ ਵੱਲੋਂ ਜਨਤਕ-ਸੇਵਾਵਾਂ ਦਾ ਵਿਸਤਾਰ ਅਤੇ ਇਹਨਾਂ ਦਾ ਉੱਚਾ ਪੱਧਰ ਆਦਿ ਗੱਲਾਂ ਪ੍ਰਤਿ ਪ੍ਰਸੰਸਾ-ਭਾਵ ਪ੍ਰਗਟ ਕੀਤੇ ਹਨ। ਇਹਨਾਂ ਲੇਖਕਾਂ ਨੇ ਨਾਲ਼ੋ-ਨਾਲ਼, ਕਦੇ ਸਿੱਧੇ ਅਤੇ ਕਦੇ ਸੁਝਾਊ ਢੰਗ ਨਾਲ਼, ਆਪਣੇ ਦੇਸ ਦੀ ਇਹਨਾਂ ਪੱਖਾਂ ਤੋਂ ਤੁਲਨਾ ਕਰਦੇ ਹੋਏ, ਆਪਣੇ ਦੇਸ ਦੀਆਂ ਦੂਰ ਕਰਨ ਯੋਗ ਘਾਟਾਂ ਦਰਸਾ ਕੇ, ਚੰਗੀਆਂ ਗੱਲਾਂ ਨੂੰ ਗ੍ਰਹਿਣ ਕਰਨ ਦਾ ਇੱਕ ਤਰ੍ਹਾਂ ਦਾ ਆਗ੍ਰਹਿ ਕੀਤਾ ਹੈ।

ਇਹਨਾਂ ਲੇਖਕਾਂ ਨੇ ਪੂਰੀ ਨਿਆਂਸ਼ੀਲਤਾ ਨਾਲ਼ ਆਪਣੇ ਦੇਸ ਦੇ ਚੰਗੇ ਪੱਖਾਂ ਦੀ ਮਹਿਮਾ ਵੀ ਗਾਈ ਹੈ। ਇਸ ਸੰਬੰਧੀ ਇਸ ਪਾਠ-ਪੁਸਤਕ ਵਿੱਚ ਸ਼ਾਮਲ ਪਾਠਾਂ ਵਿੱਚੋਂ ਵੀ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ। ਬਰਜਿੰਦਰ ਸਿੰਘ ਹਮਦਰਦ ਨੇ ਅੰਡੇਮਾਨ-ਨਿਕੋਬਾਰ ਦੀ ਪ੍ਰਕਿਰਤਿਕ ਸੁੰਦਰਤਾ ਨੂੰ ਅਨੁਪਮ ਦੱਸਿਆ ਹੈ। 'ਕਾਲ਼ੇ ਪਾਣੀਆਂ' ਦੀ ਧਰਤੀ ਦੇ ਵਸਨੀਕਾਂ ਨੂੰ ਵੀ ਵਡਿਆਇਆ ਤੇ ਸਲਾਹਿਆ ਹੈ।

ਇੱਥੇ ਇੱਕ-ਦੋ ਗੱਲਾਂ ਸਫ਼ਰਨਾਮਾ ਸਾਹਿਤ ਦੀ ਮਹੱਤਤਾ ਬਾਰੇ ਕਰਨੀਆਂ ਜ਼ਰੂਰੀ ਹਨ। ਸਫ਼ਰਨਾਮੇ ਸੱਭਿਆਚਾਰਾਂ ਦੇ ਆਦਾਨ-ਪ੍ਰਦਾਨ ਦਾ ਵੱਡਾ ਵਸੀਲਾ ਹਨ। ਇਹਨਾਂ ਰਾਹੀਂ ਆਪਣੇ ਅਤੇ ਨਵੇਂ ਦੇਖੇ ਸਮਾਜਾਂ ਅਤੇ ਸੰਸਕ੍ਰਿਤੀਆਂ ਵਿਚਕਾਰ ਸੰਵਾਦ ਰਚਿਆ ਜਾਂਦਾ ਹੈ। ਇਹਨਾਂ ਰਾਹੀਂ ਮਨੁੱਖੀ ਹਮਦਰਦੀਆਂ ਵਿਸ਼ਾਲ ਹੁੰਦੀਆਂ ਹਨ। ਤੰਗ-ਸੋਚਣੀਆਂ, ਤਅੱਸਬ ਅਤੇ ਗ਼ਲਤ ਧਾਰਨਾਵਾਂ ਖ਼ਤਮ ਹੁੰਦੀਆਂ ਹਨ। ਇਸ ਪੱਖੋਂ ਪੰਜਾਬੀ ਦਾ ਸਫ਼ਰਨਾਮਾ-ਸਾਹਿਤ ਬਹੁਤ ਮੁੱਲ ਰੱਖਦਾ ਹੈ। ਸਾਡੇ ਬਹੁਤੇ ਲੋਕ ਆਰਥਿਕ ਮਜਬੂਰੀਆਂ ਕਾਰਨ ਜਾਂ ਇਸ ਪਾਸੇ ਰੁਝਾਨ ਨਾ ਹੋਣ ਕਾਰਨ ਸੈਰ-ਸਪਾਟੇ ਨੂੰ ਆਪਣੇ ਜੀਵਨ ਦਾ ਹਿੱਸਾ ਨਹੀਂ ਬਣਾ ਸਕੇ। ਤੀਰਥ-ਯਾਤਰਾਵਾਂ ਸਾਕ-ਸੰਬੰਧੀਆਂ ਨਾਲ਼ ਮਿਲਣੀਆਂ ਜਾਂ ਨੌਕਰੀ-ਕਾਰੋਬਾਰ ਆਦਿ ਕਾਰਨਾਂ ਕਰਕੇ ਹੀ ਉਹ ਯਾਤਰਾ ਕਰਦੇ ਹਨ। ਇਸ ਪੱਖੋਂ ਯਾਤਰਾ-ਸਾਹਿਤ ਘਰ ਬੈਠੇ ਹੀ ਯਾਤਰਾ ਦੇ ਕਾਫ਼ੀ ਲਾਭ ਉਪਲਬਧ ਕਰਾ ਦਿੰਦਾ ਹੈ।

ਹਥਲੀ ਪਾਠ-ਪੁਸਤਕ ਦੀ ਪਾਠ-ਸਮਗਰੀ ਭਾਰਤ ਦੇ ਕਈ ਪ੍ਰਾਂਤਾਂ ਅਤੇ ਸੰਸਾਰ ਦੇ ਅਨੇਕਾਂ ਉੱਘੇ ਮੁਲਕਾਂ ਉੱਤੇ ਝਾਤ ਪੁਆਉਂਦੀ ਹੈ।

ਰਜਿੰਦਰ ਚੌਹਾਨ
ਵਿਸ਼ਾ ਮਾਹਰ
(ਪੰਜਾਬੀ ਵਿਕਾਸ ਕੇਂਦਰ)



Downloaded from https:// www.studiestoday.com

Downloaded from https:// www.studiestoday.com

*ਸਫ਼ਰਨਾਮਾ—ਲੇਖਕ*

# ਲਾਲ ਸਿੰਘ ਕਮਲਾ ਅਕਾਲੀ

*(1889-1977)*

| | | |
|---|---|---|
| ਪਿਤਾ ਜੀ | : | ਸ. ਭਗਵਾਨ ਸਿੰਘ |
| ਜਨਮ-ਮਿਤੀ | : | 14 ਜੂਨ, 1889 |
| ਜਨਮ-ਸਥਾਨ | : | ਪਿੰਡ ਭਨੋਹੜ (ਜ਼ਿਲ੍ਹਾ ਲੁਧਿਆਣਾ) |
| ਵਿੱਦਿਆ | : | ਐੱਮ. ਐੱਸ-ਸੀ, ਐੱਲ. ਐੱਲ. ਬੀ. |
| ਕਿੱਤਾ | : | ਰੋਜ਼ਾਨਾ ਅਜੀਤ (ਉਰਦੂ) ਦੇ ਮੈਨੇਜਿੰਗ ਡਾਇਰੈਕਟਰ ਰਹੇ। ਉਪਰੰਤ ਵਕਾਲਤ ਕੀਤੀ ਅਤੇ ਖੇਤੀ-ਬਾੜੀ ਕਰਵਾਈ। |
| ਦਿਹਾਂਤ | : | 1977 |

**ਮੁੱਖ ਰਚਨਾਵਾਂ**

| | | |
|---|---|---|
| ਵਾਰਤਕ | : | ਕਰਨੀ ਊਰੀ ਤੇ ਕਰਨੀ ਪੂਰੀ, ਮੌਤ ਰਾਣੀ ਦਾ ਘੁੰਡ, ਜੀਵਨ-ਨੀਤੀ, ਸੈਲਾਨੀ ਦੇਸ਼-ਭਗਤ, ਮੇਰਾ ਵਲਾਇਤੀ ਸਫ਼ਰਨਾਮਾ, ਮੇਰਾ ਆਖ਼ਰੀ ਸਫ਼ਰਨਾਮਾ, ਮਨ ਦੀ ਮੌਜ, ਵਿਗਿਆਨਿਕ ਲੇਖ, ਭਾਰਤ ਦੇ ਭਰਪੂਰ ਭੰਡਾਰੇ। |

1922 ਵਿੱਚ ਜਦੋਂ ਅਕਾਲੀ ਲਹਿਰ ਜ਼ੋਰਾਂ 'ਤੇ ਸੀ ਤਾਂ ਇਹਨਾਂ ਨੇ 'ਕਮਲਾ ਅਕਾਲੀ' ਨਾਂ ਦੀ ਇੱਕ ਕਿਤਾਬ ਵੀ ਲਿਖੀ। ਤਦ ਤੋਂ ਹੀ ਇਹਨਾਂ ਦੇ ਨਾਂ ਨਾਲ਼ 'ਕਮਲਾ ਅਕਾਲੀ' ਜੁੜ ਗਿਆ।

ਇਹਨਾਂ ਦਾ 'ਮੇਰਾ ਵਲਾਇਤੀ ਸਫ਼ਰਨਾਮਾ' (1931) ਪੰਜਾਬੀ ਦੇ ਮੁਢਲੇ ਸਫ਼ਰਨਾਮਿਆਂ ਵਿੱਚੋਂ ਹੈ।

ਹਥਲੀ ਪਾਠ-ਪੁਸਤਕ ਲਈ ਲੇਖ ਦੇ ਇਸ ਸਫ਼ਰਨਾਮੇ ਵਿੱਚੋਂ ਕੁਝ ਪਾਠ-ਅੰਸ਼ ਚੁਣ ਕੇ ਇਹ ਪਾਠ ਬਣਾਇਆ ਗਿਆ ਹੈ। ਕਮਲਾ ਅਕਾਲੀ ਜੀ ਨੇ 1927-29 ਈ. ਵਿੱਚ ਆਪਣੀ ਪੜ੍ਹਾਈ ਦੇ ਸੰਬੰਧ ਵਿੱਚ ਇੰਗਲੈਂਡ ਦਾ ਸਫ਼ਰ ਕੀਤਾ ਸੀ। ਉਹ ਉੱਥੇ ਦੋ ਸਾਲ ਰਹੇ। ਹੁਣ ਇੱਕਵੀਂ ਸਦੀ ਦਾ ਡੇਢ ਦਹਾਕਾ ਵੀ ਮੁੱਕਣ ਵਾਲ਼ਾ ਹੈ। ਇਸ ਅਰਸੇ ਵਿੱਚ ਲੰਦਨ ਕਿੰਨਾ ਬਦਲ ਗਿਆ ਹੋਵੇਗਾ, ਇਹ ਅਨੁਮਾਨ ਲਾਉਣਾ ਮੁਸ਼ਕਲ ਹੈ। ਦਿਲਚਸਪ ਗੱਲ ਇਹ ਹੈ ਕਿ ਲੇਖਕ ਨੇ ਉੱਥੋਂ ਦੇ



Downloaded from https:// www.studiestoday.com

Downloaded from https:// www.studiestoday.com

ਜੀਵਨ ਨੂੰ ਵੇਖ ਕੇ ਜਿਹੜੀਆਂ ਸਿਹਤਮੰਦ ਗੱਲਾਂ ਪਾਠਕਾਂ ਨਾਲ਼ ਸਾਂਝੀਆਂ ਕਰਨੀਆਂ ਚਾਹੀਆਂ ਹਨ, ਉਹ ਅੱਜ ਵੀ ਮੁੱਲਵਾਨ ਹਨ।

# ਲੰਦਨ ਅਤੇ ਲੰਦਨ ਦੇ ਲੋਕ

## ਲੰਦਨ ਦਾ ਭੇਤ

ਲੰਦਨ ਸ਼ਹਿਰ ਦੀ ਜ਼ਿੰਦਗੀ ਉੱਤੇ ਅਨੇਕਾਂ ਪੁਸਤਕਾਂ ਲਿਖੀਆਂ ਗਈਆਂ ਹਨ ਤੇ ਲਿਖੀਆਂ ਜਾ ਰਹੀਆਂ ਹਨ। ਹਰ ਇੱਕ ਦਾ ਆਪਣਾ-ਆਪਣਾ ਢੰਗ, ਵੱਖੋ-ਵੱਖਰਾ ਹਾਲ ਅਤੇ ਅੱਡ ਰਾਵਾਂ ਹਨ ਤੇ ਜੇ ਸਾਰੀਆਂ ਪੁਸਤਕਾਂ ਪੜ੍ਹ ਕੇ ਘੋਖ ਕੇ ਵੀ ਕੋਈ ਇਹ ਆਖੇ ਕਿ ਮੈਂ ਲੰਦਨ ਦਾ ਭੇਤੀ ਬਣ ਗਿਆ ਹਾਂ ਤਾਂ ਇਹ ਨਿਰੀ ਡੀਂਗ ਮਾਰਨ ਵਾਲ਼ੀ ਗੱਲ ਹੋਵੇਗੀ ਕਿਉਂਕਿ ਲੰਦਨ ਵਿੱਚ ਰਹਿਣਾ ਇੰਞ ਹੈ, ਜਿਵੇਂ ਅਥਾਹ ਸਮੁੰਦਰ ਵਿੱਚ ਬੇੜੀ ਉੱਤੇ ਠਿੱਲ੍ਹਣਾ ਤੇ ਲੰਦਨ ਦਾ ਅੰਤ ਪਾਉਣਾ ਇੱਕ-ਦੋ ਜਨਮਾਂ ਵਿੱਚ ਅਸੰਭਵ ਜਿਹਾ ਹੈ। ਮੇਰੇ ਲੰਦਨ ਗਮਨ ਕਰਨ ਵਿੱਚ ਕਈ ਅਜਿਹੇ ਪੁਰਸ਼ ਮਿਲ਼ੇ ਜੋ ਆਪਣੀ ਵੱਸੋਂ ਦੇ ਨੇੜੇ-ਤੇੜੇ ਦੇ ਕਈ ਜ਼ਰੂਰੀ ਸਥਾਨ ਨਹੀਂ ਜਾਣਦੇ ਸਨ। ਪਹਿਲਾਂ-ਪਹਿਲਾਂ ਮੈਨੂੰ ਇਸ ਗੱਲੋਂ ਹੈਰਾਨੀ ਹੁੰਦੀ ਸੀ ਪਰ ਹੁਣ ਮੈਂ ਸਮਝ ਗਿਆ ਹਾਂ। ਕਸਬੇ ਜਾਂ ਨਿੱਕੇ ਸ਼ਹਿਰ ਨੂੰ ਆਦਮੀ ਵਰ੍ਹੇ-ਛੇ ਮਹੀਨੇ ਵਿੱਚ ਗਾਹ ਲੈਂਦਾ ਹੈ ਪਰ ਲੰਦਨ ਨੂੰ ਗਾਹੁਣ ਲਈ ਬੇਓੜਕ ਵਿਹਲ ਹੋਵੇ, ਤਰੋ-ਤਰੀ ਮਾਇਆ ਤੇ ਨਿਤ ਨਵੀਆਂ ਥਾਂਵਾਂ ਵੇਖਣ ਤੇ ਯਾਰੀਆਂ ਗੰਢਣ ਦਾ ਸ਼ੌਕ ਹੋਵੇ ਤਦ ਸ਼ੈਦ ਬੁਢਾਪੇ ਵਿੱਚ ਲੰਦਨ ਦੀ ਕੁਝ ਸਾਰ ਲੱਭ ਪਵੇ, ਪਰ ਇੰਨੇ ਚਿਰ ਨੂੰ ਲੰਦਨ ਹੋਰ ਬਦਲ ਜਾਂਦਾ ਹੈ ਤੇ ਉਸ ਗਾਹੁਣ ਵਾਲ਼ੇ ਦਾ ਅੱਖੀਂ ਡਿੱਠਾ ਬਿਰਤਾਂਤ ਪੁਰਾਣੀ ਤਵਾਰੀਖ਼ ਵਾਂਗ ਹੋ ਜਾਂਦਾ ਹੈ। ਸੋ ਪਾਠਕ-ਜਨ ਆਪੇ ਅੰਦਾਜ਼ਾ ਲਾ ਲੈਣ ਕਿ ਮੈਂ ਇਹਨਾਂ ਤਿੰਨ-ਚਾਰ ਮਹੀਨਿਆਂ ਵਿੱਚ ਲੰਦਨ ਦੇ ਕਿਹੜੇ-ਕਿਹੜੇ ਖੂੰਜੇ ਦੀ ਪੜਤਾਲ ਕਰ ਲਿੱਤੀ ਹੋਵੇਗੀ। ਲਿਖਣ ਨੂੰ ਤਾਂ ਇੱਕ-ਇੱਕ ਦਿਨ ਦੇ ਬਿਰਤਾਂਤ ਸੰਬੰਧੀ ਸਫ਼ੇ ਕਾਲ਼ੇ ਕੀਤੇ ਜਾ ਸਕਦੇ ਸਨ ਪਰ ਉਹਨਾਂ ਦਾ ਅਰਥ ਕੁਝ ਨਹੀਂ ਹੋਵੇਗਾ, ਕਿਉਂਕਿ ਆਪਣੇ ਖ਼ਿਆਲਾਂ ਨੂੰ ਆਦਮੀ ਪਹਾੜ ਬਣਾ ਕੇ ਦੱਸ ਸਕਦਾ ਹੈ। ਜੋ ਕੁਝ ਮੈਂ ਲਿਖਦਾ ਹਾਂ ਮਾੜੇ-ਮੋਟੇ ਅੱਖੀਂ ਡਿੱਠੇ ਹਾਲ, ਮਨ ਦੇ ਫੁਰਨੇ ਤੇ ਖ਼ਿਆਲ ਹਨ। ਪਹਿਲਾਂ-ਪਹਿਲਾਂ ਲੰਦਨ ਵੇਖਣ ਦਾ ਤੇ ਲੰਦਨ ਗਾਹ ਮਾਰਨ ਦਾ ਮੈਨੂੰ ਵੱਡਾ ਸ਼ੌਕ ਸੀ ਪਰ ਜਿਉਂ-ਜਿਉਂ ਗਾਹ ਪਾਇਆ ਤਿਉਂ-ਤਿਉਂ ਪਤਾ ਲੱਗਿਆ ਕਿ ਏਥੇ ਤਾਂ ਹਿਮਾਲਾ ਜੇਡਾ ਕੁੰਨੂੰ ਲੱਗਿਆ ਪਿਆ ਹੈ ਤਾਂ ਪੈਰ ਕਦਮ-ਕਦਮ ਧੱਸਦੇ ਜਾਂਦੇ ਹਨ। ਜਿਸ ਕਰਕੇ ਮੈਂ ਵੀ ਬਾਕੀ ਦੇ ਲੰਦਨੀਆਂ ਵਾਂਗ ਇਹ ਸ਼ੇਖ਼ਚਿਲੀ ਵਾਲ਼ੀਆਂ ਦਲੀਲਾਂ ਛੱਡ ਕੇ ਸਹਿਜ-ਸੁਭਾਵਿਕ ਜੋ ਨਿਤਾਪ੍ਰਤੀ ਦੀ ਨਕਦ ਮੌਜ ਹੈ, ਉਸ ਉੱਤੇ ਆਧਾਰ ਕਰ ਲੀਤਾ ਹੈ ਤਾਂਜੋ ਵੱਡੀਆਂ ਦਲੀਲਾਂ ਵਿੱਚ ਉਹ ਬਾਂਦਰ ਦੀ ਮੁੱਠ ਵਾਲ਼ਾ ਹਾਲ ਨਾ ਹੋਵੇ।

ਪਰ ਏਨੀ ਗੱਲ ਮੈਂ ਕਹਿਣ ਜੋਗਾ ਜ਼ਰੂਰ ਹੋ ਗਿਆ ਹਾਂ ਕਿ ਲੰਦਨ ਦੁਨੀਆਂ ਦੇ ਤਖ਼ਤੇ ਦੀਆਂ ਗਿਣਤੀ ਦੀਆਂ ਥਾਂਵਾਂ ਵਿੱਚੋਂ ਹੈ ਜਿੱਥੇ ਆਦਮੀ ਰਹਿ ਕੇ ਕਦੇ ਉਦਾਸ ਜਾਂ ਵਿਹਲਾ ਨਹੀਂ ਰਹਿ ਸਕਦਾ। ਜੋ ਮੌਜਾਂ, ਬੁੱਲੇ ਲੰਦਨ ਵਿੱਚ ਹਨ, ਉਹ ਨਾ ਛੱਜੂ ਦੇ ਚੁਬਾਰੇ ਨਾ ਲਾਹੌਰ ਸ਼ਹਿਰ ਵਿੱਚ ਹਨ। ਜੋ ਅਰਾਮ ਤੇ ਖ਼ੁਸ਼ੀਆਂ, ਹਾਸੇ ਤੇ ਤਮਾਸ਼ੇ, ਰੰਗ-ਰਲ਼ੀਆਂ ਤੇ ਦਿਲਬਰੀਆਂ ਲੰਦਨ ਸ਼ਹਿਰ ਵਿੱਚ ਹਨ, ਉਹ ਦੁਨੀਆਂ ਦੇ ਇੱਕੜ-ਦੁੱਕੜ ਹੋਰ ਸ਼ਹਿਰਾਂ ਵਿੱਚ ਨਹੀਂ ਲੱਭ ਸਕਦੀਆਂ। ਗੱਲ ਕੀ ਆਦਮੀ ਦੇ ਸਰੀਰ, ਦਿਮਾਗ਼ ਅਤੇ ਦਿਲ ਲਈ ਨੀਵੀਂ ਤੋਂ ਨੀਵੀਂ ਤੇ ਉੱਚੀ ਤੋਂ ਉੱਚੀ ਖ਼ੁਰਾਕ ਇੱਥੇ ਲੱਭ ਸਕਦੀ ਹੈ।

## ਲੰਦਨ ਕੀ ਹੈ ?

ਲੰਦਨ ਕੀ ਹੈ ? ਇੱਕ ਧੂੰਏਂਦਾਰ ਲਿਫ਼ਾਫ਼ਾ ਹੈ। ਧੂੰਏਂ ਦੀ ਧੁੰਦ ਸਾਫ਼ ਹੋਵੇ ਤਾਂ ਇੱਕ ਤਮਾਸ਼ਾ ਜਿਹਾ ਵਿੱਚੋਂ ਨਜ਼ਰ ਪੈਂਦਾ ਹੈ। ਲੰਮੀ-ਸਾਫ਼ ਚਿਲਕਦੀ ਸੜਕ ਉੱਤੇ ਆਦਮੀ-ਤੀਵੀਂਆਂ ਕਿਨਾਰੇ-ਕਿਨਾਰੇ 'ਤੇ, ਮੋਟਰਾਂ, ਐਸ਼ ਵਾਲ਼ੀਆਂ ਮੋਟਰਾਂ ਤੇ ਭਾਰ-ਲੱਦੂ ਮੋਟਰਾਂ, ਭੀੜ ਲੱਦੀ ਜਾਂਦੀਆਂ ਬੱਸਾਂ, ਕਿਤੇ-ਕਿਤੇ ਹਾਥੀਆਂ ਵਰਗੇ ਘੋੜੇ ਗੱਡੀਆਂ ਖਿੱਚਦੇ, ਅਖ਼ਬਾਰਾਂ, ਨਾਚ-ਘਰਾਂ, ਬਜ਼ਾਰਾਂ, ਰੋਟੀ ਤੇ ਸ਼ਰਾਬ ਵਾਲ਼ਿਆਂ ਦੀਆਂ ਲਾਰਾਂ ਸਭ ਬੰਨ੍ਹੀ ਤੁਰੀਆਂ ਜਾਂਦੀਆਂ ਹਨ। ਰੌਲ਼ੇ ਦੀ ਲੋੜ ਨਹੀਂ, ਭੌਂ-ਭੌਂ ਦੀ ਲੋੜ ਨਹੀਂ ਕਿਉਂਕਿ ਸਭ ਕੁਝ ਵਿਓਂਤ ਨਾਲ਼ ਹੋ ਰਿਹਾ ਹੈ। ਸੜਕ ਦੇ ਵਿਚਕਾਰ ਪੁਲਿਸ ਦਾ ਦੇਅ ਖਲੋਤਾ ਹੈ। ਉਸ ਦੇ ਇੱਕ ਇਸ਼ਾਰੇ ਨਾਲ਼ ਪਾਲ਼ ਦੀ ਪਾਲ਼ ਖਲੋ ਜਾਂਦੀ ਹੈ, ਦੂਜੀ ਤੁਰ ਪੈਂਦੀ ਹੈ। ਕਿਨਾਰਿਆਂ ਉੱਤੇ ਦਿਨ-ਰਾਤ ਕਈ ਬਣੀਆਂ, ਅਣ-ਬਣੀਆਂ, ਰੋਜ਼ ਬਣਦੀਆਂ, ਰੋਜ਼ ਢਹਿੰਦੀਆਂ ਜੋੜੀਆਂ ਤੁਰੀਆਂ ਜਾਂਦੀਆਂ ਹਨ। ਜੇ ਪੁੱਛੋ ਕਿ ਕਿੱਥੇ ਨੂੰ ? ਕੋਈ ਸਿਰੇ ਚੜ੍ਹੇ ਤਾਂ ਦੱਸੀਏ। ਦੂਜੇ ਪਾਸੇ ਦਰਿਆ ਵਿੱਚ ਲੋਹੇ ਦੇ ਪਰਬਤ ਹੌਲ਼ੀ-ਹੌਲ਼ੀ ਪਰਾਈ ਵਸਤ ਦੇ ਲੱਦੇ ਹੋਏ ਜਹਾਜ਼, ਚੋਰਾਂ ਵਾਂਗ ਧੁੰਦ ਵਿੱਚ ਆ ਪੁੱਜਦੇ ਹਨ ਤੇ ਉਸੇ ਤਰ੍ਹਾਂ ਖਿਸਕ ਜਾਂਦੇ ਹਨ। ਆਵਾ-ਗੌਣ, ਹੋਰ ਕੁਝ ਨਹੀਂ, ਬੱਸ। ਲੰਦਨ ਕੀ ਹੈ ? ਆਵਾ-ਗੌਣ। ਸਵੇਰ ਹੋਈ ਤਾਂ ਨਾਚ ਤੇ ਸ਼ਰਾਬ ਨਾਲ਼ ਥੱਕੇ ਹੋਏ ਬੰਦ ਅੱਖੀਆਂ ਮਲ਼ਦੇ ਉੱਠਦੇ ਹਨ ਤੇ ਪੇਟ-ਪੂਜਾ ਕਰਕੇ ਆਪਣੇ-ਆਪਣੇ ਕੰਮ ਵਿੱਚ ਜਾ ਹਾਜ਼ਰ ਹੁੰਦੇ ਹਨ। ਦੁਕਾਨਾਂ,



Downloaded from https:// www.studiestoday.com

Downloaded from https:// www.studiestoday.com

ਬੈਂਕ, ਸਕੂਲ, ਕਾਲਜ ਤੇ ਹੋਟਲ ਆਦਿਕ ਮਸ਼ੀਨਾਂ ਵਾਂਗ ਖੁੱਲ੍ਹ ਪੈਂਦੇ ਹਨ ਤੇ ਮਸ਼ੀਨਾਂ ਵਰਗੇ ਤੀਵੀਂਆਂ-ਮਰਦ ਆਪਣੀ-ਆਪਣੀ ਥਾਂ ਸ਼ਤਰੰਜ ਦੇ ਮੋਹਰਿਆਂ ਵਾਂਗ ਖਲੋ ਜਾਂਦੇ ਹਨ- ਜ਼ਮੀਨ ਦੇ ਉੱਪਰ, ਜ਼ਮੀਨ ਦੇ ਅੰਦਰ ਦੀਆਂ ਸੁਰੰਗਾਂ ਵਿੱਚ, ਲੱਖਾਂ ਤੀਵੀਂਆਂ-ਮਰਦ ਸ਼ਹਿਰ ਵੱਲ ਨੂੰ ਢੋਏ ਜਾਂਦੇ ਹਨ ਤੇ ਲੰਦਨ ਦਾ ਧੰਦਾ ਅਰੰਭ ਹੋ ਜਾਂਦਾ ਹੈ। ਮੌਜੀ ਲੰਦਨ ਦੇ ਕੰਮ ਨੂੰ ਮੀਂਹ, ਬੱਦਲ਼, ਧੁੰਦ ਤੇ ਠੰਢ, ਬਰਫ਼ ਆਦਿਕ ਕੁਝ ਨਹੀਂ ਕਰ ਸਕਦੇ। ਲੰਦਨੀਏ ਜੇ ਇਲਾਜ ਕੁਝ ਨਹੀਂ ਕਰ ਸਕਦੇ ਤਾਂ ਹੱਸ ਕੇ ਆਪਣੇ ਕੰਮ ਵਿੱਚ ਰੁਝ ਜਾਂਦੇ ਹਨ।

**ਲੰਦਨ ਦੇ ਲੋਕਾਂ ਦਾ ਵਿਹਾਰ—**

ਇਹਨਾਂ ਦਾ ਧਰਮ ਖਾਣਾ-ਪੀਣਾ ਤੇ ਖ਼ੁਸ਼ ਰਹਿਣਾ, ਇਹਨਾਂ ਦੇ ਯਮ-ਨਿਯਮ ਸ਼ਕਲ ਸੁਆਰ ਕੇ ਰੱਖਣੀ, ਬਿਨਾਂ ਲੋੜ ਬੋਲਣਾ ਨਹੀਂ, ਰਾਹ ਜਾਂਦਿਆਂ ਪੱਲਾ ਛੂਹ ਜਾਵੇ ਤਾਂ ਖਿਮਾ ਮੰਗਣੀ (I'm Sorry), ਦੁਆਨੀ ਦੀ ਚੀਜ਼ ਦਾ ਮੁੱਲ ਚੁਆਨੀ ਨਹੀਂ ਕਹਿਣਾ। ਕੋਲ਼ ਹੋਵੇ ਤਾਂ ਖ਼ਰਚ ਕਰਨਾ, ਨਾ ਹੋਵੇ ਤਾਂ ਮੰਗ ਲੈਣਾ। ਬਿਨਾਂ ਲੋੜ ਝੂਠ ਨਹੀਂ ਬੋਲਣਾ ਤੇ ਮਿੱਤਰਤਾਈ ਗੰਢਣੀ ਤਾਂ ਕੇਵਲ ਹੱਸਣ-ਖੇਡਣ, ਵਕਤ ਲੰਘਾਉਣ ਜਾਂ ਗੁਣ ਗ੍ਰਹਿਣ ਕਰਨ ਲਈ, ਨਾ ਕਿ ਨਾਨਕੇ-ਦਾਦਕੇ, ਸਾਕ-ਸੰਬੰਧ, ਤਨਖ਼ਾਹ, ਪੈਂਨਸ਼ਨ, ਮੁਰੱਬੇ ਤੇ ਮੁੰਡਿਆਂ-ਕੁੜੀਆਂ ਦੀ ਗਿਣਤੀ ਪੁੱਛ ਕੇ ਆਪਣੇ ਨਾਲ਼ ਮੁਕਾਬਲਾ ਕਰਨ ਲਈ। ਇਹਨਾਂ ਦੇ ਮੰਦਰ, ਸਿਨਮਾ, ਥਿਏਟਰ, ਚਿੱਤਰਸ਼ਾਲਾ ਤੇ ਪੁਸਤਕਾਲੇ, ਜਿੱਥੇ ਇਹ ਜਾ ਕੇ ਵਿੱਦਿਆ ਤੇ ਗੁਣ ਦੀ ਪੂਜਾ ਕਰਦੇ ਹਨ। ਇਹਨਾਂ ਦਾ ਨਿੱਤਨੇਮ—ਅਖ਼ਬਾਰ।

**ਲੰਦਨ ਵਿੱਚ ਖਾਣ-ਪੀਣ ਦੀਆਂ ਵਸਤਾਂ—**

ਖਾਣ-ਪੀਣ ਸੰਬੰਧੀ ਇੱਕ ਬੜੀ ਸੁਆਦਲੀ ਗੱਲ਼ ਇਹ ਹੈ ਕਿ ਭਾਵੇਂ ਲੰਦਨ ਐਡਾ ਵੱਡਾ ਸ਼ਹਿਰ ਹੈ ਪਰ ਕੁਦਰਤੀ ਖ਼ੁਰਾਕ ਸਬਜ਼ੀ, ਦੁੱਧ, ਫਲ਼, ਕਲਕੱਤੇ/ਬੰਬਈ (ਮੁੰਬਈ) ਨਾਲ਼ੋਂ ਬਹੁਤ ਵਧੀਆ ਅਤੇ ਸ਼ਾਇਦ ਸਸਤੇ ਵੀ ਹਨ। ਲੰਦਨ ਪਹੁੰਚ ਕੇ ਦੂਜੇ-ਤੀਜੇ ਦਿਨ ਮੈਂ ਇੱਕ ਫਲ਼ਾਂ ਦੀ ਦੁਕਾਨ ਡਿੱਠੀ ਪਰ ਦਿਲ ਨੇ ਆਖਿਆ, ਐਵੇਂ ਵੇਖ ਕੇ ਮੈਨੂੰ ਕਿਉਂ ਤਰਸਾਉਂਦਾ ਹੈਂ, ਲੰਦਨ ਕੀ ਤੇ ਸਸਤੇ ਫਲ਼ ਕੀ ? ਹੌਸਲਾ ਕਰਕੇ ਮੈਂ ਦੁਕਾਨ ਵਿੱਚ ਜਾ ਵੜਿਆ ਅਤੇ ਜਦ ਮੁੱਲ ਪੁੱਛਿਆ ਤਾਂ ਬੜਾ ਹੈਰਾਨ ਹੋਇਆ। ਮਾਮੂਲੀ ਅੰਗੂਰ ਸੱਤ ਆਨੇ ਪੌਂਡ ਅਥਵਾ ਚੌਦਾਂ ਆਨੇ ਸੇਰ ਮਿਲ਼ਦੇ ਸਨ, ਵਧੀਆ ਅਰਬੀ ਅੰਗੂਰ ਦੋ-ਢਾਈ ਰੁਪਏ ਸੇਰ ਸਨ। ਇੱਕ ਦਿਨ ਇੱਕ ਦੁਕਾਨ ਉੱਤੇ ਬਦਾਣਾ ਵੀ ਅੰਦਾਜ਼ਨ ਪੰਜਾਬ ਦੇ ਮੁੱਲ ਵਿਕਦਾ ਡਿੱਠਾ, ਨਾਖਾਂ ਮਾਮੂਲੀ (ਕਸ਼ਮੀਰੀ ਨਾਖਾਂ ਵਰਗੀਆਂ) ਛੇ-ਛੇ, ਸੱਤ-ਸੱਤ ਪੈਸੇ ਨੂੰ ਇੱਕ, ਕੇਲੇ ਜ਼ਰਾ ਕੁ ਵਧੇਰੇ ਮੁੱਲ, ਆਲੂਬੁਖ਼ਾਰਾ, ਜੰਗਲ਼ੀ ਕਾਲ਼ੇ ਬੇਰ ਆਦਿਕ ਸਭ ਮਿਲ਼ਦੇ ਸਨ। ਸੇਬ ਤਾਂ ਪੰਜਾਬ ਤੋਂ ਸਸਤੇ ਸਨ। ਇੱਕ ਹਰੇ ਸੇਬ ਸਨ ਜੋ ਭਾਜੀ ਬਣਾਉਣ ਦੇ ਕੰਮ ਆਉਂਦੇ ਸਨ। ਉਹ ਫਲ਼ ਜੋ ਬਾਹਰੋਂ ਆਉਂਦੇ ਹਨ.....ਇਟਲੀ, ਸਪੇਨ ਮੁਲਕਾਂ ਤੋਂ ਜ਼ਰਾ ਮਹਿੰਗੇ ਹਨ, ਆੜੂ, ਖ਼ਰਬੂਜ਼ੇ ਆਦਿਕ। ਕੁਦਰਤ ਨੇ ਵੀ ਲੰਦਨ ਨੂੰ ਬੜੀ ਮਦਦ ਕੀਤੀ ਹੈ, ਠੰਢੀ ਥਾਂ ਹੋਣ ਕਰਕੇ ਨਾ ਏਥੇ ਮੱਖੀਆਂ ਨਾ ਮੱਛਰ, ਨਾ ਕੀੜੇ ਤੇ ਨਾ ਉੱਲੀ, ਪੱਕੇ ਹੋਏ ਅੰਗੂਰ ਹਫ਼ਤਾ ਲੰਘਾ ਕੇ ਵੀ ਖ਼ਰਾਬ ਨਹੀਂ ਹੁੰਦੇ। ਇਹੀ ਹਾਲ ਸਬਜ਼ੀ ਦਾ ਹੈ। ਕਈ ਪ੍ਰਕਾਰ ਦੀ ਗੋਭੀ, ਸ਼ਕਰਕੰਦੀ, ਅਰਬੀ, ਆਲੂ ਆਦਿਕ ਆਮ ਮਿਲ਼ਦੇ ਹਨ ਤੇ ਮੇਰੇ ਲਈ ਸਭ ਤੋਂ ਅਨੰਦਦਾਇਕ ਇਹ ਗੱਲ ਹੈ ਕਿ ਅਜਿਹਾ ਦੁੱਧ ਜਿਹਾ ਛੋਟੇ ਹੁੰਦਿਆਂ ਪਿੰਡ ਮੱਝ ਦੇ ਥਣਾਂ ਤੋਂ ਚੁੰਘਿਆ ਕਰਦਾ ਸਾਂ, ਸਾਫ਼ ਬੋਤਲਾਂ ਵਿੱਚ ਬੰਦ ਕੀਤਾ ਹੋਇਆ ਡੇਅਰੀ ਵਾਲ਼ੇ ਆਪੇ ਬੂਹੇ ਅੱਗੇ ਜਿੰਨਾ ਚਾਹੋ ਦਸ ਪੈਸੇ ਪਾਇੰਟ (ਅੱਧ ਕੁ ਸੇਰ ਪੱਕਾ) ਦੇ ਹਿਸਾਬ ਨਾਲ਼ ਦੇ ਜਾਂਦੇ ਹਨ। ਮਤੇ ਪਾਠਕ-ਜਨ ਇਸ ਵਿੱਚ ਕੁਝ ਸ਼ੱਕ ਸਮਝਣ ਜਾਂ ਖ਼ਿਆਲ ਕਰਨ ਕਿ ਦੁੱਧ ਵਿੱਚ ਮਿਲ਼ਾਵਟ ਹੁੰਦੀ ਹੈ, ਮੈਂ ਫੇਰ ਕਹਿੰਦਾ ਹਾਂ ਕਿ ਦੁੱਧ ਖ਼ਾਲਸ ਅੰਮ੍ਰਿਤ ਦੁੱਧ ਹੁੰਦਾ ਹੈ ਜਿਹੜਾ ਕਿ ਮੈਂ ਹਿੰਦੁਸਤਾਨ ਵਿੱਚ ਬੜੀਆਂ ਘੱਟ ਦੁਕਾਨਾਂ 'ਤੇ ਵਿਕਦਾ ਡਿੱਠਾ ਹੈ। ਭਾਵੇਂ ਲਾਹੌਰ ਤੇ ਅੰਮ੍ਰਿਤਸਰ ਦੇ ਨੇੜੇ ਪਿੰਡਾਂ ਵਿੱਚ ਦੁੱਧ ਦਾ ਕੋਈ ਘਾਟਾ ਨਹੀਂ ਪਰ ਮੈਨੂੰ ਪਤਾ ਹੈ ਕਿ ਖ਼ਾਲਸ ਦੁੱਧ ਉੱਥੋਂ ਮਿਲਣਾ ਕਿੰਨਾ ਔਖਾ ਹੈ। ਲੰਦਨ ਵਿੱਚ ਪਾਣੀ ਵਾਲ਼ੇ ਦੁੱਧ ਜਾਂ ਖੰਡ ਵਾਲ਼ੇ ਦੁੱਧ ਦੀ ਕਦੇ ਸ਼ਿਕਾਇਤ ਹੀ ਨਹੀਂ ਸੁਣੀ। ਕਿਸੇ ਨੂੰ ਖ਼ਿਆਲ ਹੀ ਨਹੀਂ ਆਉਂਦਾ ਕਿ ਦੁੱਧ ਵਿੱਚ ਮਿਲ਼ਾਵਟ ਹੋ ਸਕਦੀ ਹੈ। ਮੇਰੇ ਲਈ ਤਾਂ ਏਸ ਗੱਲ ਵਿੱਚ ਵੀ ਦੋਹਾਂ ਕੌਮਾਂ ਦੀ ਵਿਚਾਰ-ਨੀਅਤ ਦਾ ਇੱਕ ਛੋਟਾ ਜਿਹਾ ਨਕਸ਼ਾ ਹੈ ਜਿਸ ਤੋਂ ਚੋਖੀ ਸਿੱਖਿਆ ਪ੍ਰਾਪਤ ਹੋ ਸਕਦੀ ਹੈ। ਚਾਹ ਦਾ ਪਾਣੀ ਦੁੱਧ ਤੋਂ ਮਹਿੰਗਾ ਹੈ। ਮੈਂ ਤੇ ਮੇਰਾ ਇੱਕ ਹਿੰਦੁਸਤਾਨੀ ਸਾਥੀ ਚਾਹ ਪੀਣ ਗਏ। ਉਸ ਨੇ ਚਾਹ ਮੰਗੀ, ਮੈਂ ਦੋ ਗਲਾਸ ਨਿਰੇ ਦੁੱਧ ਦੇ। ਪੈਸੇ ਦੇਣ ਲੱਗਿਆਂ ਉਸ ਨੂੰ ਬੜੀ ਹੈਰਾਨੀ ਹੋਈ, ਕਿਉਂਕਿ ਮੈਂ ਕੇਵਲ ਚਾਰ ਪੈਨੀਆਂ ਦਿੱਤੀਆਂ ਤੇ ਉਸਨੂੰ ਦੋ ਪਿਆਲਿਆਂ ਦੀਆਂ ਛੇ ਪੈਨੀਆਂ ਦੇਣੀਆਂ ਪਈਆਂ।

ਲੰਦਨ ਵਿੱਚ ਉਂਞ ਤਾਂ ਬਹੁਤ ਚੀਜ਼ਾਂ ਮਹਿੰਗੀਆਂ ਹਨ ਪਰ ਫੁੱਲਾਂ ਵਰਗੀ ਕੋਈ ਚੀਜ਼ ਮਹਿੰਗੀ ਨਹੀਂ। ਇੱਕ ਤਾਂ ਫੁੱਲਾਂ ਦੀ ਮੰਗ ਬਹੁਤ ਹੈ। ਹਿੰਦੁਸਤਾਨ ਵਾਂਗ ਇਹ ਲੋਕ ਨਿਰੇ ਫੁੱਲਾਂ ਦੇ ਬੈਂਤਾਂ ਤੇ ਗ਼ਜ਼ਲਾਂ ਉੱਤੇ ਗੁਜ਼ਾਰਾ ਨਹੀਂ ਕਰਨਾ ਜਾਣਦੇ। ਇਹਨਾਂ ਨੂੰ ਫੁੱਲਾਂ ਨਾਲ਼ ਬਹੁਤ ਪਿਆਰ ਹੈ। ਜਿੱਥੇ ਪੰਜ-ਸੱਤ ਖਾਣ-ਪੀਣ, ਸਬਜ਼ੀ-ਮੇਵੇ ਦੀਆਂ ਦੁਕਾਨਾਂ ਹਨ, ਉੱਥੇ ਇੱਕ-ਦੋ ਫੁੱਲਾਂ ਦੀਆਂ ਵੀ ਨਾਲ਼ ਜ਼ਰੂਰ ਹਨ। ਬੇਮੌਸਮ ਫੁੱਲ ਪੈਦਾ ਕਰਨਾ ਇੱਕ ਬੜਾ ਲਾਭਦਾਇਕ ਪੇਸ਼ਾ ਹੈ। ਦੋ-ਤਿੰਨ ਵੱਡੀਆਂ ਦੁਕਾਨਾਂ ਹਰ ਰੋਜ਼ ਫ਼੍ਰਾਂਸ ਤੋਂ ਹਵਾਈ ਜਹਾਜ਼ਾਂ ਦੇ ਰਾਹੀਂ ਫ਼੍ਰਾਂਸ ਦੇ ਫੁੱਲ ਮੰਗਵਾ ਕੇ ਲੰਦਨ ਵਿੱਚ ਲਿਆਉਂਦੀਆਂ ਹਨ। ਰੋਟੀ ਖਾਣ ਦੀ ਮੇਜ਼ ਉੱਤੇ



Downloaded from https:// www.studiestoday.com

Downloaded from https:// www.studiestoday.com

ਫੁੱਲਾਂ ਦਾ ਗੁਲਦਸਤਾ ਜ਼ਰੂਰੀ ਹੈ, ਕਮਰਿਆਂ ਵਿੱਚ ਰੱਖਣਾ ਤੇ ਕੋਟ ਵਿੱਚ ਟੁੰਗਣਾ ਵੀ ਆਮ ਹੈ, ਬਿਮਾਰਾਂ ਨੂੰ ਹਸਪਤਾਲ ਵਿੱਚ ਫੁੱਲ ਭੇਜਦੇ ਹਨ। ਵਿਆਹ-ਸ਼ਾਦੀ ਤੇ ਮਰਨ ਸਮੇਂ ਵੀ ਫੁੱਲ ਵਰਤੇ ਜਾਂਦੇ ਹਨ ਤੇ ਆਸ਼ਕਾਂ ਦਾ ਤਾਂ ਸਦਾ ਤੋਂ ਹੀ ਫੁੱਲਾਂ ਨਾਲ਼ ਸਨੇਹ ਰਿਹਾ ਹੈ। ਜਦ ਕਲਮ-ਦਵਾਤ ਤੇ ਕਾਗ਼ਜ਼ ਦਿਲ ਦੀਆਂ ਤਾਂਘਾਂ ਦਾ ਨਕਸ਼ਾ ਖਿੱਚਣੋਂ ਅਸਮਰਥ ਹੋ ਜਾਂਦੇ ਹਨ ਤਦ ਲੰਦਨ ਦੇ ਆਸ਼ਕ ਫ਼ਲੋਰਿਸਟ (ਫੁੱਲਾਂ ਵਾਲ਼ੇ) ਕੋਲ਼ ਜਾ ਕੇ ਇੱਕ ਡਾਢਾ ਮਨਮੋਹਣਾ ਗੁਲਦਸਤਾ ਖ਼ਰੀਦ ਕੇ ਆਪਣੇ ਯਾਰ ਵੱਲ ਭਿਜਵਾ ਦੇਂਦੇ ਹਨ ਤੇ ਫੁੱਲ ਹੋਰਾਂ ਨੂੰ ਜ਼ਬਾਨ ਬਗ਼ੈਰ ਬੋਲਣਾ ਆਉਂਦਾ ਹੈ, ਦੋ ਕੁ ਲਫ਼ਜ਼ਾਂ ਵਿੱਚ ਸੰਦੇਸ਼ਾ ਜਾ ਦੇਂਦੇ ਹਨ।

ਗੁਲਾਬ ਦੀਆਂ ਸੋਹਣੀਆਂ ਕਲੀਆਂ ਦਾ ਮੁੱਲ ਕਦੇ-ਕਦੇ ਇੱਕ-ਇੱਕ ਦਾ ਇੱਕ ਸ਼ਲਿੰਗ ਹੋ ਜਾਂਦਾ ਹੈ। ਮਾਮੂਲੀ ਗੁਲਦਸਤੇ ਦਾ ਮੁੱਲ ਚਾਰ-ਪੰਜ ਸ਼ਲਿੰਗ ਬਣ ਜਾਂਦਾ ਹੈ ਪਰ ਪਾਠਕ ਇਹ ਨਾ ਸਮਝਣ ਕਿ ਇਹ ਗੁਲਦਸਤੇ ਮਾਮੂਲੀ ਜੰਗਲ਼ੀ ਫੁੱਲਾਂ ਦੇ ਹੁੰਦੇ ਹਨ ਜੋ ਆਮ ਕਰਕੇ ਹਿੰਦੁਸਤਾਨੀ ਸ਼ਹਿਰਾਂ ਵਿੱਚ ਮਿਲ਼ਿਆ ਕਰਦੇ ਹਨ। ਇਹ ਫੁੱਲ ਖ਼ਾਸ ਮਿਹਨਤ ਨਾਲ਼ ਪਾਲੇ ਹੁੰਦੇ ਹਨ। ਗੁਲਾਬ ਦੀਆਂ ਕਲੀਆਂ ਦਾ ਰੰਗ ਇੱਕ ਅਨੋਖਾ ਜਿਹਾ ਹੁੰਦਾ ਹੈ ਜਿਸ ਦਾ ਵਰਨਣ ਕਰਨਾ ਅਸੰਭਵ ਹੈ। ਗੁਲਾਬੀ ਰੰਗ ਵਿੱਚ ਜੋਗੀਆ ਤੇ ਦੋ-ਚਾਰ ਹੋਰ ਰੰਗਾਂ ਦੀ ਭੜਕ ਹੁੰਦੀ ਹੈ। ਇੱਥੋਂ ਦੇ ਲੋਕਾਂ ਨੂੰ ਉਂਞ ਵੀ ਆਪਣੇ ਨਾਲ਼ੋਂ ਬਾਹਲ਼ੇ ਫੁੱਲਾਂ ਦੇ ਨਾਂਉਂ ਆਉਂਦੇ ਹਨ ਕਿਉਂਕਿ ਇਹ ਲੋਕ ਫੁੱਲਾਂ ਨਾਲ਼ ਵਧੇਰੇ ਵਾਹ ਰੱਖਦੇ ਹਨ। ਪਰ ਅਫ਼ਸੋਸ! ਇੱਥੋਂ ਦੇ ਫੁੱਲਾਂ ਵਿੱਚ ਉਹ ਹਿੰਦੁਸਤਾਨ ਵਾਲ਼ੀ ਸੁਗੰਧੀ ਨਹੀਂ ਹੁੰਦੀ।

**ਲੰਦਨ ਦਾ ਅੰਮ੍ਰਿਤ ਵੇਲ਼ਾ —** ਲੰਦਨ ਦਾ ਅੰਮ੍ਰਿਤ ਵੇਲ਼ਾ ਕੋਈ ਨਹੀਂ। ਪੂਰਬ ਅਤੇ ਪੱਛਮ ਦੇ ਆਚਰਨ ਦਾ ਇਸ ਗੱਲ ਵਿੱਚ ਬੜਾ ਫ਼ਰਕ ਹੈ ਕਿ ਪੂਰਬ ਵਾਲ਼ੇ ਸਵੇਰ ਦਾ ਸਮਾਂ ਬੜਾ ਉੱਤਮ ਤੇ ਦੈਵੀ ਸਮਝ ਕੇ ਉਸਨੂੰ ਆਪਣੇ-ਆਪਣੇ ਨਿਸ਼ਚਿਆਂ ਅਨੁਸਾਰ ਪਰਮੇਸ਼ਰ ਦੀ ਪੂਜਾ ਅਤੇ ਆਤਮ-ਸ਼ਕਤੀ ਦ੍ਰਿੜ੍ਹਾਉਣ ਵਿੱਚ ਲਾਉਂਦੇ ਹਨ ਪਰ ਪੱਛਮ ਵਿੱਚ ਇਹ ਗੱਲ ਉੱਕੀ ਹੀ ਅਲੋਪ ਜਾਪਦੀ ਹੈ। ਹਿੰਦੁਸਤਾਨ ਦੇ ਸ਼ਹਿਰਾਂ ਤੇ ਪਿੰਡਾਂ ਵਿੱਚ ਅਜਿਹਾ ਨਿਜੱਸ ਥਾਂਉਂ ਨਹੀਂ ਹੋਵੇਗਾ, ਜਿੱਥੇ ਵੱਸੋਂ ਅਨੁਸਾਰ ਬਾਹਲ਼ੇ ਥੋੜ੍ਹੇ ਬੰਦੇ ਨਹੀਂ ਹੋਣਗੇ ਜੋ ਅੰਮ੍ਰਿਤ ਵੇਲ਼ੇ ਉੱਠ ਕੇ ਇਸ਼ਨਾਨ ਕਰਨ ਅਤੇ ਪੂਜਾ-ਪਾਠ ਵਿੱਚ ਕੁਝ ਸਮਾਂ ਨਾ ਬਿਤਾਉਣ। ਹਿੰਦੀਆਂ ਦੀ ਰੋਜ਼ ਦੀ ਜ਼ਿੰਦਗੀ ਦਾ ਇਹ ਇੱਕ ਵਿਸ਼ੇਸ਼ ਚਿੰਨ੍ਹ ਹੈ ਕਿ ਛੋਟੇ ਪਿੰਡ ਵਿੱਚ ਵੀ ਦੋ-ਚਾਰ ਬੰਦੇ ਅਜਿਹੇ ਹੋਣਗੇ ਜੋ ਸੂਰਜ ਚੜ੍ਹਨ ਤੋਂ ਪਹਿਲਾਂ ਨਿੰਦਰਾ ਤਿਆਗ ਕੇ ਸ਼ੌਚ ਹੋ ਕੇ ਰੱਬ ਦੀ ਉਪਾਸਨਾ ਕਰਦੇ ਹਨ। ਪਰ ਜਿੱਥੇ ਤੱਕ ਮੈਨੂੰ ਦੱਸਿਆ ਹੈ ਕਿ ਲੰਦਨ ਵਿੱਚ ਇਹ ਗੱਲ ਉੱਕੀ ਹੀ ਨਹੀਂ ਹੈ। ਇੱਕ ਤਾਂ ਸਵੇਰੇ ਉੱਠਣਾ, ਇਹਨਾਂ ਵਾਸਤੇ ਬੜਾ ਔਖਾ ਹੈ, ਕਿਉਂਕਿ ਰਾਤ ਨੂੰ ਛੇਤੀ ਨਹੀਂ ਸੌਂਦੇ, ਦੂਜੇ ਅੰਮ੍ਰਿਤ ਵੇਲ਼ੇ ਦੇ ਇਸ਼ਨਾਨ ਦਾ ਉਹ ਆਤਮਿਕ ਅਰਥ ਇਹਨਾਂ ਨੂੰ ਨਹੀਂ ਭਾਸਿਆ, ਜੋ ਸਾਨੂੰ ਹੈ ਅਤੇ ਨਾ ਹੀ ਉਸ ਸਮੇਂ ਨੂੰ ਜਪਣ ਜਾਂ ਧਿਆਨ ਕਰਨ ਲਈ ਵਰਤਣਾ ਇਹਨਾਂ ਭਾਣੇ ਜ਼ਰੂਰੀ ਹੈ। ਜੋ ਲੋਕ ਉੱਠਦੇ ਵੀ ਹਨ, ਕੇਵਲ ਜਾਂ ਤਾਂ ਧੰਦਿਆਂ ਕਰਕੇ ਜਾਂ ਅਰੋਗਤਾ ਦੇ ਨਿਯਮਾਂ ਦੀ ਪਾਲਣਾ ਲਈ, ਸਵੇਰ ਸਾਰ ਸਰੀਰਿਕ ਕਸਰਤ ਕਰਨ ਲਈ ਅਤੇ ਉਹ ਵੀ ਸੂਰਜ ਚੜ੍ਹਨ ਤੋਂ ਪਹਿਲਾਂ ਤਾਂ ਉੱਕਾ ਨਹੀਂ ਉੱਠਦੇ। ਸਾਡੇ ਛੋਟੇ-ਛੋਟੇ ਸ਼ਹਿਰਾਂ ਵਿੱਚ ਵੀ ਅੰਮ੍ਰਿਤ ਵੇਲ਼ੇ ਖੂਹਾਂ ਉੱਤੇ ਡੋਲਾਂ ਦਾ ਖੜਕਣਾ, ਬਾਣੀ ਦੇ ਪਾਠ ਦੀ ਅਵਾਜ਼, ਮੰਦਰਾਂ ਵਿੱਚ ਫੁੱਲਾਂ ਦਾ ਚੜ੍ਹਾਉਣਾ, ਮੁਲਾਣਿਆਂ ਦੀ ਬਾਂਗ ਸੁਣੀਂਦੀ ਹੈ ਅਤੇ ਖ਼ਾਸਾ ਖੜਕਾ-ਦੜਕਾ ਹੁੰਦਾ ਹੈ। ਪਲੋ-ਪਲੀ ਵਿੱਚ ਸਭਨੀਂ ਪਾਸੀਂ ਘੂਕਰ ਸੁਣਨ ਲੱਗ ਪੈਂਦੀ ਹੈ ਕਿਉਂਕਿ ਗੱਡੀਆਂ, ਬੱਸਾਂ ਆਪਣੇ ਵਕਤ ਅਨੁਸਾਰ ਅੱਡਿਆਂ ਤੋਂ ਤੁਰ ਪੈਂਦੀਆਂ ਹਨ ਅਤੇ ਲੋਕ ਵੀ ਨਿਕਲ਼ ਪੈਂਦੇ ਹਨ।.......

ਵਲਾਇਤ ਦੇ ਸਵੇਰੇ ਉੱਠਣ ਅਤੇ ਧੰਦੇ ਲੱਗਣ ਵਿੱਚ ਉੱਕਾ ਹੀ ਕੋਈ ਫ਼ਰਕ ਨਹੀਂ ਕਿਉਂਕਿ ਉਹ ਉੱਠਦੇ ਹੀ ਇਸ ਕਰਕੇ ਹਨ ਕਿ ਦੁਨੀਆਂ ਦਾ ਧੰਦਾ, ਜਿਸ ਦੇ ਕਿ ਉਹ ਆਪਣੇ-ਆਪ ਨੂੰ ਥਾਂ-ਥਾਂ ਦੇ ਪੁਰਜ਼ੇ ਸਮਝਦੇ ਹਨ, ਉਹਨਾਂ ਨੂੰ ਮਜਬੂਰ ਕਰਦਾ ਹੈ। ਉਂਞ ਤਾਂ ਦੁਨੀਆਂ ਹੀ ਧੰਦਿਆਂ ਵਿੱਚ ਰੁੱਝਣ ਲਈ ਉੱਠਦੀ ਹੈ, ਪਰ ਫ਼ਰਕ ਇਹ ਹੈ ਕਿ ਅਸੀਂ ਧੰਦਿਆਂ ਵਿੱਚ ਸਫ਼ਲਤਾ ਹਾਸਲ ਕਰਨ ਲਈ ਰੱਬ ਅੱਗੇ ਪ੍ਰਾਰਥਨਾ ਕਰਨ ਨੂੰ ਇੱਕ ਜ਼ਰੂਰੀ ਅੰਗ ਸਮਝਦੇ ਹਾਂ, ਪਰ ਇਹ ਲੋਕ ਆਪਣੇ ਬਲ ਅਤੇ ਸ਼ਕਤੀ ਨਾਲ਼ ਹਾਸਲ ਕਰਨ ਦਾ ਵਿਸ਼ਵਾਸ ਰੱਖਦੇ ਹਨ।.......

**ਕੰਮ ਤੇ ਵਿਹਲ—**

ਸਵੇਰ ਦੇ ਦੋ-ਤਿੰਨ ਘੰਟੇ ਲੰਦਨ ਵਿੱਚ ਬੜੀ ਆਵਾਜਾਈ ਅਤੇ ਰੁਝੇਵੇਂ ਦੇ ਹੁੰਦੇ ਹਨ। ਹਰ ਇੱਕ ਨੇ ਆਪਣੇ-ਆਪਣੇ ਕੰਮ 'ਤੇ ਪਹੁੰਚਣਾ ਹੁੰਦਾ ਹੈ ਅਤੇ ਕਿਸੇ ਵਿਰਲੇ ਨੂੰ ਚੰਗੇ ਇਸ਼ਨਾਨ ਕਰਕੇ ਅਰਾਮ ਨਾਲ਼ ਸਵੇਰ ਦੀ ਰੋਟੀ ਖਾ ਕੇ ਸਹਿਜ-ਸੁਭਾਅ ਨਾਲ਼ ਆਪਣੇ ਕੰਮ ਦੇ ਥਾਂ ਪੁੱਜਣ ਦਾ ਅਵਸਰ ਮਿਲ਼ਦਾ ਹੈ। ਪੱਛਮੀ ਲੋਕਾਂ ਦੀ ਜ਼ਿੰਦਗੀ ਵਿੱਚ ਰੋਜ਼ਾਨਾ ਜ਼ਿੰਦਗੀ ਦੇ ਕੇਵਲ ਦੋ ਵਰਤਾਰੇ ਹਨ- ਜਾਂ ਤਾਂ ਧੰਦਾ ਜਾਂ ਵਿਹਲ। ਇਸ ਦਾ ਵਿੱਚ-ਵਿਚਾਲ਼ਾ ਕੋਈ ਨਹੀਂ, ਕੰਮ-ਧੰਦੇ, ਯੱਕੜ ਮਾਰਨ ਜਾਂ ਹੌਲ਼ੀ-ਹੌਲ਼ੀ ਤੁਰਨਾ ਜਾਂ ਹੱਥ ਵਿੱਚ ਕੰਮ ਲੈ ਕੇ ਧਿਆਨ ਰਾਹ ਜਾਂਦਿਆਂ ਵੱਲ ਲਾਈ ਰੱਖਣਾ ਉੱਕਾ ਹੀ ਨਹੀਂ। ਜੋ ਆਦਮੀ ਸੜਕ ਉੱਤੇ ਟਹਿਲ ਰਿਹਾ ਹੈ ਜਾਂ ਤਾਂ ਛੁੱਟੀ ਸਮੇਂ ਅਰਾਮ ਵਿੱਚ ਹੈ ਜਾਂ ਬੇਕਾਰ ਹੈ, ਜਿਸ ਨੂੰ ਕੰਮ ਦੀ ਲੋੜ ਹੈ ਤੇ ਨੌਕਰੀ ਲੱਭਦੀ ਨਹੀਂ। ਤਾਂ ਤੇ ਲੰਦਨ ਦੀ ਸਵੇਰ ਚੂਨਾ ਪੀਹਣ ਵਾਲ਼ੇ ਚੱਕੇ ਦੇ ਉਹਨਾਂ ਪਹਿਲੇ ਗੇੜਿਆਂ ਵਾਂਗ ਹੈ ਜਿਨ੍ਹਾਂ ਵਿੱਚ ਲੋਕਾਂ ਦੇ ਹਿਰਦੇ, ਨੀਂਦ ਦੀ ਪਰਲੋਕ ਵਾਸ਼ਨਾ ਤੋਂ ਬੇਵੱਸ, ਟੁੱਟ-ਟੁੱਟ ਕੇ ਧੰਦੇ-ਪਿੱਟਣੀ ਦੁਨੀਆਂ ਦੇ ਰੁਝੇਵੇਂ ਵਿੱਚ ਸਿਰ-ਕੱਢਵੇਂ ਰੋੜਿਆਂ ਵਾਂਗ ਦਰੜੇ ਜਾਂਦੇ ਹਨ ਅਤੇ



Downloaded from https:// www.studiestoday.com

Downloaded from https:// www.studiestoday.com

ਬਾਕੀ ਦਿਨ ਲਈ ਨਿੱਸਲ਼ ਹੋ ਜਾਂਦੇ ਹਨ। ਸ਼ਾਇਦ ਪਾਠਕ ਪ੍ਰਸ਼ਨ ਕਰਨ ਕਿ ਤੀਵੀਂਆਂ ਕੀ ਕਰਦੀਆਂ ਹਨ ? ਉੱਤਰ ਇਹ ਹੈ ਕਿ ਤੀਵੀਂਆਂ ਇੱਥੇ ਸਭ ਕੰਮਾਂ ਵਿੱਚ ਹਿੱਸਾ ਲੈਂਦੀਆਂ ਹਨ ਅਤੇ ਜਿਹੜੀਆਂ ਘਰਾਂ ਵਿੱਚ ਰਹਿ ਜਾਂਦੀਆਂ ਹਨ, ਉਹਨਾਂ ਨੂੰ ਘਰ ਵਿੱਚ ਬੇਓੜਕ ਕੰਮ ਹੁੰਦੇ ਹਨ ਜੋ ਸਾਡੀਆਂ ਇਸਤਰੀਆਂ ਨੂੰ ਹਿੰਦ ਵਿੱਚ ਨਹੀਂ ਹੁੰਦੇ। ਕੋਈ ਵਿਰਲਾ ਹੀ ਘਰ ਹੋਵੇਗਾ ਜਿੱਥੇ ਹਰ ਰੋਜ਼ ਇੱਕ ਵਾਰ ਸਭ ਸਮਾਨ, ਫ਼ਰਸ਼, ਸ਼ੀਸ਼ਿਆਂ, ਬਰਤਨਾਂ, ਬਿਸਤਰਿਆਂ ਉੱਤੇ ਹੱਥ ਨਹੀਂ ਫਿਰਦਾ ਅਤੇ ਘਰਾਂ ਵਿੱਚ ਸਮਾਨ ਸਾਡੇ ਨਾਲ਼ੋਂ ਬਹੁਤਾ ਹੋਣ ਕਰਕੇ ਕੰਮ ਵੀ ਬਹੁਤ ਹੁੰਦਾ ਹੈ।

**ਲੰਦਨ ਵਾਸੀਆਂ ਦੇ ਮਨ-ਪਰਚਾਵੇ—**

ਲੰਦਨ ਦਾ ਸਾਰਾ ਦਿਨ ਧੰਦੇ ਵਿੱਚ ਬੀਤ ਜਾਂਦਾ ਹੈ। ਜਦ ਸ਼ਾਮ ਦੇ ਛੇ ਵੱਜਦੇ ਹਨ ਤਾਂ ਲੋਕ ਦੁਕਾਨਾਂ ਤੇ ਦਫ਼ਤਰਾਂ ਵਿੱਚੋਂ ਨਿਕਲ਼ ਕੇ ਸੜਕਾਂ, ਮੋਟਰ-ਬੱਸਾਂ, ਰੇਲਾਂ ਨੂੰ ਇੰਞ ਭਰ ਦੇਂਦੇ ਹਨ ਜਿਵੇਂ ਦਰਿਆ ਦਾ ਹੜ੍ਹ ਆਏ ਤੋਂ ਨੇੜੇ-ਨੇੜੇ ਦਾ ਇਲਾਕਾ ਪਾਣੀ ਨਾਲ਼ ਭਰ ਜਾਂਦਾ ਹੈ ਤੇ ਹਰ ਰੋਜ਼ ਨਾਲ਼ੋਂ ਸ਼ੁੱਕਰ-ਸ਼ਨਿੱਚਰ ਦੇ ਦਿਨ ਵਧੇਰੇ ਰੌਣਕ ਹੁੰਦੀ ਹੈ ਕਿਉਂਕਿ ਸ਼ੁੱਕਰਵਾਰ ਨੂੰ ਸਭ ਨੌਕਰਾਂ ਨੂੰ ਹਫ਼ਤੇ ਦੀ ਤਨਖ਼ਾਹ ਮਿਲ਼ ਜਾਂਦੀ ਹੈ ਤੇ ਸ਼ਨਿੱਚਰ ਨੂੰ ਕਾਰੋਬਾਰ ਇੱਕ-ਦੋ ਵਜੇ ਬੰਦ ਹੋ ਜਾਂਦਾ ਹੈ।

ਜਿਵੇਂ ਦਿਨ ਧੰਦੇ ਵਿੱਚ ਰੁਝਿਆਂ ਲੰਘ ਜਾਂਦਾ ਹੈ, ਉਸੇ ਤਰ੍ਹਾਂ ਸ਼ਾਮ ਤੇ ਰਾਤ ਖੇਲ-ਤਮਾਸ਼ੇ ਵਿੱਚ ਲੰਘ ਜਾਂਦੀ ਹੈ। ਲੰਦਨ ਵਾਸੀਆਂ ਨੂੰ ਵਿਹਲੇ ਹੋ ਕੇ ਅਨੰਦ ਲੁੱਟਣ ਦਾ ਬੜਾ ਸ਼ੌਕ ਹੈ। ਸ਼ਾਮ ਨੂੰ ਕੋਈ ਫ਼ੁਟਬਾਲ ਦੇ ਖੇਲਾਂ ਨੂੰ, ਕੋਈ ਘੋੜ-ਦੌੜ ਨੂੰ, ਕੋਈ ਕੁੱਤਿਆਂ ਦੀ ਦੌੜ ਨੂੰ, ਕੋਈ ਸਰਕਸ, ਕੋਈ ਸਿਨਮਾ, ਕੋਈ ਥਿਏਟਰ, ਕੋਈ ਨਾਚ—ਗੱਲ ਕੀ ਗ਼ਰੀਬ ਆਦਮੀ ਵੀ ਜੀਅ-ਪਰਚਾਵੇ ਲਈ ਜ਼ਰੂਰ ਕੁਝ ਖ਼ਰਚਦਾ ਹੈ। ਕਦੀ-ਕਦੀ ਤਮਾਸ਼ਿਆਂ ਦੇ ਬਾਹਰ ਦੋ-ਦੋ, ਤਿੰਨ-ਤਿੰਨ ਘੰਟੇ ਲੋਕੀਂ ਪਹਿਲਾਂ ਹੀ ਆ ਖਲੋਂਦੇ ਹਨ ਤਾਂ ਜਿਉਂ-ਜਿਉਂ ਗਿਣਤੀ ਵਧਦੀ ਜਾਂਦੀ ਹੈ, ਵਾਰੀ-ਵਾਰੀ ਪਾਲ਼ ਬੱਧੀ ਜਾਂਦੇ ਹਨ। ਇਸ ਉਡੀਕਣ ਵਾਲ਼ੀ ਧਾੜ ਨੂੰ ਕੋਈ ਕਿਰਾਏ ’ਤੇ ਮੂੜ੍ਹੇ ਲਿਆ ਦੇਂਦਾ ਹੈ, ਕੋਈ ਵਾਜਾ ਸੁਣਾਉਣ ਲੱਗ ਪੈਂਦਾ ਹੈ ਜਿਸ ਨਾਲ਼ ਉਹ ਪਰਚੇ ਰਹਿੰਦੇ ਹਨ ਤੇ ਉਸ ਨੂੰ ਕੁਝ ਆਮਦਨ ਹੋ ਜਾਂਦੀ ਹੈ। ਸ਼ਾਮ ਨੂੰ ਕੋਈ ਅਜਿਹਾ ਤਮਾਸ਼ਾ-ਅਸਥਾਨ ਨਹੀਂ ਹੁੰਦਾ ਜਿੱਥੇ ਵਿਹਲੀ ਥਾਂ ਪਈ ਰਹੇ। ਲੰਦਨੀਏ ਰੰਗੀਲੇ ਆਦਮੀ ਹਨ। ਪੈਸੇ ਜੋੜਨ ਵਿੱਚ ਬਹੁਤਾ ਧਿਆਨ ਨਹੀਂ ਕਰਦੇ। ਖਾਣ-ਪੀਣ ਤੇ ਖ਼ੁਸ਼ ਰਹਿਣ ਨੂੰ ਵਧੇਰੇ ਪਸੰਦ ਕਰਦੇ ਹਨ। ਅੱਧੀ ਰਾਤ ਨੂੰ ਤੇ ਇੱਕ ਦੋ ਘੰਟੇ ਪਿੱਛੋਂ ਤੱਕ ਵੀ ਸ਼ਹਿਰ ਦੇ ਤਮਾਸ਼ਾ-ਅਸਥਾਨ ਵਾਲ਼ੇ ਪਾਸੇ ਮੇਲੇ ਵਾਂਗ ਭੀੜ ਰਹਿੰਦੀ ਹੈ। ਲੰਦਨ ਜੇ ਚੁੱਪ ਕਰਦਾ ਹੈ ਤਾਂ ਕੇਵਲ ਸਵੇਰ ਦੇ ਚਾਰ ਵਜੇ ਤੋਂ ਸੱਤ ਵਜੇ ਤੱਕ।

ਜਿਸ ਤਰ੍ਹਾਂ ਵਿਉਪਾਰ ਲਈ ਲੰਦਨ ਵਿੱਚ ਬੇਓੜਕ ਮੌਕੇ ਹਨ ਤੇ ਜਿਸ ਤਰ੍ਹਾਂ ਦਿਲ-ਪਰਚਾਵੇ ਲਈ ਅਨੇਕਾਂ ਢੰਗ ਹਨ, ਉਸੇ ਤਰ੍ਹਾਂ ਵਿੱਦਿਆ ਪ੍ਰਾਪਤ ਕਰਨ ਨੂੰ ਵੀ ਬਹੁਤ ਮੌਕੇ ਹਨ। ਵਿਦਿਆਲਿਆਂ ਤੋਂ ਛੁੱਟ ਜੋ ਆਦਮੀ ਇੱਥੋਂ ਦੀਆਂ ਦੁਕਾਨਾਂ ਦੇ ਵਿਖਾਵੇ ਤੇ ਹੋਰ ਨੁਮਾਇਸ਼ਾਂ ਵੇਖਦਾ ਰਹੇ, ਉਸਨੂੰ ਆਪ ਹੀ ਵਿੱਦਿਆ ਪ੍ਰਾਪਤ ਹੋ ਜਾਂਦੀ ਹੈ।...

**ਆਚਰਨਿਕ ਵਡਿਆਈਆਂ—**

ਅੰਗਰੇਜ਼ਾਂ ਦਾ ਇੱਕ ਵੱਡਾ ਉਪਮਾਯੋਗ ਚਿੰਨ੍ਹ ਇਹ ਹੈ ਕਿ ਇਹ ਲੋਕ ਖੇਡਾਂ-ਤਮਾਸ਼ਿਆਂ ਦੇ ਬੜੇ ਸ਼ੁਕੀਨ ਹਨ। ਜਿੱਥੇ ਫ਼ੁਟਬਾਲ ਦਾ ਮੈਚ ਜਾਂ ਘੋੜ-ਦੌੜ ਹੋਵੇ ਜਾਂ ਘਸੁੰਨਬਾਜ਼ੀ ਦਾ ਦੰਗਲ ਹੋਵੇ, ਉੱਥੇ ਗ਼ਰੀਬ ਤੋਂ ਗ਼ਰੀਬ ਲੋਕ ਵੀ ਪੁੱਜਣ ਦਾ ਜਤਨ ਕਰਦੇ ਹਨ। ਜਿਸ ਦਾ ਸਿੱਟਾ ਇਹ ਹੈ ਕਿ ਇਹਨਾਂ ਵਿੱਚ ਖੇਡਣ-ਕੁੱਦਣ, ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਣ ਦਾ ਰਿਵਾਜ ਬਹੁਤ ਹੈ। ਫ਼ੁਟਬਾਲ ਦੀ ਰੁੱਤੇ ਅੰਤਲੇ ਮੈਚਾਂ ਵਿੱਚ ਟਿਕਟ ਮਿਲਣੇ ਬੜੇ ਔਖੇ ਹੁੰਦੇ ਹਨ ਤੇ ਕਈ ਵਾਰ ਇਹ ਹੁੰਦਾ ਹੈ ਕਿ ਮੈਚ ਤਾਂ ਕੱਲ੍ਹ ਸ਼ਾਮ ਨੂੰ ਹੈ ਪਰ ਟਿਕਟਾਂ ਵਾਲ਼ੇ ਅੱਜ ਰਾਤ ਨੂੰ ਹੀ ਫਾਟਕ ਮੂਹਰੇ ਜੁੜਨੇ ਅਰੰਭ ਹੋ ਗਏ ਹਨ ਤਾਂਕਿ ਕੱਲ੍ਹ ਉਹ ਵਾਰੀ ਅਨੁਸਾਰ ਪਹਿਲਾਂ ਜਾ ਕੇ ਚੰਗੀ ਥਾਂ ਮੱਲ ਲੈਣ। ਇਸ ਗੱਲ ਨੂੰ ਕਈ ਸੱਜਣ ਗੱਪ ਸਮਝਣਗੇ, ਪਰ ਇਹ ਬਿਲਕੁਲ ਸੱਚੀ ਗੱਲ ਹੈ।......

ਇਹਨਾਂ ਦੇ ਸਕੂਲਾਂ-ਕਾਲਜਾਂ ਵਿੱਚ ਘੱਟੋ-ਘੱਟ ਖੇਡ ਹਰ ਰੋਜ਼ ਖੇਡਣਾ ਪੜ੍ਹਾਈ ਦੇ ਤੁਲ ਜ਼ਰੂਰੀ ਹੈ, ਜਿਸ ਕਰਕੇ ਇਹਨਾਂ ਦੀ ਔਲਾਦ ਵਿੱਚ ਮੁੱਢ ਤੋਂ ਹੀ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਣ, ਰਲ਼ ਕੇ ਕੰਮ ਕਰਨ, ਜੁੰਡੀ ਦੀ ਵਡਿਆਈ ਲਈ ਆਪਣੀ ਵਡਿਆਈ ਨੂੰ ਖਪਾ ਦੇਣ, ਜਿੱਤਣ ਲਈ ਹਰ ਯੋਗ ਸਾਧਨ ਪੂਰੇ ਜ਼ੋਰ ਨਾਲ਼ ਦੂਜਿਆਂ ਨਾਲ਼ ਰਲ਼ ਕੇ ਕਰਨਾ, ਪਰ ਹਾਰ ਨੂੰ ਖਿੜੇ ਮੱਥੇ ਝੱਲਣਾ, ਇਹ ਸਭ ਗੁਣ ਆ ਜਾਂਦੇ ਹਨ। ਅੰਗਰੇਜ਼ੀ ਵਿੱਚ ਸਪੋਰਟ ਦੇ ਸ਼ਬਦ ਦਾ ਅਸਲੀ ਮੂਲ ਅਰਥ ਤਾਂ ਖੇਡ-ਕੁੱਦ ਹੈ, ਪਰ ਇਸ ਦਾ ਅਰਥ ਇਹ ਬਣ ਗਿਆ ਹੈ ਕਿ ਜੋ ਤੀਵੀਂ ਜਾਂ ਪੁਰਸ਼ ਖਰਾ ਨਾ ਹੋਵੇ ਜਾਂ ਰੋਂਡੀ ਹੋਵੇ, ਕਹਿ ਕੇ ਮੁੱਕਰ ਜਾਏ, ਵਚਨ ਨਾ ਨਿਭਾਏ, ਵੇਲ਼ੇ ਸਿਰ ਯਾਰਾਂ ਵਿੱਚੋਂ ਨਿੱਖੜ ਜਾਏ ਜਾਂ ਕੋਈ ਅਜਿਹੀ ਗੱਲ ਕਰੇ ਜਿਸ ਵਿੱਚ ਮਾੜੀ ਜਿਹੀ ਕਾਇਰਤਾ ਜਾਂ ਭੈ ਹੋਵੇ, ਉਸ ਨੂੰ ਕਹਿੰਦੇ ਹਨ ਕਿ ਇਹ ਬੰਦਾ ‘ਸਪੋਰਟ’ ਨਹੀਂ। ਕਿਸੇ ਅੰਗਰੇਜ਼ ਨੂੰ ਇਹ ਕਹਿ ਦਿਓ ਕਿ ਤੂੰ ਸਪੋਰਟ ਨਹੀਂ, ਉਹ ਝੱਟ ਸੋਚੀਂ ਪੈ ਜਾਵੇਗਾ ਪਰ ਜੇ ਆਖੋ ਕਿ ਤੂੰ ਈਸਾਈ ਨਹੀਂ ਤਾਂ ਏਨੀ ਪਰਵਾਹ ਨਹੀਂ ਕਰਦਾ।

ਦੋ ਗੱਲਾਂ ਅਜਿਹੀਆਂ ਹਨ ਜੋ ਉੱਪਰੋਂ ਭਾਵੇਂ ਇੱਥੇ ਮਾਮੂਲੀ ਲੱਗਦੀਆਂ ਹਨ, ਪਰ ਜਿਨ੍ਹਾਂ ਦੀ ਜੜ੍ਹ ਅੰਗਰੇਜ਼ਾਂ ਦੇ ਆਚਾਰ ਵਿੱਚ ਡੂੰਘੀ ਧੱਸੀ ਹੋਈ ਹੈ ਅਤੇ ਜਿਸ ਤੋਂ ਇਹਨਾਂ ਦੀ ਸ੍ਵੈਸਾਧਨ ਬਿਰਤੀ ਦਾ ਪਤਾ ਲੱਗਦਾ ਹੈ। ਸ਼ਾਮ ਨੂੰ ਲੰਦਨ ਵਿੱਚ ਤਮਾਸ਼ੇ-ਘਰਾਂ ਦੇ ਮੂਹਰੇ



Downloaded from https:// www.studiestoday.com

Downloaded from https:// www.studiestoday.com

ਆਮ ਕਰਕੇ ਭੀੜ ਨਹੀਂ ਹੁੰਦੀ ਬਲਕਿ ਭੀੜ ਦੀ ਥਾਂ ਇੱਕ-ਇੱਕ ਜਾਂ ਦੋ-ਦੋ ਦੀ ਪਾਲ਼ ਬੱਝੀ ਖਲੋਤੀ ਹੁੰਦੀ ਹੈ। ਜਿਸ ਨੂੰ ਕਿਯੂ (ਅਰਥਾਤ ਪੂਛ) ਆਖਦੇ ਹਨ। ਕੋਈ ਪੁਲਿਸ ਵਾਲ਼ਾ ਨਹੀਂ ਹੁੰਦਾ। ਨਾ ਕੋਈ ਉਹਨਾਂ ਨੂੰ ਆਖਣ ਵਾਲ਼ਾ ਹੁੰਦਾ ਹੈ। ਜਿਹੜਾ ਆਉਂਦਾ ਹੈ, ਇਸ ਲੰਮੀ ਪੂਛ ਦੇ ਪਿੱਛੇ ਜਾ ਕੇ ਜੁੜ ਜਾਂਦਾ ਹੈ। ਕੀ ਮਜਾਲ ਕਿ ਆਪ ਪਹਿਲੇ ਟਿਕਟ ਲੈਣ ਦਾ ਜਤਨ ਕਰੇ, ਧੱਕੇ ਦੇਵੇ ਜਾਂ ਕਿਸੇ ਨੂੰ ਵੱਢੀ ਦੇ ਕੇ ਪਹਿਲਾਂ ਟਿਕਟ ਲੈਣ ਦੀ ਕਰੇ ਜਾਂ ਮੂਹਰੇ ਆ ਖਲੋਵੇ। ਰੇਲ ਦੇ ਸਟੇਸ਼ਨਾਂ ਉੱਤੇ ਜਲਸਿਆਂ ਦੀਆਂ ਥਾਂਵਾਂ ਵਿੱਚ ਵੜਨ ਲੱਗਿਆਂ, ਦੁਕਾਨਾਂ ਵਿੱਚ ਸੌਦਾ ਖ਼ਰੀਦਣ ਲੱਗਿਆਂ ਇਹ ਵੱਡਾ ਅਸੂਲ ਪਾਇਆ ਜਾਂਦਾ ਹੈ ਕਿ ਆਪਣੀ ਵਾਰੀ ਸਿਰ ਆਓ। ਇਹਨਾਂ ਦੀ ਆਦਤ ਅਜਿਹੀ ਪੱਕੀ ਹੈ ਕਿ ਸੜਕ ਦੇ ਕਿਨਾਰੇ ਬੱਸ ਉੱਤੇ ਚੜ੍ਹਨ ਲੱਗਿਆਂ ਜੇ ਪੰਜ ਆਦਮੀ ਹੋਣ, ਉਹਨਾਂ ਦਾ ਨਿੱਕਾ ਜਿਹਾ ਕਿਯੂ ਬਣ ਜਾਊ ਤੇ ਵਾਰੀ-ਵਾਰੀ ਨਾਲ਼ ਚੜ੍ਹ ਜਾਣਗੇ....

ਦੂਜੀ ਗੱਲ ਵੇਖਣ ਵਾਲ਼ੀ ਇਹ ਹੈ ਕਿ ਇਹਨਾਂ ਦੇ ਆਪੋ ਵਿੱਚ ਦੇ ਹਰ ਰੋਜ਼ ਦੇ ਮੇਲ਼-ਗੇਲ਼ ਵਿੱਚ ਮਲੀਨ ਭਾਖਾ ਬੜੀ ਘੱਟ ਹੁੰਦੀ ਹੈ। ਸਾਡੇ ਸ਼ਹਿਰਾਂ ਵਿੱਚ ਦੁਕਾਨਾਂ ਵਾਲ਼ੇ ਭਲੇਮਾਣਸ ਆਪਣੇ-ਆਪਣੇ ਥਾਂਈਂ ਬੈਠੇ, ਜਾਂ ਤੁਰੇ ਜਾਂਦੇ ਰਾਹੀ ਜਾਂ ਹੋਟਲਾਂ ਆਦਿ ਵਿੱਚ ਬੈਠੇ ਆਦਮੀ ਬਹੁਤ ਵਾਰ ਅਜਿਹੇ ਸ਼ਬਦ ਵਰਤਦੇ ਹਨ ਜੋ ਉਹ ਆਪ ਆਪਣੇ ਘਰ ਦੀਆਂ ਇਸਤਰੀਆਂ ਕੋਲ਼ ਕਦੇ ਉਚਾਰਨ ਦਾ ਨਾਂ ਨਾ ਲੈਣ। ਗਾਲ਼ਾਂ ਨਾਲ਼ ਫਿਕਰਿਆਂ ਨੂੰ ਜੜਾਊ ਕਰਨਾ, ਰਾਹ ਜਾਂਦਿਆਂ ਨੂੰ ਟਿਚਕਰਾਂ ਕਰਨੀਆਂ ਤੇ ਜੇ ਕੋਈ ਇਸਤਰੀ ਲੰਘੇ ਤਾਂ ਖੰਘੂਰਨ ਲੱਗ ਪੈਣਾ, ਇਤਿਆਦਿਕ ਗੱਲਾਂ ਇਹਨਾਂ ਵਿੱਚ ਕੇਵਲ ਨਾਮ-ਮਾਤਰ ਹਨ। ਸਾਡੇ ਗੱਭਰੂ ਜਦ ਇਕੱਠੇ ਹੋ ਜਾਂਦੇ ਹਨ ਤਾਂ ਆਪਣੀ ਜ਼ਬਾਨ ਤੇ ਉਚਾਰਨ-ਸ਼ਕਤੀ ਨੂੰ ਪੂਰੀ ਖੁੱਲ੍ਹ ਦੇ ਦੇਂਦੇ ਹਨ। ਮੇਰਾ ਖ਼ਿਆਲ ਹੈ ਕਿ ਇਹੋ ਹਾਲ ਸਾਡੀਆਂ ਮੁਟਿਆਰਾਂ ਦਾ ਵੀ ਹੁੰਦਾ ਹੋਣਾ ਹੈ। ਇਹਨਾਂ ਦਾ ਜ਼ਬਾਨ ਵਰਜ ਕੇ ਰੱਖਣ ਦਾ ਕਾਰਨ ਮੇਰੀ ਤੁੱਛ ਬੁੱਧੀ ਅਨੁਸਾਰ ਇਹ ਹੈ ਕਿ ਇਹ ਲੋਕ ਹਮੇਸ਼ਾਂ ਇਸਤਰੀਆਂ ਵਿੱਚ ਰਲ਼-ਮਿਲਕੇ ਰਹਿੰਦੇ ਹਨ। ਕੋਈ ਅਜਿਹਾ ਥਾਂ ਨਹੀਂ ਜਿੱਥੇ ਕੇਵਲ ਆਦਮੀ ਜਾਂ ਕੇਵਲ ਇਸਤਰੀਆਂ ਇਕੱਲੇ ਗੱਲ-ਬਾਤ ਕਰਨ। ਆਦਮੀਆਂ ਨੂੰ ਇਸਤਰੀਆਂ ਦੀ ਤੇ ਇਸਤਰੀਆਂ ਨੂੰ ਆਦਮੀਆਂ ਦੀ ਸ਼ਰਮ ਰਹਿੰਦੀ ਹੈ ਤੇ ਇੱਕ-ਦੂਜੇ ਦੀ ਹਉਮੈਂ ਸਦਾ ਉਹਨੂੰ ਚੰਗੇ ਬਣੇ ਰਹਿਣ ਦਾ ਵਧੀਆ ਕਰਮ ਕਰ ਕੇ ਵਿਖਾਉਣ ਦਾ ਜਤਨ ਕਰਦੀ ਰਹਿੰਦੀ ਹੈ। ਤੀਵੀਂ ਦੇ ਸਾਹਮਣੇ ਆਦਮੀ ਦੀ ਹਉਮੈਂ ਆਗਿਆ ਨਹੀਂ ਦੇਂਦੀ ਕਿ ਉਹ ਕਾਇਰਤਾ ਜਾਂ ਕੋਝਪਣ ਜਾਂ ਮੂਰਖਤਾ ਵਿਖਾਵੇ।......

ਜੋ ਲੋਕ ਬਹੁਤ ਕਰਕੇ ਇਸਤਰੀ ਦੀਆਂ ਨਜ਼ਰਾਂ ਤੋਂ ਓਹਲੇ ਰਹਿੰਦੇ ਹਨ, ਉਹਨਾਂ ਵਿੱਚੋਂ ਇਹ ਸ਼ਕਤੀ ਹੌਲ਼ੀ-ਹੌਲ਼ੀ ਮਿਟ ਜਾਂਦੀ ਹੈ ਤੇ ਉਹ ਸਦਾ ਹੀ ਇਸ ਤਰ੍ਹਾਂ ਬੋਲਦੇ-ਚਾਲਦੇ ਹਨ ਜਿਵੇਂ ਕਿ ਉਹਨਾਂ ਭਾਣੇ ਆਪਣੇ ਘਰਾਂ ਦੀਆਂ ਇਸਤਰੀਆਂ ਤੋਂ ਛੁੱਟ ਹੋਰ ਕੋਈ ਇਸਤਰੀ ਸਤਿਕਾਰ ਯੋਗ ਨਹੀਂ। ਲੰਦਨ ਦੇ ਬਜ਼ਾਰਾਂ ਵਿੱਚ ਲੱਖਾਂ ਇਸਤਰੀਆਂ ਬਿਨਾਂ ਕਿਸੇ ਕਿਸਮ ਦੇ ਭੈ ਤੋਂ ਫਿਰਦੀਆਂ ਹਨ ਤੇ ਉਹਨਾਂ ਨੂੰ ਇਹ ਵੀ ਪਤਾ ਹੈ ਕਿ ਦੁਨੀਆਂ ਵਿੱਚ ਹਰ ਪ੍ਰਕਾਰ ਦੇ ਆਦਮੀ ਹਨ ਪਰ ਉਹਨਾਂ ਆਦਮੀਆਂ ਨੇ ਆਪਣੀ ਜ਼ੁਬਾਨ ਨੂੰ, ਨਜ਼ਰਾਂ ਨੂੰ ਤੇ ਦਿਲ ਨੂੰ ਅਜਿਹੀ ਹੱਦ ਤੱਕ ਜਕੜਿਆ ਹੋਇਆ ਹੈ ਕਿ ਭੈੜੀ ਤੋਂ ਭੈੜੀ ਇਸਤਰੀ ਨੂੰ ਉਹਨਾਂ ਤੋਂ ਕੁਝ ਸ਼ਿਕਾਇਤ ਨਹੀਂ ਹੋ ਸਕਦੀ। ਇਹ ਅਜ਼ਾਦੀ ਦਾ ਜ਼ਰੂਰੀ ਅੰਗ ਹੈ ਕਿ ਇਸਤਰੀਆਂ ਨੂੰ ਲੋਕਾਂ ਦੀ ਬੋਲ-ਚਾਲ ਤੋਂ ਕਿਸੇ ਕਿਸਮ ਦਾ ਭੈ ਨਹੀਂ। ਉਹਨਾਂ ਦੇ ਰਲਣ-ਮਿਲਣ ਨੇ ਇੱਕ ਅਜਿਹਾ ਸੁਭਾਅ ਆਮ ਲੋਕਾਂ ਵਿੱਚ ਪੈਦਾ ਕਰ ਦਿੱਤਾ ਹੈ ਕਿ ਉਹਨਾਂ ਨੂੰ ਗਾਲ਼ਾਂ, ਮੰਦੀਆਂ ਗੱਲਾਂ, ਭੈੜੇ ਬੋਲਾਂ ਆਦਿ ਦੀ ਵਰਤੋਂ ਭੁੱਲ ਹੀ ਗਈ ਹੈ।.....

**ਮਾਪਿਆਂ ਦਾ ਧੀਆਂ ਪ੍ਰਤਿ ਦ੍ਰਿਸ਼ਟੀਕੋਣ—**

ਲੰਦਨ ਵਿੱਚ ਕੁੜੀ ਬਣ ਕੇ ਜਨਮ ਧਾਰਨਾ ਖ਼ਾਸੀ ਖ਼ੁਸ਼ਕਿਸਮਤੀ ਹੈ। ਘਰ ਵਿੱਚ ਬੇਟੀ ਜਨਮੀ ਤੋਂ ਸੋਗ ਨਹੀਂ ਹੁੰਦਾ, ਮੁੰਡਿਆਂ ਵਰਗੀ ਹੀ ਖ਼ੁਸ਼ੀ ਹੁੰਦੀ ਹੈ ਤੇ ਉਹਨਾਂ ਦੀ ਪਾਲਣਾ ਵੀ ਮੁੰਡਿਆਂ ਤੋਂ ਕਿਸੇ ਤਰ੍ਹਾਂ ਘੱਟ ਨਹੀਂ ਹੁੰਦੀ। ਅੰਗਰੇਜ਼ ਮਾਪਿਆਂ ਲਈ ਬੱਚਾ, ਇਨਸਾਨ ਦਾ ਬੱਚਾ ਹੈ, ਭਾਵੇਂ ਮੁੰਡਾ ਹੋਵੇ ਜਾਂ ਕੁੜੀ। ਘਰ ਵਿੱਚ ਪੁੱਤਰ ਹੋਣ ਦੀ ਖ਼ਾਹਸ਼ ਮਾਂਵਾਂ ਤੇ ਪਿਓਆਂ ਦੇ ਦਿਲ ਵਿੱਚ ਕੁਦਰਤੋਂ ਹੀ ਚੱਲੀ ਆਈ ਹੈ ਪਰ ਜਿਸ ਮੁਲਕ ਵਿੱਚ ਧੀਆਂ ਦਾ ਹੋਣਾ ਬੁਰਾ ਨਹੀਂ ਸਮਝਿਆ ਜਾਂਦਾ, ਉੱਥੇ ਕਿਸੇ ਹੱਦ ਤਾਈਂ ਪਰਮੇਸ਼ਰ ਦੇ ਜੀਵਾਂ ਨਾਲ਼ ਧਰਮ ਹੁੰਦਾ ਸਮਝਣਾ ਚਾਹੀਦਾ ਹੈ। ਇੰਗਲੈਂਡ ਦੇ ਕਨੂੰਨ ਅਨੁਸਾਰ ਜਦ ਬੱਚਾ ਸਕੂਲ ਜਾਣ ਦੀ ਆਯੂ ਨੂੰ ਪਹੁੰਚ ਜਾਵੇ, ਉਸ ਦੇ ਮਾਪਿਆਂ ਨੂੰ ਹੁਕਮ ਹੈ ਕਿ ਉਹ ਬੱਚੇ ਨੂੰ ਨੇੜੇ ਦੇ ਸਰਕਾਰੀ ਸਕੂਲ ਵਿੱਚ ਪੁਚਾਣ, ਜੇ ਉਹ ਘੌਲ਼ ਕਰਨ ਤਾਂ ਸੰਮਣ ਜਾਂਦਾ ਹੈ ਤੇ ਅਦਾਲਤ ਤੋਂ ਜੁਰਮਾਨਾ ਹੁੰਦਾ ਹੈ। ਕੁੜੀਆਂ ਨੂੰ ਵਿੱਦਿਆ ਮੁੰਡਿਆਂ ਵਾਂਗ ਦਿੱਤੀ ਜਾਂਦੀ ਹੈ। ਗ਼ਰੀਬ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਂਦੇ ਹਨ ਤੇ ਗੁਜ਼ਾਰੇ ਵਾਲ਼ੇ, ਚੰਗੇ ਪ੍ਰਾਈਵੇਟ ਸਕੂਲਾਂ ਵਿੱਚ। ਆਮ ਅੰਗਰੇਜ਼ ਮਾਂ-ਬਾਪ ਬੱਚਿਆਂ ਦੀ ਵਿੱਦਿਆ ਉੱਤੇ ਏਨਾ ਖ਼ਰਚ ਕਰਦੇ ਹਨ, ਜਿੰਨਾ ਹਿੰਦੁਸਤਾਨ ਦੇ ਤਕੜੇ ਅਮੀਰ ਆਪਣੇ ਬੱਚਿਆਂ ਲਈ ਕਰਦੇ ਹਨ ਕਿਉਂਕਿ ਵਿੱਦਿਆ ਦਾ ਅਰਥ ਇੱਕੋ ਕੇਵਲ ਇਮਤਿਹਾਨ ਪਾਸ ਕਰਨ ਜਾਂ ਕਿਤਾਬਾਂ ਪੜ੍ਹਨਯੋਗ ਹੋਣਾ ਨਹੀਂ। ਮਾਮੂਲੀ ਘਰ ਦੀ ਕੁੜੀ ਜੋ ਸਕੂਲ ਜਾਂਦੀ ਹੈ ਉਸ ਲਈ ਪੜ੍ਹਾਈ ਦੀਆਂ ਕਿਤਾਬਾਂ ਤੋਂ ਛੁੱਟ ਸਿਊਂਣ-ਪਰੋਣ ਦਾ ਪੂਰਾ ਸਮਾਨ, ਖੇਡਣ ਦਾ ਸਮਾਨ, ਖੇਡਣ ਦੇ ਕੱਪੜੇ ਤੇ ਬੂਟ, ਜੇ ਸਕੂਲ ਦਾ ਡਾਕਟਰ ਹੁਕਮ ਦੇਵੇ ਤਾਂ ਐਨਕ ਲਾਉਣੀ, ਨੇੜੇ ਦੇ ਅਜਾਇਬ-ਘਰ, ਨੁਮਾਇਸ਼ ਜਾਂ ਨਵੀਂਆਂ ਵੇਖਣਯੋਗ ਗੱਲਾਂ ਵੇਖਣ ਜਾਣ ਦਾ ਖ਼ਰਚ ਕਰਨਾ। ਵੱਡੀਆਂ ਛੁੱਟੀਆਂ ਵਿੱਚ ਕਿਧਰੇ ਦੂਜੇ ਸ਼ਹਿਰ ਜਾਂ ਮੁਲਕ ਜਾਣਾ, ਜੇ ਰਾਗ ਸਿੱਖਦੀ ਹੋਵੇ ਤਾਂ ਉਸ ਲਈ ਆਪਣਾ ਪੂਰਾ ਸਮਾਨ ਮੁੱਲ ਲੈਣਾ, ਇਤਿਆਦਿਕ ਹੋਰ ਕਈ ਤਰ੍ਹਾਂ ਦੇ ਖ਼ਰਚ ਕਰਨੇ ਜ਼ਰੂਰੀ ਹਨ। ਯੂਰਪ ਦੇ ਬੱਚੇ ਦੀ ਪਾਲਣਾ ਤੇ ਵਿੱਦਿਆ ਦੇ ਤਰੀਕੇ



Downloaded from https:// www.studiestoday.com

Downloaded from https:// www.studiestoday.com

ਇੱਕ ਵੱਖ ਮਜ਼ਮੂਨ ਹੈ ਜਿਸ ਉੱਤੇ ਵਿਸਤਾਰ ਪੂਰਵਕ ਕਿਤਾਬ ਲਿਖੀ ਜਾ ਸਕਦੀ ਹੈ, ਪਰ ਇਸ਼ਾਰੇ ਮਾਤਰ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਯੂਰਪ ਦੇ ਲੋਕੀਂ ਬੱਚਿਆਂ ਨੂੰ ਮੁੱਢ ਤੋਂ ਹੀ ਟੱਬਰ ਦਾ ਪੂਰਾ ਅਧਿਕਾਰੀ ਜੀਵ ਸਮਝ ਕੇ ਉਸ ਨੂੰ ਇਸ ਤਰ੍ਹਾਂ ਪਾਲ਼ਦੇ ਤੇ ਪੋਸਦੇ ਹਨ, ਜਿਵੇਂ ਸਿਆਣਾ ਮਾਲੀ ਇੱਕ ਕੀਮਤੀ ਕਲਮ ਨੂੰ ਬਾਗ਼ ਵਿੱਚ ਲਾ ਕੇ ਰੱਖਿਆ ਵੀ ਕਰਦਾ ਹੈ ਤੇ ਉਸ ਨੂੰ ਵਧਣ, ਫੈਲਣ ਅਤੇ ਬਲ ਧਾਰਨ ਲਈ ਖੁੱਲ੍ਹੀ ਥਾਂ, ਚੰਗੀ ਖ਼ੁਰਾਕ ਅਤੇ ਸ੍ਵਾਧੀਨ ਹੋਣ ਲਈ ਵਿੱਦਿਆ ਰੂਪੀ ਜੜ੍ਹਾਂ, ਗੁਣਾਂ ਦੀ ਧਰਤੀ ਵਿੱਚ ਦੂਰ ਤੱਕ ਪੁਚਾਣ ਦੇ ਸਮਾਨ ਪਹੁੰਚਾਉਂਦਾ ਰਹਿੰਦਾ ਹੈ। ਬੱਚੇ-ਬੱਚੀਆਂ ਲਈ ਮਾਮੂਲੀ ਘਰਾਂ ਵਿੱਚ ਅੱਡ ਕਮਰੇ, ਆਪਣੇ-ਆਪਣੇ ਮੰਜੇ, ਪੀੜ੍ਹੀਆਂ, ਸਮਾਨ, ਖਿਡੌਣੇ, ਕੱਪੜਿਆਂ ਦੇ ਦਰਾਜ਼, ਬਾਈਸਿਕਲ, ਗੁੱਡੀਆਂ-ਪਟੋਲੇ ਆਦਿ ਹੁੰਦੇ ਹਨ। ਛੋਟੇ ਬੱਚੇ ਸਵੇਰੇ ਬਾਗ਼ਾਂ ਵਿੱਚ ਖੇਡਣ ਜਾਂਦੇ ਹਨ, ਵੱਡੇ ਸਕੂਲਾਂ ਨੂੰ ਅਤੇ ਸ਼ਾਮ ਨੂੰ ਜਿਹੜਾ ਵਕਤ ਨਿਯਤ ਹੋਏ ਉਸ ਸਮੇਂ ਰੋਟੀ ਖਾ ਚੁੱਕਦੇ ਹਨ। ਸਭ ਬੱਚੇ ਸੌਣ ਦੇ ਕੱਪੜੇ ਪਾ ਕੇ ਮੰਜਿਆਂ ਉੱਤੇ ਲਿਟਾ ਦਿੱਤੇ ਜਾਂਦੇ ਹਨ। ਭਾਵੇਂ ਗਰਮੀਆਂ ਵਿੱਚ ਰਾਤ ਦੇ ਦਸ ਵਜੇ ਤੱਕ ਸੂਰਜ-ਚਾਨਣਾ ਰਹਿੰਦਾ ਹੈ, ਪਰ ਸੱਤ ਵਜੇ ਤੋਂ ਪਿੱਛੋਂ ਕਦੇ ਕੋਈ ਬੱਚਾ ਬਾਹਰ ਫਿਰਦਾ ਨਜ਼ਰ ਨਹੀਂ ਆਉਂਦਾ। ਸਕੂਲਾਂ ਵਿੱਚ ਕੁੜੀਆਂ ਨੂੰ ਰੋਜ਼ ਖੇਡ-ਕੁੱਦ, ਮਸ਼ਕ, ਰਾਗ, ਨੱਚਣ, ਇੱਕ ਯੂਰਪੀ ਭਾਸ਼ਾ ਹੋਰ ਅਤੇ ਦਸਤਕਾਰੀ ਦੀ ਸਿੱਖਿਆ ਦਿੱਤੀ ਜਾਂਦੀ ਹੈ। ਅਜਾਇਬ-ਘਰ, ਸਿਨਮਾ ਆਦਿਕ ਜੋ ਸਕੂਲਾਂ ਲਈ ਕਈ ਥਾਂਈਂ ਮੁਫ਼ਤ ਹੁੰਦੇ ਹਨ, ਨਿਤਾਪ੍ਰਤੀ ਵਿਖਾਏ ਜਾਂਦੇ ਹਨ। ਅੱਜ ਤੱਕ ਸਕੂਲਾਂ ਵਿੱਚ ਕੁੜੀਆਂ ਤੇ ਮੁੰਡੇ ਵੱਖ-ਵੱਖ ਪੜ੍ਹਿਆ ਕਰਦੇ ਸਨ। ਹੁਣ ਨਵੀਂ ਕਿਸਮ ਦੇ ਸਕੂਲਾਂ ਦਾ ਚਾਲਾ ਪੈ ਰਿਹਾ ਹੈ ਜਿਨ੍ਹਾਂ ਵਿੱਚ ਕੁੜੀਆਂ-ਮੁੰਡੇ ਇਕੱਠੇ ਪੜ੍ਹਦੇ ਹਨ, ਬੋਰਡਿੰਗਾਂ ਵਿੱਚ ਸੌਂਦੇ ਅੱਡ-ਅੱਡ ਥਾਂਈਂ ਹਨ।

**ਇਸ ਪਾਠ ਵਿੱਚ ਆਏ ਨਾਂ, ਥਾਂ ਅਤੇ ਵਿਸ਼ੇਸ਼ ਸ਼ਬਦ—**

**(ੳ) ਨਾਂ, ਥਾਂ—**ਲੰਦਨ (ਇਸਨੂੰ ਲੰਡਨ ਵੀ ਲਿਖਿਆ ਜਾਂਦਾ ਹੈ, ਇੰਗਲੈਂਡ ਦਾ ਮਹਾਂਨਗਰ ਅਤੇ ਰਾਜਧਾਨੀ) ; ਲਾਹੌਰ, ਅੰਮ੍ਰਿਤਸਰ।

**(ਅ) ਵਿਸ਼ੇਸ਼ ਸ਼ਬਦ—**ਡੀਂਗ (ਫੜ੍ਹ), ਗਮਨ (ਯਾਤਰਾ), ਅਸਥਾਨ (ਥਾਂ), ਗਾਹ ਲੈਣਾ (ਘੁੰਮ ਲੈਣਾ), ਸ਼ੈਦ (ਸ਼ਾਇਦ), ਤਰੋ-ਤਰੀ ਮਾਇਆ (ਭਾਵ-ਖੁੱਲ੍ਹੇ ਪੈਸੇ), ਤਵਾਰੀਖ਼ (ਇਤਿਹਾਸ), ਸੁ (ਇਸ ਲਈ), ਸ਼ੇਖ਼ਚਿਲੀ (ਜੋ ਵਿਅਕਤੀ ਹਵਾਈ ਕਿਲ੍ਹੇ ਬਣਾਏ), ਸੰਮਣ (ਬੁਲਾਵਾ), ਮਤੇ (ਸ਼ਾਇਦ), ਦਿਲਬਰੀਆਂ (ਦਿਲਬਰ ਤੋਂ ਭਾਵ ਦਿਲ ਨੂੰ ਉਡਾ ਲੈ ਜਾਣ ਵਾਲ਼ਾ, ਦਿਲ ਨੂੰ ਛੂਹ ਜਾਣ ਵਾਲ਼ੀਆਂ) ਲਾਰਾਂ ਵਹੀਰ (ਕਤਾਰ), ਮੋਹਰਾ (ਸ਼ਤਰੰਜ ਦੀ ਗੋਟੀ), ਆਵਾ-ਗੌਣ (ਆਉਣ-ਜਾਣ, ਧਾਰਮਿਕ ਖੇਤਰ ਵਿੱਚ ਇਸ ਸ਼ਬਦ ਤੋਂ ਭਾਵ ਹੈ ਜੰਮਣ ਤੇ ਮਰਨ), ਯਮ-ਨਿਯਮ (ਸ਼ੁੱਭ ਗੁਣਾਂ ਦੇ ਨਿਯਮ), ਪੌਂਡ, ਸ਼ਲਿੰਗ, ਪੈਨੀ (ਇੰਗਲੈਂਡ ਦੀ ਮੁਦਰਾ ਦੀਆਂ ਇਕਾਈਆਂ), ਉਪਾਸਨਾ (ਪੂਜਾ), ਅਵਸਰ (ਮੌਕਾ), ਵਰਜਣਾ (ਰੋਕਣਾ), ਮਸ਼ਕ (ਅਭਿਆਸ), ਮਰਗ (ਮੌਤ)।

# ਪਾਠ-ਅਭਿਆਸ

*1. ਵਸਤੂਨਿਸ਼ਠ ਪ੍ਰਸ਼ਨ—*

(ੳ) ਲੇਖਕ ਅਨੁਸਾਰ ਇੱਕ-ਦੋ ਜਨਮਾਂ ਵਿੱਚ ਕਿਸ ਦਾ ਅੰਤ ਪਾਉਣਾ ਅਸੰਭਵ ਹੈ ?

(ਅ) ਲੇਖਕ ਲੰਦਨ ਨੂੰ ਕਿਹੋ-ਜਿਹਾ ਲਿਫ਼ਾਫ਼ਾ ਆਖਦਾ ਹੈ ?

(ੲ) ਲੇਖਕ ਨੂੰ ਕਿਹੜਾ ਫਲ਼ ਲੰਦਨ ਵਿੱਚ ਪੰਜਾਬ ਨਾਲ਼ੋਂ ਸਸਤਾ ਲੱਗਿਆ ?

(ਸ) ਲੇਖਕ ਨੇ ਦੋ ਗਲਾਸ ਦੁੱਧ ਦੇ ਅਤੇ ਉਸਦੇ ਸਾਥੀ ਨੇ ਦੋ ਕੱਪ ਚਾਹ ਦੇ ਕਿੰਨੇ ਪੈਸੇ ਅਦਾ ਕੀਤੇ ?

(ਹ) ਲੇਖਕ ਲੰਦਨ ਦੇ ਫੁੱਲਾਂ ਬਾਰੇ ਚਰਚਾ ਕਰਦਿਆਂ ਕਿਸ ਗੱਲ 'ਤੇ ਅਫ਼ਸੋਸ ਪ੍ਰਗਟ ਕਰਦਾ ਹੈ ?

(ਕ) ਲੇਖਕ ਅੰਗਰੇਜ਼ਾਂ ਦੇ ਕਿਹੜੇ ਗੁਣ ਨੂੰ "ਉਪਮਾ ਯੋਗ ਚਿੰਨ" ਕਿਹਾ ਹੈ ?

(ਖ) ਜਿਹੜੇ ਮਾਪੇ ਆਪਣੇ ਬੱਚਿਆਂ ਨੂੰ ਸਕੂਲ ਨਹੀਂ ਭੇਜਦੇ ਉਹਨਾਂ ਨੂੰ ਕੀ ਸਜ਼ਾ ਮਿਲ਼ਦੀ ਹੈ ?

*2. ਦੱਸੋ—*

(ੳ) ਜੋ ਮੌਜਾਂ, ਬੁੱਲੇ ਲੰਦਨ ਵਿੱਚ ਹਨ, ਉਹ ਨਾ ਛੱਜੂ ਦੇ ਚੁਬਾਰੇ ਨਾ ਲਾਹੌਰ ਸ਼ਹਿਰ ਵਿੱਚ ਹਨ।" ਇਸ ਕਥਨ ਨਾਲ਼ ਲੇਖਕ ਕਿਹੜੀ ਗੱਲ 'ਤੇ ਬਲ ਦੇਣਾ ਚਾਹੁੰਦਾ ਹੈ ?

(ਅ) 'ਲੰਦਨ ਕੀ ਹੈ ? ' ਸਿਰਲੇਖ ਹੇਠ ਲੇਖਕ ਨੇ ਲੰਦਨ ਬਾਰੇ ਕਿਹੜੇ ਪ੍ਰਭਾਵ ਪ੍ਰਗਟ ਕੀਤੇ ਹਨ ?

(ੲ) 'ਮੌਜੀ ਲੰਦਨ ਦੇ ਕੰਮ ਨੂੰ ਮੀਂਹ, ਬੱਦਲ਼, ਧੁੰਦ ਤੇ ਠੰਢ, ਬਰਫ਼ ਆਦਿਕ ਕੁਝ ਨਹੀਂ ਕਰ ਸਕਦੇ', ਲੇਖਕ ਦੇ ਇਸ



Downloaded from https:// www.studiestoday.com

Downloaded from https:// www.studiestoday.com

ਕਥਨ ਤੋਂ ਕੀ ਭਾਵ ਹੈ ?

(ਸ) ਲੰਦਨ ਦੇ ਲੋਕਾਂ ਦਾ ਵਿਹਾਰ ਕਿਹੋ-ਜਿਹਾ ਹੈ ?

(ਹ) ਲੇਖਕ ਨੇ ਲੰਦਨ ਅਤੇ ਭਾਰਤ ਦੇ ਅੰਮ੍ਰਿਤ ਵੇਲ਼ੇ ਦਾ ਟਾਕਰਾ ਕਿਵੇਂ ਕੀਤਾ ਹੈ ?

(ਕ) ਲੇਖਕ ਨੇ ਲੰਦਨਵਾਸੀਆਂ ਦੇ ਆਚਰਨ ਬਾਰੇ ਕੀ ਦੱਸਿਆ ਹੈ ?

(ਖ) ਲੰਦਨ ਦੇ ਲੋਕ ਮਲੀਨ ਭਾਖਾ ਤੋਂ ਸੰਕੋਚ ਕਿਉਂ ਕਰਦੇ ਹਨ ?

(ਗ) ਲੰਦਨ ਦੇ ਲੋਕਾਂ ਦਾ ਪੁੱਤਾਂ ਅਤੇ ਧੀਆਂ ਪਾਲਣ-ਪੋਸਣ ਵੱਲ ਕੀ ਰਵੱਈਆ ਹੈ ?

*3. ਸਾਰ*

ਇਸ 'ਪਾਠ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।



Downloaded from https:// www.studiestoday.com

Downloaded from https:// www.studiestoday.com

*ਸਫ਼ਰਨਾਮਾ—ਲੇਖਕ*

# ਡਾ. ਹਰਦਿੱਤ ਸਿੰਘ ਢਿੱਲੋਂ

*(1902-1981)*

| | | |
|---|---|---|
| ਮਾਤਾ ਜੀ | : | ਸ੍ਰੀਮਤੀ ਦਇਆ ਕੌਰ |
| ਪਿਤਾ ਜੀ | : | ਸ. ਰਾਮ ਸਿੰਘ |
| ਜਨਮ-ਮਿਤੀ | : | 15 ਜੁਲਾਈ, 1902 |
| ਜਨਮ-ਸਥਾਨ | : | ਕਿਸ਼ਨਪੁਰਾ, ਜ਼ਿਲ੍ਹਾ, ਫ਼ਿਰੋਜ਼ਪੁਰ। |
| ਵਿੱਦਿਆ | : | ਐੱਮ.ਏ., ਪੀ-ਐਚ. ਡੀ. (ਅਰਥ-ਸ਼ਾਸਤਰ), ਕੈਲੇਫ਼ੋਰਨੀਆ ਤੋਂ। |
| ਕਿੱਤਾ | : | ਅਧਿਆਪਨ, ਸਿੱਖਿਆ-ਪ੍ਰਸ਼ਾਸਨ। ਡਾ. ਢਿੱਲੋਂ ਨੇ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿੱਚ ਲੈਕਚਰਾਰ ਤੋਂ ਕਿੱਤਾ ਅਰੰਭ ਕੀਤਾ। ਉਪਰੰਤ ਫ਼ਰੀਦਕੋਟ, ਕਪੂਰਥਲ਼ਾ, ਪਟਿਆਲ਼ਾ ਤੇ ਬਠਿੰਡਾ ਦੇ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲ ਰਹੇ। |
| ਦਿਹਾਂਤ | : | 1981 |
| **ਮੁੱਖ ਰਚਨਾਵਾਂ** | : | ਡਾ. ਹਰਦਿੱਤ ਸਿੰਘ ਢਿੱਲੋਂ ਨੇ ਅੰਗਰੇਜ਼ੀ ਅਤੇ ਪੰਜਾਬੀ ਦੋਂਹਾਂ ਭਾਸ਼ਾਵਾਂ ਵਿੱਚ ਲਿਖਿਆ। ਪੰਜਾਬੀ ਵਿੱਚ ਉਹਨਾਂ ਦੀਆਂ ਮੁੱਖ ਰਚਨਾਵਾਂ ਇਸ ਪ੍ਰਕਾਰ ਹਨ—ਗ਼ਰੀਬ ਹਿੰਦੁਸਤਾਨ, ਪੂਰਬ ਤੇ ਪੱਛਮ, ਸਾਡਾ ਦੇਸ਼, ਅਮਰੀਕਾ ਦਾ ਚੱਕਰ (ਸਫ਼ਰਨਾਮਾ)।<br>ਡਾ. ਢਿੱਲੋਂ 1930-32 ਵਿੱਚ ਆਪਣੀ ਪੜ੍ਹਾਈ ਦੇ ਸੰਬੰਧ ਵਿੱਚ ਅਮਰੀਕਾ ਗਏ। ਇਸ ਪਾਠ-ਪੁਸਤਕ ਲਈ ਪਾਠ ਲੇਖਕ ਦੇ ਸਫ਼ਰਨਾਮੇ 'ਅਮਰੀਕਾ ਦਾ ਚੱਕਰ' (1954) ਵਿੱਚੋਂ ਲਿਆ ਗਿਆ ਹੈ। ਇਸ ਪਾਠ ਵਿੱਚ ਅਮਰੀਕਨ ਸੱਭਿਅਤਾ ਦੇ ਵਿਸ਼ੇਸ਼ ਲੱਛਣ ਉਘਾੜੇ ਗਏ ਹਨ। ਇਸ ਤੋਂ ਇਲਾਵਾ, ਇਸ ਸੱਭਿਅਤਾ ਦੇ ਵਿਕਾਸ ਲਈ ਪ੍ਰੇਰਕ ਤੱਤਾਂ ਵੱਲ ਵੀ ਸੰਕੇਤ ਕੀਤਾ ਗਿਆ ਹੈ। |

## ਅਮਰੀਕਨ ਸੱਭਿਅਤਾ

ਅਮਰੀਕਨ ਸੱਭਿਅਤਾ ਪੱਛਮੀ ਸੱਭਿਅਤਾ ਦਾ ਹੀ ਇੱਕ ਅੰਗ ਹੈ ਕਿਉਂਕਿ ਇਸ ਦੇਸ ਦੇ ਵਸਨੀਕਾਂ ਦੀ ਬਹੁਗਿਣਤੀ ਯੂਰਪੀਨ ਦੇਸਾਂ ਵਿੱਚੋਂ ਹੀ ਇੱਥੇ ਆ ਕੇ ਵੱਸੀ ਹੈ। ਅਮਰੀਕਨ ਲੋਕਾਂ ਦੀ ਰਹਿਣੀ-ਸਹਿਣੀ, ਇਹਨਾਂ ਦਾ ਖਾਣਾ ਅਤੇ ਪਹਿਰਾਵਾ, ਇਹਨਾਂ ਦੀਆਂ ਰਾਜਸੀ, ਆਰਥਿਕ ਅਤੇ ਧਾਰਮਿਕ ਸੰਸਥਾਵਾਂ, ਇਹਨਾਂ ਦਾ ਜੀਵਨ-ਸਿਧਾਂਤ ਅਤੇ ਇਹਨਾਂ ਦਾ ਸਾਹਿਤ, ਲਿਟਰੇਚਰ ਅਤੇ ਕਲਚਰ ਯੂਰਪੀਨ ਦੇਸਾਂ ਦੇ ਵਸਨੀਕਾਂ ਨਾਲ਼ ਬਹੁਤ ਮਿਲ਼ਦਾ-ਜੁਲ਼ਦਾ ਹੈ। ਪਰੰਤੂ ਅਮਰੀਕਨ ਲੋਕ ਜੀਵਨ ਦੇ ਹਰ ਇੱਕ ਪਹਿਲੂ ਵਿੱਚ ਯੂਰਪੀਨ ਲੋਕਾਂ ਦੇ ਮੁਕਾਬਲੇ ਬਹੁਤ ਅਗਾਂਹਵਧੂ ਹਨ। ਇਹਨਾਂ ਲੋਕਾਂ ਦਾ ਅਗਾਂਹਵਧੂ ਹੋਣਾ ਕੁਦਰਤੀ ਗੱਲ ਹੈ। ਕਿਉਂਕਿ ਮੇ ਫਲਾਵਰ (May Flower), ਉਹ ਸਭ ਤੋਂ ਪਹਿਲਾ ਜਹਾਜ਼ ਜਿਸਨੇ ਯੂਰਪੀਨਾਂ ਨੂੰ ਅਮਰੀਕਾ ਦੇ ਪੂਰਬੀ ਤੱਟ 'ਤੇ ਜਾ ਕੇ ਉਤਾਰਿਆ, ਤੋਂ ਲੈ ਕੇ ਅੱਜ ਤੱਕ ਜਿਤਨੇ ਜਹਾਜ਼ ਯੂਰਪੀਨ ਲੋਕਾਂ ਨੂੰ ਅਮਰੀਕਾ ਦਾ ਸਦੀਵੀ ਵਸਨੀਕ ਬਣਾਉਣ ਲਈ ਉੱਥੇ ਜਾ ਕੇ ਲੱਗੇ ਹਨ, ਉਹ ਯੂਰਪ ਵਿੱਚੋਂ ਖੁੱਲ੍ਹੇ ਖ਼ਿਆਲਾਂ ਵਾਲ਼ੇ ਅਗਾਂਹਵਧੂ ਲੋਕਾਂ ਨੂੰ ਹੀ ਉੱਥੇ ਲੈ ਕੇ ਗਏ ਹਨ। ਸਭ ਤੋਂ ਪਹਿਲਾਂ ਅਮਰੀਕਾ ਵਿੱਚ ਅਜਿਹੇ ਯੂਰਪੀਨ ਲੋਕ ਗਏ ਜਿਨ੍ਹਾਂ ਦੀ ਧਾਰਮਿਕ ਵਿਸ਼ਾਲ-ਖ਼ਿਆਲੀ ਦੇ ਕਾਰਨ ਉਹਨਾਂ ਦੀ ਆਪਣੇ ਦੇਸਾਂ ਵਿੱਚ ਰਹਾਇਸ਼ ਅਸੰਭਵ ਹੋ ਗਈ ਸੀ। ਇਸ ਤੋਂ ਬਾਅਦ ਅਜਿਹੇ ਲੋਕ ਉੱਥੇ ਪੁੱਜੇ, ਜਿਨ੍ਹਾਂ ਦੇ ਰਾਜਸੀ, ਸਮਾਜਿਕ ਅਤੇ ਆਰਥਿਕ ਖ਼ਿਆਲ ਉਸ ਸਮੇਂ ਦੇ ਪ੍ਰਚਲਿਤ ਯੂਰਪੀਨ ਖ਼ਿਆਲਾਂ ਨਾਲ਼ੋਂ ਬਹੁਤ ਵਿਸ਼ਾਲ ਸਨ। ਪਿਛਲੀ ਅਤੇ ਵਰਤਮਾਨ ਸਦੀ ਵਿੱਚ ਵੀ ਯੂਰਪ ਵਿੱਚੋਂ ਅਮਰੀਕਾ ਨੂੰ ਅਜਿਹੇ ਆਦਮੀ ਹੀ ਗਏ ਹਨ, ਜਿਨ੍ਹਾਂ ਦੇ ਦਿਲਾਂ ਵਿੱਚ ਆਪਣੀ ਆਰਥਿਕ ਜਾਂ ਦਿਮਾਗ਼ੀ ਹਾਲਤ ਸੁਧਾਰਨ ਦੀ ਲੌ ਲੱਗੀ ਹੋਈ ਸੀ, ਜਿਨ੍ਹਾਂ ਵਿੱਚ ਆਪਣੀ ਮਾਤ-ਭੂਮੀ ਨੂੰ ਛੱਡ ਕੇ ਇੱਕ ਪਰਾਏ ਦੇਸ ਨੂੰ ਅਪਣਾਉਣ ਦਾ



Downloaded from https:// www.studiestoday.com

Downloaded from https:// www.studiestoday.com

ਹੌਸਲਾ ਸੀ ਅਤੇ ਜਿਨ੍ਹਾਂ ਨੂੰ ਪੂਰੀ-ਪੂਰੀ ਦ੍ਰਿੜ੍ਹਤਾ ਸੀ ਕਿ ਉਹ ਪਰਾਏ ਦੇਸ ਵਿੱਚ ਜਾ ਕੇ ਆਪਣੇ ਮੰਤਵਾਂ ਵਿੱਚ ਸਫ਼ਲਤਾ ਪ੍ਰਾਪਤ ਕਰਨਗੇ।

ਅਜਿਹੇ ਲੋਕਾਂ ਦਾ ਅਗਾਂਹਵਧੂ ਹੋਣਾ ਇੱਕ ਕੁਦਰਤੀ ਗੱਲ ਹੈ। ਇੱਥੇ ਧਾਰਮਿਕ ਸੁੰਤਤਰਤਾ ਇੱਥੋਂ ਤੱਕ ਪੱਜ ਗਈ ਹੈ ਕਿ ਧਰਮ ਇੱਕ ਨਿਰੋਲ ਜਾਤੀ ਜਜ਼ਬਾ ਸਮਝਿਆ ਜਾਂਦਾ ਹੈ ਜਿਸ ਦਾ ਮਨੁੱਖੀ ਜੀਵਨ ਦੇ ਹੋਰ ਭਾਗਾਂ ਨਾਲ਼ ਕੋਈ ਸੰਬੰਧ ਨਹੀਂ। ਹਰ ਇੱਕ ਨੂੰ ਪੂਰੀ-ਪੂਰੀ ਅਜ਼ਾਦੀ ਹੈ ਕਿ ਆਪਣੀ ਰੂਹ, ਆਤਮਾ ਤੇ ਦਿਲ ਦੀ ਸ਼ਾਂਤੀ ਲਈ ਜੋ ਕੁਝ ਉਸਦਾ ਦਿਲ ਜਾਂ ਦਿਮਾਗ ਕਹੇ, ਉਹ ਕਰੇ। ਆਮ ਦੇਖਣ ਵਿੱਚ ਆਉਂਦਾ ਹੈ ਕਿ ਘਰ ਦੀ ਸੁਆਣੀ ਇੱਕ ਗਿਰਜੇ ਵਿੱਚ ਜਾਂਦੀ ਹੈ ਅਤੇ ਗੱਭਰੂ ਦੂਸਰੇ ਗਿਰਜੇ ਵਿੱਚ, ਪਰੰਤੂ ਉਹਨਾਂ ਦੇ ਘਰੋਗੀ ਜੀਵਨ ਵਿੱਚ ਇਸ ਗੱਲ ਦੇ ਕਾਰਨ ਕੋਈ ਵਿਤਕਰਾ ਨਹੀਂ। ਇਸੇ ਤਰ੍ਹਾਂ ਰਾਜਸੀ ਸੰਬੰਧ ਵਿੱਚ ਵੀ ਹਰ ਇੱਕ ਅਮਰੀਕਨ ਪੂਰੀ ਅਜ਼ਾਦੀ ਮਾਣਦਾ ਹੈ। ਇੱਕ ਘਰ ਦੇ ਜੀਆਂ ਵਿੱਚੋਂ ਕੋਈ ਆਪਣੀ ਸੰਮਤੀ ਇੱਕ ਰਾਜਸੀ ਪਾਰਟੀ ਨਾਲ਼ ਰੱਖਦਾ ਹੈ ਅਤੇ ਕੋਈ ਦੂਸਰੀ ਪਾਰਟੀ ਨਾਲ਼ ਪਰੰਤੂ ਮਜਾਲ ਨਹੀਂ ਕਿ ਉਹਨਾਂ ਦਾ ਇਹ ਰਾਜਸੀ ਵਿਤਕਰਾ ਉਹਨਾਂ ਦੇ ਪਰਸਪਰ ਜੀਵਨ ਦੇ ਮਿੱਠੇ ਰੰਗ ਵਿੱਚ ਭੰਗ ਪਾ ਸਕੇ। 1932 ਈ. ਦੀਆਂ ਚੋਣਾਂ ਸਮੇਂ ਜਿਸ ਘਰ ਅਸੀਂ ਕੁਝ ਹਿੰਦੁਸਤਾਨੀ ਵਿਦਿਆਰਥੀ ਰਹਿੰਦੇ ਸਾਂ, ਉਸ ਘਰ ਦੇ ਮਾਲਕ ਅਤੇ ਸੁਆਣੀ ਵਿੱਚ ਹਰ ਰੋਜ਼ ਸ਼ਾਮ ਨੂੰ ਅੰਗੀਠੀ ਸੇਕਣ ਸਮੇਂ ਬੜੀ ਦਿਲਚਸਪ ਬਹਿਸ ਸੁਣਿਆ ਕਰਦੇ ਸਾਂ। ਮਾਲਕ ਡੈਮੋਕ੍ਰੇਟਿਕ ਪਾਰਟੀ ਨਾਲ਼ ਸੰਬੰਧ ਰੱਖਦਾ ਸੀ ਅਤੇ ਸੁਆਣੀ ਰਿਪਬਲਿਕਨ ਪਾਰਟੀ ਦੀ ਹਾਮੀ ਸੀ। ਅੰਗੀਠੀ ਪਾਸ ਬੈਠ ਕੇ ਖ਼ੂਬ ਬਹਿਸ ਹੁੰਦੀ ਸੀ ਤੇ ਆਦਮੀ ਕਹਿੰਦਾ ਸੀ ਕਿ ਉਸਦੀ ਪਾਰਟੀ ਦਾ ਉਮੀਦਵਾਰ ਜਿੱਤੇਗਾ ਅਤੇ ਸੁਆਣੀ ਦਾਅਵਾ ਕਰਦੀ ਸੀ ਕਿ ਉਸ ਨੂੰ (ਮਾਲਕ ਨੂੰ) ਇਹ ਬਿਲਕੁਲ ਭੁਲੇਖਾ ਹੈ, ਜਿੱਤ ਉਸੇ ਦੀ ਪਾਰਟੀ ਦੀ ਹੋਵੇਗੀ। ਇਸ ਬਹਿਸ ਵਿੱਚ ਅਸੀਂ ਨਾ ਕਦੀ ਕੋਈ ਕੁੜੱਤਣ ਦੇਖੀ ਅਤੇ ਨਾ ਹੀ ਕੋਈ ਸ਼ਕਰਰੰਜੀ। ਸਾਡੇ ਬੈਠਿਆਂ-ਬੈਠਿਆਂ ਜਦ ਖਾਣੇ ਦਾ ਸਮਾਂ ਹੋ ਜਾਂਦਾ ਤਾਂ ਦੋਵੇਂ ਇੱਕ-ਦੂਸਰੇ ਨੂੰ ਪਿਆਰ ਨਾਲ਼ ਕਹਿੰਦੇ, "ਆਓ ਹੁਣ ਖਾਣਾ ਖਾਈਏ।" ਇਹ ਕਹਿ ਕੇ ਖਾਣੇ ਦੇ ਮੇਜ਼ 'ਤੇ ਇਸ ਤਰ੍ਹਾਂ ਜਾ ਬੈਠਦੇ ਜਿਵੇਂ ਕਿ ਉਹਨਾਂ ਵਿੱਚ ਕਿਸੇ ਪ੍ਰਕਾਰ ਦਾ ਕੋਈ ਮੱਤ-ਭੇਦ ਹੋਇਆ ਹੀ ਨਹੀਂ। ਜਦੋਂ ਇੱਕ ਘਰ ਵਿੱਚ ਇਤਨੀ ਰਾਜਸੀ ਸੁਤੰਤਰਤਾ ਹੈ ਤਾਂ ਹੋਰ ਦੋਸਤਾਂ, ਮਿੱਤਰਾਂ ਅਤੇ ਰਿਸ਼ਤੇਦਾਰਾਂ ਦੇ ਸੰਬੰਧ ਵਿੱਚ ਤਾਂ ਹੋਣੀ ਹੀ ਹੋਈ। ਹਰ ਇੱਕ ਬਾਲਗ਼ ਅਮਰੀਕਨ ਆਪਣੀ ਰਾਏ (ਵੋਟ) ਆਪਣੇ ਫ਼ੈਸਲੇ ਅਨੁਸਾਰ ਦੇਣਾ ਆਪਣਾ ਜਮਾਂਦਰੂ ਹੱਕ ਸਮਝਦਾ ਹੈ ਅਤੇ ਇਸ ਦੀ ਵਰਤੋਂ ਵਿੱਚ ਉਹ ਮਾਂ-ਬਾਪ, ਭੈਣ-ਭਾਈ, ਇਸਤਰੀ-ਮਰਦ ਜਾਂ ਮਿੱਤਰ-ਰਿਸ਼ਤੇਦਾਰ, ਕਿਸੇ ਦਾ ਕੋਈ ਦਖ਼ਲ ਦੇਣਾ ਗਵਾਰਾ ਨਹੀਂ ਕਰ ਸਕਦਾ ਅਤੇ ਨਾ ਹੀ ਉਸਦੀ ਰਾਏ ਨੂੰ ਕੋਈ ਕਿਸੇ ਵੀ ਕੀਮਤ 'ਤੇ ਮੁੱਲ ਖ਼ਰੀਦ ਸਕਦਾ ਹੈ।

ਅਮਰੀਕਨ ਲੋਕਾਂ ਦੀ ਅਗਾਂਹਵਧੂ ਰੁਚੀ ਦੇ ਕਾਰਨ, ਇਸ ਦੇਸ ਵਿੱਚ ਇਸਤਰੀ ਨੂੰ ਸੁਤੰਤਰਤਾ ਪ੍ਰਾਪਤ ਕਰਨ ਲਈ ਇਤਨੀ ਕਠਨ ਮੁਹਿੰਮ ਨਹੀਂ ਲੜਨੀ ਪਈ, ਜਿਤਨੀ ਉਸ ਦੀ ਭੈਣ ਨੂੰ ਯੂਰਪੀਨ ਦੇਸਾਂ ਵਿੱਚ ਲੜਨੀ ਪਈ। ਅਮਰੀਕਨ ਇਸਤਰੀ ਦੀ ਸੁਤੰਤਰਤਾ ਵੀ ਯੂਰਪੀਨ ਇਸਤਰੀ ਨਾਲੋਂ ਵਧੀਆ ਹੈ। ਯੂਰਪੀਨ ਦੇਸਾਂ ਵਿੱਚ ਪੁਰਾਣੀ ਸੱਭਿਅਤਾ ਦਾ ਪ੍ਰਭਾਵ, ਪੁਰਾਣੇ ਖ਼ਿਆਲਾਂ ਦੀ ਖਿੱਚ ਅਤੇ ਆਦਮੀ ਦੀ ਪਿਛਾਂਹ-ਖਿਚੂ ਰੁਚੀ ਇਸਤਰੀ ਦੀ ਪੂਰਨ ਸੁਤੰਤਰਤਾ ਵਿੱਚ ਰੋੜੇ ਹਨ। ਕਨੂੰਨੀ ਤੌਰ 'ਤੇ ਬੇਸ਼ੱਕ ਇਸਤਰੀ ਸੁਤੰਤਰ ਹੈ ਪਰੰਤੂ ਸਮਾਜ ਦੀਆਂ ਬੇੜੀਆਂ ਨੇ ਹਾਲਾਂ ਇਸਨੂੰ ਜਕੜਿਆ ਹੋਇਆ ਹੈ।

ਅਮਰੀਕਰਨ ਸੱਭਿਅਤਾ ਦੇ ਮੋਟੇ-ਮੋਟੇ ਅੰਗਾਂ ਵੱਲ ਨਜ਼ਰ ਮਾਰਨ 'ਤੇ ਮੈਨੂੰ "ਕਿਰਤ ਦੀ ਕਦਰ" (Dignity of Labour) ਦਾ ਸਭ ਤੋਂ ਉੱਚਾ ਦਰਜਾ ਜਾਪਦਾ ਹੈ। ਜਿਤਨਾ ਕਿਰਤ ਨੂੰ ਇਸ ਦੇਸ ਵਿੱਚ ਪਵਿੱਤਰ, ਉੱਚਾ ਤੇ ਸੁੱਚਾ ਸਮਝਿਆ ਜਾਂਦਾ ਹੈ, ਦੁਨੀਆਂ ਦੇ ਕਿਸੇ ਹੋਰ ਦੇਸ ਵਿੱਚ ਨਹੀਂ ਸਮਝਿਆ ਜਾਂਦਾ। ਵੱਡੇ ਤੋਂ ਵੱਡਾ ਅਮਰੀਕਨ ਛੋਟੇ ਤੋਂ ਛੋਟਾ ਕੰਮ (ਇਹ ਅਸੀਂ ਕੇਵਲ ਹਿੰਦੁਸਤਾਨੀ ਜ਼ਬਾਨਦਾਨੀ ਅਨੁਸਾਰ ਕਹਿ ਰਹੇ ਹਾਂ, ਕਿਉਂਕਿ ਵਾਸਤਵ ਵਿੱਚ ਅਮਰੀਕਨ ਲੋਕਾਂ ਲਈ ਹਰ ਪ੍ਰਕਾਰ ਦੀ ਕਿਰਤ ਸਮਾਨ ਹੈ ਅਤੇ ਕੰਮਾਂ ਵਿੱਚ ਕੋਈ ਵੱਡਾ-ਛੋਟਾ ਨਹੀਂ) ਕਰਨ ਵਿੱਚ ਕਿਸੇ ਪ੍ਰਕਾਰ ਦੀ ਝਿਜਕ ਜਾਂ ਹੱਤਕ ਨਹੀਂ। ਸਮਝਦਾਰ ਪਾਠਕਾਂ ਨੇ ਸ਼ਾਇਦ ਕਈ ਕਹਾਣੀਆਂ ਵਿੱਚ ਪੜ੍ਹਿਆ ਹੋਵੇਗਾ ਕਿ ਅਮਰੀਕਾ ਵਿੱਚ ਅਜਿਹੀਆਂ ਮਿਸਾਲਾਂ ਮਿਲ਼ਦੀਆਂ ਹਨ ਜਿੱਥੇ ਕਚਹਿਰੀ ਦਾ ਜੱਜ ਜੁੱਤੀਆਂ (ਬੂਟ) ਗੰਢ ਕੇ ਜਾਂ ਬੂਟ-ਪਾਲਸ਼ ਕਰਕੇ ਗੁਜ਼ਾਰਾ ਕਰਦਾ ਹੈ ਜਾਂ ਆਪ ਕਿਰਤੀਆਂ ਵਾਂਗ ਖੇਤਾਂ ਵਿੱਚ ਖੇਤੀ-ਬਾੜੀ ਦਾ ਕੰਮ ਕਰਦਾ ਹੈ। ਮੈਂ ਅਜਿਹੀਆਂ ਮਿਸਾਲਾਂ ਆਪ ਦੇਖੀਆਂ ਹਨ। ਇੱਕ ਵਾਰ ਕੈਲੇਫੋਰਨੀਆ ਵਿੱਚ ਸਟਾਕਟਨ ਦੇ ਨੇੜੇ ਕੰਮ ਕਰ ਰਹੇ ਸਾਂ ਕਿ ਖੇਤ ਦੇ ਮਾਲਕ ਗੋਰੇ ਨਾਲ਼ ਸਾਡਾ ਝਗੜਾ ਹੋ ਗਿਆ। ਕਿਰਤੀਆਂ ਦੀ ਉਸ ਜੁੰਡੀ (gana) ਦੇ ਸਰਦਾਰ (Boss) ਨੇ ਸਾਰਿਆਂ ਨੂੰ ਸਲਾਹ ਦਿੱਤੀ ਕਿ ਸਾਨੂੰ ਗੋਰੇ 'ਤੇ ਮੁਕੱਦਮਾ ਕਰਨਾ ਚਾਹੀਦਾ ਹੈ। ਫ਼ੈਸਲਾ ਹੋ ਗਿਆ ਕਿ ਸਥਾਨਿਕ ਕਚਹਿਰੀ (Justice of Peace) ਵਿੱਚ ਮੁਕੱਦਮਾ ਚਲਾਇਆ ਜਾਵੇ। ਅਗਲੀ ਭਲ਼ਕ ਸਾਡੇ ਬੌਸ ਨੇ ਇਸ ਮੰਤਵ ਲਈ ਮੈਨੂੰ ਗੱਲ-ਬਾਤ ਕਰਨ ਵਾਸਤੇ ਆਪਣੇ ਨਾਲ਼ ਜਾਣ ਲਈ ਕਿਹਾ। ਮੇਰਾ ਖ਼ਿਆਲ ਸੀ ਕਿ ਕਚਹਿਰੀ ਨਾਲ਼ ਦੇ ਛੋਟੇ ਜਿਹੇ ਸ਼ਹਿਰ ਵਿੱਚ ਹੋਵੇਗੀ। ਪਰੰਤੂ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦ ਉਸ ਨੇ ਦੋ-ਤਿੰਨ ਮੀਲ ਹੀ ਜਾ ਕੇ ਕਾਰ ਇੱਕ ਜ਼ਿਮੀਦਾਰ ਦੇ ਖੇਤ ਵੱਲ ਮੋੜ ਲਈ। ਪੁੱਛਣ 'ਤੇ ਪਤਾ ਲੱਗਾ ਕਿ ਜੱਜ ਸਾਹਿਬ ਦਾ ਇਹੀ ਘਰ ਹੈ ਅਤੇ ਇਹੀ ਉਸ ਦੀ ਕਚਹਿਰੀ ਹੈ। ਉਸ ਵੇਲ਼ੇ ਸਾਢੇ ਗਿਆਰਾਂ ਦਾ ਵਕਤ ਸੀ। ਅਸੀਂ ਮਕਾਨ ਤੋਂ ਜਾ ਕੇ ਪਤਾ ਕੀਤਾ ਕਿ ਕੀ ਜੱਜ ਸਾਹਿਬ ਘਰ ਹਨ? ਤਾਂ ਉੱਤਰ ਮਿਲ਼ਿਆ ਕਿ ਕੰਮ ਗਏ ਹੋਏ ਹਨ, ਥੋੜ੍ਹੀ ਦੇਰ ਵਿੱਚ ਆਉਣ ਵਾਲ਼ੇ ਹੀ ਹਨ। ਸਾਨੂੰ ਉਡੀਕ ਕਰਨ ਲਈ ਕਿਹਾ ਗਿਆ। ਬਾਰਾਂ ਵੱਜ ਕੇ ਦਸ



Downloaded from https:// www.studiestoday.com

Downloaded from https:// www.studiestoday.com

ਮਿੰਟ 'ਤੇ ਜੱਜ ਸਾਹਿਬ ਆਪਣੇ ਖੇਤ ਵਿੱਚੋਂ ਘੋੜਿਆਂ ਦੀ ਜੋਗ (Team) ਲਈ ਧੂੜ ਨਾਲ਼ ਲਿੱਬੜੇ ਹੋਏ ਅਤੇ ਪਸੀਨੇ ਨਾਲ਼ ਭਿੱਜੇ ਹੋਏ ਆਉਂਦੇ ਦਿਸੇ। ਘਰ ਆ ਕੇ ਘੋੜੇ ਬੰਨ੍ਹੇ ਅਤੇ ਫਿਰ ਸਾਡੇ ਪਾਸ ਆ ਕੇ ਪੁੱਛਣ ਲੱਗੇ, "ਕਿਸ ਤਰ੍ਹਾਂ ਆਏ ਹੋ ?" ਅਸੀਂ ਆਪਣਾ ਪ੍ਰਯੋਜਨ ਦੱਸਿਆ ਤਾਂ ਕਹਿਣ ਲੱਗੇ, "ਦੋ ਮਿੰਟ ਠਹਿਰੋ, ਮੈਂ ਹੱਥ-ਮੂੰਹ ਧੋ ਕੇ ਹੁਣੇ ਆਇਆ।" ਉਹਨਾਂ ਨੇ ਆ ਕੇ ਸਾਡੀ ਗੱਲ ਬੜੇ ਗਹੁ ਨਾਲ਼ ਸੁਣੀ ਅਤੇ ਕਨੂੰਨ ਅਨੁਸਾਰ ਮੁਕੱਦਮਾ ਚਲਾ ਦਿੱਤਾ।

ਕਿਰਤ ਦੀ ਕਦਰ ਦਾ ਸਬਕ ਅਮਰੀਕਨ ਲੋਕਾਂ ਨੂੰ ਬਚਪਨ ਤੋਂ ਹੀ ਆਪਣੇ ਘਰਾਂ ਵਿੱਚ ਮਿਲਦਾ ਹੈ। ਜਦ ਤੋਂ ਬੱਚਾ ਸੁਰਤ ਸੰਭਾਲ਼ਦਾ ਹੈ, ਸਰਦੇ-ਪੁੱਜਦੇ ਘਰਾਂ ਵਿੱਚ ਵੀ, ਉਸ ਨੇ ਆਪਣਾ ਸਾਰਾ ਕੰਮ ਆਪ ਕਰਨਾ ਹੁੰਦਾ ਹੈ। ਉਸ ਦੇ ਸੌਣ ਅਤੇ ਕੱਪੜੇ ਪਹਿਨਣ ਦਾ ਕਮਰਾ ਵੱਖਰਾ ਹੈ। ਸ਼ਾਮ ਨੂੰ ਬਿਸਤਰਾ ਕਰਨਾ, ਸਵੇਰੇ ਉੱਠ ਕੇ ਬੂਟ ਪਾਲਸ਼ ਕਰਨੇ ਅਤੇ ਕਮਰੇ ਦੀਆਂ ਸਾਰੀਆਂ ਚੀਜ਼ਾਂ ਨੂੰ ਤਰਤੀਬ ਵਿੱਚ ਰੱਖਣਾ ਉਸ ਦਾ ਨਿੱਤ-ਨੇਮ ਹੈ। ਘਰ ਵਿੱਚ ਆਪਣੀ ਮਾਤਾ ਨੂੰ ਘਰ ਦਾ ਸਾਰਾ ਕੰਮ—ਝਾੜੂ-ਬੁਹਾਰੀ, ਫ਼ਰਨੀਚਰ ਦੀ ਸਫ਼ਾਈ, ਰਸੋਈ ਦਾ ਕੰਮ (ਸਬਜ਼ੀਆਂ ਚੀਰਨ ਤੋਂ ਪਤੀਲੇ ਤੇ ਪਲੇਟਾਂ ਸਾਫ਼ ਕਰਨ ਤੱਕ), ਕੱਪੜਿਆਂ ਦੀ ਧੁਆਈ, ਲੋਹਾ (ਇਸਤਰੀ) ਕਰਨਾ, ਵਿਹਲ ਸਮੇਂ ਸਿਊਣਾ, ਪਰੋਣਾ ਜਾਂ ਉਣਨਾ ਆਦਿ ਕਰਦਿਆਂ ਦੇਖਦਾ ਹੈ। ਇਸੇ ਤਰ੍ਹਾਂ ਪਿਤਾ ਜੀ ਨੂੰ ਵੀ ਆਪਣੇ ਦਫ਼ਤਰੀ ਜਾਂ ਦੁਕਾਨਦਾਰੀ ਦੇ ਸਮੇਂ ਤੋਂ ਅੱਗੋਂ-ਪਿੱਛੋਂ ਸਵੇਰੇ-ਸ਼ਾਮ ਜਾਂ ਛੁੱਟੀ ਵਾਲ਼ੇ ਦਿਨ ਘਰ ਦੇ ਸਬਜ਼ੀ-ਬਾਗ਼ ਅਤੇ ਫੁਲਵਾੜੀ (Kitchen and Flower Gardens) ਵਿੱਚ ਕਹੀ ਜਾਂ ਖੁਰਪਾ ਲੈ ਕੇ ਕੰਮ ਕਰਦਾ ਦੇਖਦਾ ਹੈ। ਅਜਿਹੇ ਮਾਹੌਲ ਵਿੱਚ ਉਹ ਆਪ ਹੀ ਖ਼ੁਸ਼ੀ-ਖ਼ੁਸ਼ੀ ਕਦੀ ਬਾਪ ਨਾਲ਼ ਘਰ ਦੇ ਬਾਗ਼ ਵਿੱਚ ਕੰਮ ਕਰਨ ਲੱਗ ਪੈਂਦਾ ਹੈ ਅਤੇ ਕਦੀ ਮਾਤਾ ਨੂੰ ਸਹਾਰਾ ਦਿੰਦਾ ਹੈ। ਸਾਡੇ ਦੇਸ ਵਿੱਚ ਇਸ ਸ਼੍ਰੇਣੀ ਦੇ ਘਰਾਂ ਦੀਆਂ ਸੁਆਣੀਆਂ ਦੋ-ਤਿੰਨ ਨੌਕਰਾਂ ਤੋਂ ਬਿਨਾਂ ਗੁਜ਼ਾਰਾ ਨਹੀਂ ਕਰ ਸਕਦੀਆਂ।

ਆਇਡਾਹੋ ਯੂਨੀਵਰਸਿਟੀ ਵਿੱਚ ਪੜ੍ਹਦਿਆਂ ਮੈਂ ਇੱਕ ਦਿਨ ਪ੍ਰੈਜ਼ੀਡੈਂਟ ਸਾਹਿਬ ਦੀ ਕੋਠੀ ਗਿਆ। ਸਿਆਲ਼ ਦਾ ਮੌਸਮ ਸੀ ਅਤੇ ਛੁੱਟੀ ਦਾ ਦਿਨ ਤੇ ਪਿਛਲੀ ਰਾਤ ਬਰਫ਼ ਬਹੁਤ ਪਈ ਸੀ। ਮੈਂ ਦਸ ਕੁ ਵਜੇ ਉਹਨਾਂ ਦੀ ਕੋਠੀ ਪੁੱਜਾ ਹੋਵਾਂਗਾ। ਜਾ ਕੇ ਕੀ ਦੇਖਦਾ ਹਾਂ ਕਿ ਪ੍ਰੈਜ਼ੀਡੈਂਟ ਸਾਹਿਬ ਗੋਡਿਆਂ ਤੱਕ ਰਬੜ-ਬੂਟ ਪਾਈ ਬੇਲਚੇ ਨਾਲ਼ ਕੋਠੀ ਦੇ ਚੁਫੇਰਿਓਂ ਬਰਫ਼ ਹਟਾ ਰਹੇ ਹਨ। ਅੱਧੇ ਤੋਂ ਬਹੁਤਾ ਕੰਮ ਮੇਰੇ ਜਾਣ ਤੱਕ ਕਰ ਚੁੱਕੇ ਸਨ। ਮੈਨੂੰ ਦੇਖ ਕੇ ਬੇਲਚਾ ਉੱਥੇ ਰੱਖ ਦਿੱਤਾ ਅਤੇ ਮੈਨੂੰ ਲੈ ਕੇ ਅੰਦਰ ਚਲੇ ਗਏ, ਡ੍ਰਾਇੰਗ-ਰੂਮ ਵਿੱਚ ਜਿੱਥੇ ਉਹਨਾਂ ਦੀ ਸੁਪਤਨੀ ਅੰਗੀਠੀ ਪਾਸ ਬੈਠੀ ਸ੍ਵੈਟਰ ਉਣ ਰਹੀ ਸੀ। ਮੇਰੀ ਗੱਲ-ਬਾਤ ਸੁਣ ਕੇ ਮੈਨੂੰ ਵਿਦਾ ਕੀਤਾ ਅਤੇ ਆਪ ਪ੍ਰੈਜ਼ੀਡੈਂਟ ਸਾਹਿਬ ਮੇਰੇ ਪਿੱਠ ਮੋੜਦਿਆਂ ਹੀ ਮੁੜ ਫੇਰ ਬੇਲਚਾ ਫੜ ਕੇ ਬਾਕੀ ਰਹਿੰਦੇ ਕੰਮ ਨੂੰ ਖ਼ਤਮ ਕਰਨ 'ਤੇ ਜੁਟ ਗਏ। ਕੀ ਹਿੰਦੁਸਤਾਨ ਵਿੱਚ ਅਜਿਹਾ ਦ੍ਰਿਸ਼ ਕਦੀ ਅੱਖੀਂ ਪੈ ਸਕਦਾ ਹੈ ?

ਕੰਮ ਕਰਨ ਵਿੱਚ ਇਸਤਰੀ-ਪੁਰਸ਼ ਦੇ ਕੰਮਾਂ ਵਿੱਚ ਕੋਈ ਖ਼ਾਸ ਵਿਤਕਰਾ ਜਾਂ ਇਹਨਾਂ ਦੀ ਕੋਈ ਖ਼ਾਸ ਵੰਡ ਨਹੀਂ ਕਿ ਫਲਾਣਾ ਕੰਮ ਕੇਵਲ ਇਸਤਰੀ ਨੇ ਹੀ ਕਰਨਾ ਹੈ ਤੇ ਅਮਕਾ ਕੇਵਲ ਪੁਰਸ਼ ਨੇ। ਲੋੜ ਪੈਣ 'ਤੇ ਹਰ ਪ੍ਰਕਾਰ ਦਾ ਕੰਮ ਹਰ ਇੱਕ ਕਰ ਸਕਦਾ ਹੈ ਅਤੇ ਕਰਦਾ ਹੈ। 1932 ਈ. ਵਿੱਚ ਆਰਥਿਕ ਮੰਦਵਾੜਾ (Economic Depression) ਬੜੇ ਜ਼ੋਰਾਂ 'ਤੇ ਸੀ ਅਤੇ ਕੰਮ ਦਾ ਬਹੁਤ ਘਾਟਾ ਸੀ। ਜਿਸ ਅਮਰੀਕਨ ਨੌਜਵਾਨ ਜੋੜੇ ਦੇ ਘਰ ਅਸੀਂ ਪੈਸੇ ਦੇ ਕੇ ਰੋਟੀ ਖਾਣ ਵਾਲ਼ੇ, ਮਹਿਮਾਨ ਬਣੇ ਹੋਏ ਸਾਂ, ਦਸੰਬਰ ਦੇ ਮਹੀਨੇ ਵਿੱਚ ਅਚਾਨਕ ਹੀ ਉਸ ਗੱਭਰੂ ਦਾ ਕੰਮ ਹਟ ਗਿਆ, ਕਿਉਂਕਿ ਜਿਸ ਕਾਰਖ਼ਾਨੇ ਵਿੱਚ ਉਹ ਕੰਮ ਕਰਦਾ ਸੀ ਉਸ ਦੇ ਪ੍ਰਬੰਧਕਾਂ ਨੇ ਉਸ ਨੂੰ ਸਦਾ ਲਈ ਬੰਦ ਕਰਨ ਦਾ ਫ਼ੈਸਲਾ ਕਰ ਲਿਆ ਸੀ। ਉਸ ਨੇ ਆਸੇ-ਪਾਸੇ ਕੰਮ ਦੀ ਹੋਰ ਬੜੇ ਥਾਂਈਂ ਤਲਾਸ਼ ਕੀਤੀ ਪਰੰਤੂ ਕੋਈ ਕੰਮ ਨਾ ਮਿਲ਼ਿਆ। ਬੜੀ ਦੇਰ ਦੀ ਖੱਜਲ਼-ਖ਼ੁਆਰੀ ਤੋਂ ਬਾਅਦ ਪਤਾ ਲੱਗਾ ਕਿ ਆਲੂਆਂ ਨੂੰ ਡੱਬਿਆਂ ਵਿੱਚ ਭਰਨ ਵਾਲ਼ੇ ਕਾਰਖ਼ਾਨੇ ਵਿੱਚ ਆਲੂ ਛਿੱਲਣ ਦਾ ਕੁਝ ਕੰਮ ਮਿਲ਼ ਸਕਦਾ ਹੈ। ਪਰੰਤੂ ਇਸ ਕੰਮ ਲਈ ਉੱਥੇ ਕੇਵਲ ਇਸਤਰੀਆਂ ਨੂੰ ਹੀ ਰੱਖਦੇ ਸਨ। ਇਸ ਜੋੜੇ ਨੂੰ ਪਤਾ ਲੱਗਣ ਦੀ ਦੇਰ ਸੀ ਕਿ ਇਹਨਾਂ ਫ਼ੈਸਲਾ ਕਰ ਲਿਆ। ਸਾਨੂੰ ਪਤਾ ਅਗਲੀ ਸਵੇਰ ਲੱਗਾ ਜਦ ਮਿਸਟਰ ਸਮਿੱਥ ਨੇ ਸਾਨੂੰ ਚਾਹ ਪੀਣ ਵਾਸਤੇ ਅਵਾਜ਼ ਦਿੱਤੀ। ਪੁੱਛਣ 'ਤੇ ਪਤਾ ਲੱਗਾ ਕਿ ਮਿਸਜ਼ ਸਮਿੱਥ ਸਵੇਰੇ ਹੀ ਕਾਰਖ਼ਾਨੇ ਵਿੱਚ ਕੰਮ 'ਤੇ ਚਲੀ ਗਈ ਸੀ ਅਤੇ ਹੁਣ ਤੋਂ ਘਰ ਦੀ ਸਫ਼ਾਈ, ਰਸੋਈ ਆਦਿ ਦੇ ਕੰਮ ਦੀ ਜ਼ੁੰਮੇਵਾਰੀ ਮਿਸਟਰ ਸਮਿੱਥ ਨੇ ਸੰਭਾਲ਼ ਲਈ ਸੀ। ਕਈ ਮਹੀਨਿਆਂ ਤੱਕ ਮਿਸਟਰ ਸਮਿੱਥ ਸਾਨੂੰ ਹਰ ਰੋਜ਼ ਤਿੰਨ-ਚਾਰ ਵੇਲ਼ੇ ਖਾਣਾ ਬਣਾ ਕੇ ਖੁਆਉਂਦੇ ਰਹੇ ਅਤੇ ਮਿਸਜ਼ ਸਮਿੱਥ ਉਸ ਆਲੂਆਂ ਦੇ ਕਾਰਖ਼ਾਨੇ ਵਿੱਚ ਕੰਮ ਕਰਦੀ ਰਹੀ। ਜਦ ਮਿਸਟਰ ਸਮਿੱਥ ਨੂੰ ਇੱਕ ਹੋਰ ਕਾਰਖ਼ਾਨੇ ਵਿੱਚ ਕੰਮ ਮਿਲ਼ ਗਿਆ ਤਾਂ ਉਹ ਦੋਵੇਂ ਆਪੋ-ਆਪਣੇ ਅਸਲੀ ਕਿੱਤਿਆਂ 'ਤੇ ਲੱਗ ਪਏ।

"ਕਿਰਤ ਦੀ ਕਦਰ" ਦੇ ਨਾਲ਼ ਹੀ ਅਮਰੀਕਨ ਸੱਭਿਅਤਾ ਦਾ ਉਹ ਅੰਗ ਸੰਬੰਧਿਤ ਹੈ ਜਿਸ ਅਨੁਸਾਰ ਅਮਰੀਕਨ ਇਸਤਰੀ-ਮਰਦ ਨੂੰ ਸਮਾਂ ਵਿਅਰਥ ਗਆਉਂਦਾ ਨਹੀਂ ਦੇਖੋਗੇ। ਹਰ ਇੱਕ ਦੇ ਨਿਤਾਪ੍ਰਤੀ ਪ੍ਰੋਗ੍ਰਾਮ ਵਿੱਚ ਦਿਨ-ਰਾਤ ਦੇ 24 ਘੰਟਿਆਂ ਦੀ ਯੋਗ ਤੌਰ 'ਤੇ ਆਪੋ-ਆਪਣੀ ਲੋੜ ਅਨੁਸਾਰ ਪੂਰੀ-ਪੂਰੀ ਵੰਡ ਕੀਤੀ ਹੋਈ ਹੈ-ਵੇਲ਼ੇ ਸਿਰ ਜਾਗਣਾ, ਨਿਯਤ ਸਮੇਂ ਖਾਣਾ, ਪੀਣਾ, ਕੰਮ ਕਰਨਾ ਅਤੇ ਨਿਯਤ ਸਮੇਂ ਹੀ ਦਿਲ ਪਰਚਾਵੇ ਵਿੱਚ ਲੱਗ ਕੇ ਖ਼ੁਸ਼ੀਆਂ ਦੇ ਸਮੁੰਦਰ ਵਿੱਚ ਚੁੱਭੀ ਮਾਰਨੀ ਅਤੇ



Downloaded from https:// www.studiestoday.com

Downloaded from https:// www.studiestoday.com

ਫਿਰ ਨਿਯਤ ਸਮੇਂ ਸੌਂ ਜਾਣਾ। ਇਸ ਕਾਰਜ-ਕ੍ਰਮ (ਪ੍ਰੋਗ੍ਰਾਮ) ਅਨੁਸਾਰ ਵਿਅਰਥ ਸਮਾਂ ਗੁਆਉਣ ਲਈ ਕੋਈ ਗੁੰਜਾਇਸ਼ ਹੀ ਨਹੀਂ। ਤੁਸੀਂ ਕਦੀ ਇਹਨਾਂ ਲੋਕਾਂ ਨੂੰ ਗਲ਼ੀਆਂ ਜਾਂ ਬਜ਼ਾਰਾਂ ਵਿੱਚ ਖਲੋ ਕੇ ਗੱਪਾਂ ਮਾਰਦਿਆਂ ਨਹੀਂ ਦੇਖੋਗੇ। ਕਿਸੇ ਪਾਸ ਇਤਨਾ ਵਾਧੂ ਸਮਾਂ ਨਹੀਂ ਕਿ ਟੁਰੇ ਜਾਂਦਿਆਂ ਖਲੋ ਕੇ ਗੱਪਾਂ ਮਾਰ ਸਕੇ। ਜੇਕਰ ਤੁਸੀਂ ਕਿਸੇ ਅਫ਼ਸਰ ਨੂੰ ਉਸ ਦੇ ਦਫ਼ਤਰ ਵਿੱਚ ਮਿਲਣਾ ਹੈ ਤਾਂ ਤੁਹਾਡੇ ਲਈ ਇਹੀ ਉਚਿਤ ਹੋਵੇਗਾ ਕਿ ਪਹਿਲਾਂ ਫ਼ੋਨ 'ਤੇ ਉਸ ਤੋਂ ਇਸ ਮੰਤਵ ਲਈ ਸਮਾਂ ਲੈ ਲਵੋ। ਨਿਯਤ ਸਮੇਂ ਦਫ਼ਤਰ ਵਿੱਚ ਪੁੱਜੋ।

ਜੋ ਕੁਝ ਉਹ ਅਫ਼ਸਰ ਤੁਹਾਡੀ ਮਦਦ ਲਈ ਕਰ ਸਕਦਾ ਹੈ, ਤੁਰੰਤ ਹੀ ਤੁਹਾਨੂੰ ਦੱਸ ਦੇਵੇਗਾ, ਕੋਈ ਲੁਕ-ਲਪੇਟ ਵਾਲ਼ੀ ਗੱਲ ਨਹੀਂ ਹੋਵੇਗੀ ਅਤੇ ਨਾ ਹੀ ਕੋਈ ਟਰਕਾਅਬਾਜ਼ੀ। ਜੇਕਰ ਉਹ ਤੁਹਾਡੀ ਕੁਝ ਸਹਾਇਤਾ ਨਹੀਂ ਕਰ ਸਕਦਾ ਤਾਂ ਨਿਝੱਕ ਉਹ ਆਪਣੀ ਬੇਵੱਸੀ ਪ੍ਰਗਟ ਕਰਦੇ ਹੋਇਆਂ ਤੁਹਾਥੋਂ ਖਿਮਾ ਦਾ ਜਾਚਕ ਹੋਵੇਗਾ, ਬੱਸ ਦੋ-ਚਾਰ ਮਿੰਟ ਵਿੱਚ ਤੁਹਾਡੀ ਮੁਲਾਕਾਤ ਖ਼ਤਮ। ਤੁਹਾਨੂੰ ਆਪਣੇ ਕੰਮ 'ਤੇ ਮੁੜ ਵਾਪਸ ਜਾਣ ਦੀ ਆਗਿਆ ਅਤੇ ਅਫ਼ਸਰ ਆਪਣੇ ਕੰਮ ਲੱਗੇਗਾ।

ਅਮਰੀਕਨ ਘਰਾਂ ਵਿੱਚ ਲੜਕਾ ਪੈਦਾ ਹੋਣ 'ਤੇ ਕੋਈ ਵਿਸ਼ੇਸ਼ ਖ਼ੁਸ਼ੀ ਨਹੀਂ ਮਨਾਈ ਜਾਂਦੀ ਅਤੇ ਨਾ ਹੀ ਲੜਕੀ ਪੈਦਾ ਹੋਣ ਦੇ ਕਾਰਨ ਟੱਬਰ ਵਿੱਚ ਸੋਗ ਪੈਂਦਾ ਹੈ।

ਲੜਕੇ ਜਾਂ ਲੜਕੀ ਦੇ ਜਨਮ 'ਤੇ ਖ਼ੁਸ਼ੀ ਸਮਾਨ ਹੈ : ਦੋਹਾਂ ਨੂੰ ਇਕਵਤ ਪਾਲ਼ਿਆ ਜਾਂਦਾ ਹੈ ਅਤੇ ਕਿਸੇ ਨਾਲ਼ ਕਿਸੇ ਵੀ ਗੱਲ ਵਿੱਚ ਕਿਸੇ ਪ੍ਰਕਾਰ ਦਾ ਕੋਈ ਵਿਤਕਰਾ ਨਹੀਂ ਹੁੰਦਾ।

ਅਮਰੀਕਾ ਵਿੱਚ ਰਹਿੰਦਿਆਂ ਅਮਰੀਕਨ ਸੱਭਿਅਤਾ ਦਾ ਇੱਕ ਹੋਰ ਵੱਡਾ ਅੰਗ ਜੋ ਤੁਹਾਡੇ ਦਿਲ ਵਿੱਚ ਅਵੱਸ਼ ਹੀ ਧੱਸ ਜਾਂਦਾ ਹੈ, ਇਸ ਦਾ ਕਲ (Machine)-ਧਾਰੀ ਹੋਣਾ ਹੈ। ਕਿਸੇ ਪਾਸੇ ਨਜ਼ਰ ਮਾਰੋ-ਪਿੰਡਾਂ ਦਿਆਂ ਖੇਤਾਂ ਵੱਲ ਜਾਂ ਸ਼ਹਿਰਾਂ ਦਿਆਂ ਕਾਰਖ਼ਾਨਿਆਂ ਵੱਲ, ਸੜਕਾਂ 'ਤੇ ਆਵਾਜਾਈ ਵੱਲ ਜਾਂ ਅਸਮਾਨ 'ਤੇ ਉਡਾਰੀ ਵੱਲ, ਦਫ਼ਤਰਾਂ ਦੇ ਕੰਮ ਵੱਲ ਜਾਂ ਦੁਕਾਨਾਂ ਦੇ ਵਪਾਰ ਵੱਲ-ਤੁਹਾਨੂੰ ਕਲਾ ਹੀ ਕਲਾ ਪ੍ਰਧਾਨ ਜਾਪਦੀ ਹੈ। ਦੇਸ ਦੀ ਲਗ-ਪਗ ਸਾਰੀ ਦੌਲਤ ਕਲਾ ਦੀ ਸਹਾਇਤਾ ਨਾਲ਼ ਪੈਦਾ ਕੀਤੀ ਜਾਂਦੀ ਹੈ। ਕਲਾ ਦੀ ਸਹਾਇਤਾ ਨਾਲ਼ ਚੱਲਣ ਵਾਲ਼ੇ ਕਾਰਖ਼ਾਨਿਆਂ ਵਿੱਚ ਕੰਮ ਕਰਨ ਵਾਲ਼ੇ ਕਿਰਤੀ ਵੀ ਕਲ ਦੇ ਪੁਰਜ਼ੇ ਹੀ ਬਣ ਜਾਂਦੇ ਹਨ ਕਿਉਂਕਿ ਇਹਨਾਂ ਨੇ ਠੀਕ ਨਿਯਤ ਸਮੇਂ 'ਤੇ ਕਾਰਖ਼ਾਨੇ ਵਿੱਚ ਪੁੱਜਣ, ਉੱਥੇ ਜਾ ਕੇ ਰੋਜ਼ ਨਿਯਤ ਥਾਂ 'ਤੇ ਖਲੋ ਕੇ ਨਿਯਤ ਕੰਮ ਨਿਯਤ ਘੰਟਿਆਂ ਲਈ ਕਰਨਾ ਅਤੇ ਨਿਯਤ ਸਮੇਂ ਹੀ ਕਾਰਖ਼ਾਨੇ ਤੋਂ ਬਾਹਰ ਆਉਣਾ ਹੁੰਦਾ ਹੈ। ਇਹ ਸਭ ਕੁਝ ਤਦ ਹੀ ਹੋ ਸਕਦਾ ਹੈ ਜੇਕਰ ਇਹਨਾਂ ਦੇ ਨਿਤਾਪ੍ਰਤੀ ਜੀਵਨ ਦਾ ਹੋਰ ਸਾਰਾ ਪ੍ਰੋਗ੍ਰਾਮ ਵੀ ਨਿਯਤ ਹੋਵੇ ਅਤੇ ਹਰ ਇੱਕ ਵਿਹਾਰ ਨੂੰ ਨਿਯਤ ਸਮੇਂ ਹੀ ਭੁਗਤਾਇਆ ਜਾਵੇ। ਇਹੀ ਹਾਲ ਖੇਤਾਂ ਵਿੱਚ ਕੰਮ ਕਰਨ ਵਾਲ਼ੇ ਕਿਰਤੀਆਂ, ਦੁਕਾਨਦਾਰਾਂ ਅਤੇ ਦਫ਼ਤਰਾਂ ਦੇ ਕਰਮਚਾਰੀਆਂ ਦਾ ਹੈ। ਸਮੁੱਚੇ ਤੌਰ 'ਤੇ ਵਰਤਮਾਨ ਅਮਰੀਕਨ ਸੱਭਿਅਤਾ ਨੇ ਅਮਰੀਕਨ ਜੀਵਨ ਨੂੰ ਹੀ ਇੱਕ ਕਲ ਬਣਾ ਛੱਡਿਆ ਹੈ ਜੋ ਕਿ ਬੜੀ ਤੇਜ਼ ਰਫ਼ਤਾਰੀ ਨਾਲ਼ ਚੱਲ ਰਹੀ ਹੈ। ਇਉਂ ਜਾਪਦਾ ਹੈ ਕਿ ਆਦਮੀ ਇਸ ਕਲ-ਜੀਵਨ (Machine Life) ਵਿੱਚ ਜਕੜਿਆ ਹੋਇਆ ਹੈ, ਉਸ ਦਾ ਆਪਾ ਵੀ ਉਸ ਦੇ ਆਪਣੇ ਵੱਸ ਨਹੀਂ ਅਤੇ ਉਹ ਇਸ ਕਲਾ ਦੇ ਵਹਿਣ ਦੇ ਨਾਲ਼ ਹੀ ਰੁੜ੍ਹਿਆ ਜਾਂਦਾ ਹੈ।

ਕੁਦਰਤੀ ਗੱਲ ਹੈ ਕਿ ਅਜਿਹੇ ਕਲ-ਜੀਵਨ ਵਿੱਚ ਜਿੱਥੇ ਸਦਾ ਹੀ ਕਾਰਖ਼ਾਨਿਆਂ ਦੀ ਖਟ-ਖਟ ਅਤੇ ਕਲਾ ਦੀ ਝਣਕਾਰ ਕੰਨਾਂ ਵਿੱਚ ਪੈਂਦੀ ਰਹਿੰਦੀ ਹੈ, ਆਦਮੀ ਦੀ ਰੁਚੀ ਜੜ੍ਹ-ਵਸਤੂਆਂ ਵੱਲ ਬਹੁਤ ਤੇ ਸੂਖਮ ਵਸਤੂਆਂ ਵੱਲ ਥੋੜ੍ਹੀ ਹੋਵੇ। ਕਲ ਦੇ ਇਸ ਅਸਰ ਤੋਂ ਅਮਰੀਕਨ ਸਮਾਜ ਅਤੇ ਅਮਰੀਕਨ ਸੱਭਿਅਤਾ ਨਹੀਂ ਬਚ ਸਕੇ ਜਿਸ ਤਰ੍ਹਾਂ ਕਿਸੇ ਵੀ ਹੋਰ ਸਮਾਜ ਜਾਂ ਸੱਭਿਅਤਾ ਦਾ ਇਸ ਤੋਂ ਬਚਣਾ ਅਸੰਭਵ ਹੈ। ਤਾਂ ਤੇ ਕਿਸੇ ਨੂੰ ਵੀ ਇਹ ਸੁਣ ਕੇ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਅਮਰੀਕਨ ਲੋਕਾਂ ਦੀ ਬਹੁਤੀ ਰੁਚੀ ਜੀਵਨ ਦੀਆਂ ਉਹਨਾਂ ਕੀਮਤਾਂ ਵੱਲ ਹੈ ਜੋ ਡਾਲਰਾਂ ਅਤੇ ਸੈਂਟਾਂ ਵਿੱਚ ਗਿਣੀਆਂ ਜਾਂ ਮਾਪੀਆਂ ਜਾ ਸਕਦੀਆਂ ਹਨ। ਮੇਰੇ ਖ਼ਿਆਲ ਵਿੱਚ ਵਰਤਮਾਨ ਅਮਰੀਕਨ ਸੱਭਿਅਤਾ ਨੂੰ "ਡਾਲਰ-ਸੱਭਿਅਤਾ" ਦਾ ਨਾਂਉਂ ਦੇਣਾ ਸਚਾਈ ਤੋਂ ਬਹੁਤਾ ਦੂਰ ਨਹੀਂ ਹੋਵੇਗਾ।

ਮੈਨੂੰ ਬਹੁਤ ਅਫ਼ਸੋਸ ਹੋਵੇਗਾ ਜੇਕਰ ਮੇਰੀ ਉਪਰੋਕਤ ਲੇਖਣੀ ਤੋਂ ਪਾਠਕਾਂ ਨੂੰ ਇਹ ਖ਼ਿਆਲ ਹੋ ਜਾਵੇ ਕਿ ਅਮਰੀਕਨ ਸੱਭਿਅਤਾ ਵਿੱਚ ਕਲ, ਡਾਲਰ ਜਾਂ ਜੜ੍ਹ-ਵਸਤਾਂ ਦੇ ਪਿਆਰ ਤੋਂ ਸਿਵਾ ਜੀਵਨ ਦੀਆਂ ਕੋਮਲ ਕੀਮਤਾਂ ਦੀ ਬਿਲਕੁਲ ਉੱਕਾ ਹੀ ਕੋਈ ਥਾਂ ਨਹੀਂ। ਸਚਾਈ ਇਹ ਹੈ ਕਿ ਅਮਰੀਕਰਨ ਸੱਭਿਅਤਾ ਜੀਵਨ ਦੀਆਂ ਉੱਚੀਆਂ ਕੀਮਤਾਂ ਤੋਂ ਬਿਲਕੁਲ ਸੱਖਣੀ ਨਹੀਂ। ਇਸ ਵਿੱਚ ਧਰਮ ਤੇ ਕਲਾ (Art) ਦੀ ਆਪੋ-ਆਪਣੀ ਥਾਂ ਹੈ, ਭਾਵੇਂ ਇਹ ਸਚਾਈ ਮੰਨਣੋਂ ਇਨਕਾਰ ਨਹੀਂ ਕੀਤਾ ਜਾਂਦਾ ਕਿ ਇਹਨਾਂ ਦੀ ਪਦਵੀ ਉੱਚੀ ਨਹੀਂ ਜਿਤਨੀ ਕਿ ਹੋਣੀ ਚਾਹੀਦੀ ਹੈ।



Downloaded from https:// www.studiestoday.com

Downloaded from https:// www.studiestoday.com

**ਇਸ ਪਾਠ ਵਿੱਚ ਆਏ ਨਾਂ, ਥਾਂ ਅਤੇ ਵਿਸ਼ੇਸ਼ ਸ਼ਬਦ—**

**(ੳ) ਨਾਂ, ਥਾਂ—**ਮੇ ਫਲਾਵਰ (ਇੱਕ ਜਹਾਜ਼ ਦਾ ਨਾਂ), ਡੈਮੋਕ੍ਰੇਟਿਕ ਪਾਰਟੀ, ਰਿਪਬਲਿਕਨ ਪਾਰਟੀ (ਰਾਜਨੀਤਿਕ ਪਾਰਟੀਆਂ ਦੇ ਨਾਂ), ਕੈਲੇਫ਼ੋਰਨੀਆ (ਅਮਰੀਕਾ ਦੀ ਇੱਕ ਸਟੇਟ), ਸਟਾਕਟਨ (ਇੱਕ ਥਾਂ ਦਾ ਨਾਂ), ਆਇਡਾਹੋ ਯੂਨੀਵਰਸਿਟੀ, ਸਮਿੱਥ ਅਤੇ ਮਿਸਜ਼ ਸਮਿੱਥ (ਦੋ ਅਮਰੀਕਨ ਜਿਨ੍ਹਾਂ ਦੇ ਘਰ ਲੇਖਕ ਇੱਕ ਵਿਦਿਆਰਥੀ ਵਜੋਂ ਰਿਹਾ)

**(ਅ) ਵਿਸ਼ੇਸ਼ ਸ਼ਬਦ—**ਸੁਆਣੀ (ਧਰਮ-ਪਤਨੀ, ਘਰ ਦੀ ਮਾਲਕਣ ਦੇ ਅਰਥਾਂ ਵਿੱਚ ਵੀ ਇਹ ਸ਼ਬਦ ਵਰਤਿਆ ਜਾਂਦਾ ਹੈ), ਪਰਸਪਰ (ਆਪਸ ਵਿੱਚ), ਹਾਮੀ (ਹਿਮਾਇਤ), ਸ਼ਕਰਰੰਜੀ (ਅਪ੍ਰਸੰਨਤਾ, ਨਰਾਜ਼ਗੀ), ਜੋਗ (ਜੋੜੀ), ਪ੍ਰਯੋਜਨ (ਮਨੋਰਥ), ਵਿਤਕਰਾ (ਭੇਦ-ਭਾਵ), ਅਮਕਾ (ਫਲਾਣਾ), ਵਤ (ਤੁਲ, ਸਮਾਨ)।

# ਪਾਠ-ਅਭਿਆਸ

*1. ਵਸਤੂਨਿਸ਼ਠ ਪ੍ਰਸ਼ਨ—*

(ੳ) ਉਸ ਜਹਾਜ਼ ਦਾ ਨਾਂ ਦੱਸੋ ਜਿਹੜਾ ਸਭ ਤੋਂ ਪਹਿਲਾਂ ਯੂਰਪੀਨਾਂ ਨੇ ਅਮਰੀਕਾ ਦੇ ਪੂਰਬੀ ਤੱਟ 'ਤੇ ਉਤਾਰਿਆ ?

(ਅ) ਅਮਰੀਕਾ ਵਿੱਚ ਧਰਮ ਨੂੰ ਕਿਹੋ-ਜਿਹਾ ਜਜ਼ਬਾ ਸਮਝਿਆ ਜਾਂਦਾ ਹੈ ?

(ੲ) ਮਿਸਟਰ ਸਮਿੱਥ ਕਿਹੜੀ ਰਾਜਨੀਤਿਕ ਪਾਰਟੀ ਨਾਲ਼ ਸੰਬੰਧ ਰੱਖਦਾ ਸੀ ?

(ਸ) 'ਕਿਰਤ ਦੀ ਕਦਰ' ਨੂੰ ਅਮਰੀਕਾ ਵਿੱਚ ਕਿਹੋ-ਜਿਹਾ ਦਰਜਾ ਪ੍ਰਾਪਤ ਹੈ ?

(ਹ) ਲੇਖਕ ਜਦੋਂ ਆਪਣੇ ਸਰਦਾਰ ਨਾਲ਼ ਜੱਜ ਨੂੰ ਮਿਲ਼ਨ ਗਿਆ ਤਾਂ ਉਹਨਾਂ ਨੇ ਜੱਜ ਨੂੰ ਕਿਸ ਹਾਲਤ ਵਿੱਚ ਆਉਂਦੇ ਦੇਖਿਆ ?

(ਕ) ਪ੍ਰੈਜ਼ੀਡੈਂਟ ਸਾਹਿਬ ਦੀ ਕੋਠੀ ਜਾਣ ਸਮੇਂ ਲੇਖਕ ਕਿਹੜੀ ਯੂਨੀਵਰਸਿਟੀ ਵਿੱਚ ਪੜ੍ਹਦਾ ਸੀ ?

(ਖ) ਲੇਖਕ ਨੂੰ ਅਮਰੀਕਾ ਵਿੱਚ ਆਦਮੀ ਕਿਸ ਚੀਜ਼ ਵਿੱਚ ਜਕੜਿਆ ਜਾਪਦਾ ਹੈ ?



Downloaded from https:// www.studiestoday.com

Downloaded from https:// www.studiestoday.com

(ਗ) ਲੇਖਕ ਅਮਰੀਕਨ ਸੱਭਿਅਤਾ ਨੂੰ ਕਿਹੜੀ ਸੱਭਿਅਤਾ ਦਾ ਨਾਂ ਦਿੰਦਾ ਹੈ ?

(ਘ) 'ਕਿਰਤ ਦੀ ਕਦਰ' ਦਾ ਸਬਕ ਅਮਰੀਕਨਾਂ ਨੂੰ ਕਦੋਂ ਅਤੇ ਕਿੱਥੋਂ ਮਿਲ਼ਦਾ ਹੈ ?

*2. ਦੱਸੋ—*

(ੳ) ਅਮਰੀਕਨ ਸੱਭਿਅਤਾ ਦੇ ਮੋਟੇ-ਮੋਟੇ ਪੱਖਾਂ ਬਾਰੇ ਦੱਸੋ।

(ਅ) ਅਮਰੀਕਨ ਇਸਤਰੀ ਦੀ ਸੁਤੰਤਰਤਾ ਬਾਰੇ ਲੇਖਕ ਨੇ ਕੀ ਪ੍ਰਭਾਵ ਗ੍ਰਹਿਣ ਕੀਤਾ ?

(ੲ) ਲੇਖਕ ਨੇ ਅਮਰੀਕਨਾਂ ਦੇ ਅਗਾਂਹਵਧੂ ਹੋਣ ਦੇ ਕੀ ਕਾਰਨ ਦੱਸੇ ਹਨ ?

(ਸ) ਅਮਰੀਕਾ ਵਿੱਚ ਲੜਕੇ ਅਤੇ ਲੜਕੀ ਦੇ ਜਨਮ ਦੀ ਖ਼ੁਸ਼ੀ ਸਮਾਨ ਹੈ, ਕਿਵੇਂ ?

(ਹ) ਅਮਰੀਕਨਾਂ ਦੀ ਜ਼ਿੰਦਗੀ ਵਿੱਚ ਧਰਮ ਅਤੇ ਕਲਾ ਦੀ ਕੀ ਮਹੱਤਤਾ ਹੈ ?

(ਕ) ਅਮਰੀਕਨ ਪਰਿਵਾਰਾਂ ਵਿੱਚ ਸੋਚ ਅਤੇ ਵਿਸ਼ਵਾਸਾਂ ਦੇ ਵਖਰੇਵੇਂ ਰਿਸ਼ਤਿਆਂ ਵਿੱਚ ਕੁੜੱਤਣ ਕਿਉਂ ਨਹੀਂ ਘੋਲ਼ਦੇ ?

*3. ਸਾਰ*

ਇਸ 'ਪਾਠ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

♦♦♦♦♦



Downloaded from https:// www.studiestoday.com

Downloaded from https:// www.studiestoday.com

*ਸਫ਼ਰਨਾਮਾ-ਲੇਖਕ*

# ਪ੍ਰਿੰਸੀਪਲ ਸਰਮੁਖ ਸਿੰਘ ਅਮੋਲ

*(1908-1992)*

| | | |
|---|---|---|
| ਮਾਤਾ ਜੀ | : | ਸ੍ਰੀਮਤੀ ਇੰਦਰ ਕੌਰ |
| ਪਿਤਾ ਜੀ | : | ਗਿਆਨੀ ਜੋਧ ਸਿੰਘ |
| ਜਨਮ-ਮਿਤੀ | : | 6 ਜਨਵਰੀ, 1908 |
| ਵਿੱਦਿਆ | : | ਐੱਮ. ਏ. (ਪੰਜਾਬੀ) |
| ਕਿੱਤਾ | : | ਅਧਿਆਪਨ, ਉਹਨਾਂ ਨੇ 'ਲਿਖਾਰੀ' ਨਾਂ ਦਾ ਮਾਸਿਕ ਪੱਤਰ ਵੀ ਸੰਪਾਦਿਤ ਕੀਤਾ। |
| ਦਿਹਾਂਤ | : | 7 ਸਤੰਬਰ, 1992 |
| **ਮੁੱਖ ਰਚਨਾਵਾਂ** | | |
| ਨਾਟਕ | : | ਸਮੇਂ ਦੇ ਤਿੰਨ ਰੰਗ, ਪਤਿਤ ਪਾਵਨ, ਜੱਸਾ ਸਿੰਘ ਆਹਲੂਵਾਲੀਆ। |
| ਨਾਵਲ | : | ਗੁਲਾਬਾ (ਆਧਾਰਿਤ ਨਾਵਲ), ਸੇਵਾਦਾਰ, ਜੀਵਨ ਗੁੰਝਲ, ਮਨੁੱਖ ਤੇ ਸਾਗਰ (ਅਨੁਵਾਦਿਤ ਨਾਵਲ)। |
| ਵਾਰਤਕ | : | ਪੰਜਾਬੀ ਭੌਰੇ, ਲੇਖ ਪਟਾਰੀ, ਮੇਰੇ ਚੋਣਵੇਂ ਨਿਬੰਧ, ਪੰਜਾਬੀ ਸਾਹਿਤ ਵਿਚਾਰ, ਧਰਮਾਂ ਦੀ ਜਾਣਕਾਰੀ, ਆਓ ਸਿੱਖੀਏ ਜੀਵਨ ਜਾਚ, ਅੰਮ੍ਰਿਤਸਰ, ਭਾਰਤੀ ਸਮਾਜਿਕ ਸੰਸਥਾਵਾਂ। |
| ਜੀਵਨੀਆਂ | : | ਪ੍ਰੋ: ਪੂਰਨ ਸਿੰਘ, ਭਾਈ ਵੀਰ ਸਿੰਘ, ਰਵਿੰਦਰ ਨਾਥ ਟੈਗੋਰ, ਤੇਜਾ ਸਿੰਘ, ਭਾਈ ਮੋਹਨ ਸਿੰਘ ਵੈਦ, ਸ਼ੇਖ਼ ਫ਼ਰੀਦ, ਤਿੰਨ ਮਹਾਂਪੁਰਸ਼, ਅਮੋਲ ਜੀਵਨੀਆਂ, ਨਵੀਨ ਅਮੋਲ ਜੀਵਨ। |
| ਕਹਾਣੀਆਂ | : | ਰੋਂਦੀ ਦੁਨੀਆਂ, ਅਮੋਲ ਕਹਾਣੀਆਂ, ਵੇਲੇ ਕੁਵੇਲੇ। |
| ਸੰਪਾਦਨ | : | ਵਾਰਿਸ, ਦਮੋਦਰ, ਭਾਈ ਮੋਹਨ ਸਿੰਘ ਵੈਦ, ਗਿਆਨੀ ਜੋਧ ਸਿੰਘ, ਧਨੀ ਰਾਮ ਚਾਤ੍ਰਿਕ (ਦੋ ਬਾਗ਼), ਸੁਲਤਾਨ ਬਾਹੂ, ਰਾਜਾ ਖ਼ੁਸ਼ਹਾਲ ਚੰਦ। |
| ਅਨੁਵਾਦ | : | ਮਹਾਤਮਾ ਗਾਂਧੀ, ਸਦਾਚਾਰ ਵਿਚਾਰ। |
| ਸਫ਼ਰਨਾਮੇ | : | ਅਮੋਲ ਯਾਤਰਾ, ਯਾਤਰਾ, ਯਾਤਰੂ ਦੀ ਡਾਇਰੀ, ਪੰਜਾਬ ਯਾਤਰਾ, ਇੰਗਲੈਂਡ ਦੀ ਯਾਦ, ਪੈਰਿਸ ਵਿੱਚ ਇੱਕ ਭਾਰਤੀ। ਲੇਖਕ ਨੇ ਭਾਰਤ, ਬਰਮਾ, ਥਾਈਲੈਂਡ, ਮਲਾਇਆ, ਪਾਕਿਸਤਾਨ, ਫ਼੍ਰਾਂਸ, ਇੰਗਲੈਂਡ, ਅਮਰੀਕਾ ਆਦਿ ਮੁਲਕਾਂ ਦੀ ਯਾਤਰਾ ਕੀਤੀ ਹੈ। |

ਹਥਲੀ ਪਾਠ-ਪੁਸਤਕ ਲਈ ਚੁਣਿਆ ਗਿਆ ਪਾਠ 'ਜੰਗਲਾਂ ਦੇ ਵਸਨੀਕ' ਲੇਖਕ ਦੇ ਪਹਿਲੇ ਸਫ਼ਰਨਾਮੇ 'ਅਮੋਲ ਯਾਤਰਾ' ਵਿੱਚੋਂ ਲਿਆ ਗਿਆ ਹੈ। ਲੇਖਕ ਨੂੰ 1953 ਈ. ਵਿੱਚ ਆਪਣੀ 27 ਦਿਨ ਦੀ ਮਲਾਇਆ ਯਾਤਰਾ ਦੌਰਾਨ ਮਲਾਇਆ ਦੇ ਜੰਗਲਾਂ ਵਿੱਚ ਜਾਣ ਦਾ ਅਵਸਰ ਮਿਲਿਆ। ਇਹਨਾਂ ਜੰਗਲਾਂ ਵਿੱਚ ਰਹਿੰਦੇ ਲੋਕਾਂ ਦੇ ਜੀਵਨ ਦੀ ਇੱਕ ਝਾਤ ਇਸ ਪਾਠ ਵਿੱਚ ਦਿੱਤੀ ਗਈ ਹੈ। ਇਹ ਸਫ਼ਰਨਾਮਾ ਪਹਿਲੀ ਵਾਰ 1955 ਈ. ਵਿੱਚ ਪ੍ਰਕਾਸ਼ਿਤ ਹੋਇਆ।

## ਜੰਗਲ਼ਾਂ ਦੇ ਵਸਨੀਕ

ਮੈਨੂੰ ਬਾਤੂ ਗਾਜੇ ਪਹੁੰਚਿਆਂ ਅੱਜੇ ਚਾਰ ਕੁ ਦਿਨ ਹੀ ਹੋਏ ਸਨ। ਨ੍ਹਾ-ਧੋ ਕੇ ਚਾਹ ਪੀਤੀ ਤਾਂ ਕੁਝ ਗਰਮੀ ਜਿਹੀ ਲੱਗੀ।



Downloaded from https:// www.studiestoday.com

Downloaded from https:// www.studiestoday.com

ਸੁਭਾਵਿਕ ਹੀ ਮੇਰੇ ਮੂੰਹੋਂ ਨਿਕਲ਼ਿਆ, "ਅੱਜ ਤੇ ਕਾਫ਼ੀ ਗਰਮੀ ਹੈ।" ਮਾਤਾ ਜੀ ਕਹਿਣ ਲੱਗੇ, "ਨਿਰੰਜਨ ਸਿੰਘ, ਇਹਨਾਂ ਨੂੰ ਪਹਾੜ 'ਤੇ ਲੈ ਜਾਓ। ਇਹ ਪਹਾੜਾਂ ਦੇ ਆਦੀ ਹੋਏ ਨੇ।"

ਮੈਂ ਮਾੜੀ-ਮੋਟੀ ਨਾਂਹ-ਨੁੱਕਰ ਕੀਤੀ ਪਰ ਦਿਲੋਂ ਮੈਂ ਇਸ ਗੱਲ ਦਾ ਚਾਹਵਾਨ ਸਾਂ ਕਿ ਜਿੰਨੀਆਂ ਵੱਧ ਤੋਂ ਵੱਧ ਥਾਂਵਾਂ ਦੇਖੀਆਂ ਜਾ ਸਕਣ, ਦੇਖੀਆਂ ਜਾਣ। ਨਿਰੰਜਨ ਸਿੰਘ ਨੇ ਵੀ ਮੇਰੇ ਲਈ ਛੁੱਟੀਆਂ ਲਈਆਂ ਹੋਈਆਂ ਸਨ। ਉਹ ਵੀ ਪਹਾੜ 'ਤੇ ਜਾਣਾ ਚਾਹੁੰਦਾ ਸੀ। ਸੋ ਸਲਾਹ ਬਣ ਹੀ ਗਈ। ਈਪੋ ਤੋਂ ਨੇੜੇ ਕੈਮਰਨ ਹਾਈਲੈਂਡ ਨਾਂ ਦਾ ਹੀ ਇਲਾਕਾ ਹੈ, ਉੱਥੇ ਜਾਣ ਦਾ ਫ਼ੈਸਲਾ ਹੋਇਆ। ਇੱਕੋ ਦਿਨ ਵਿੱਚ ਹੀ ਪਹੁੰਚ ਸਕਦੇ ਸਾਂ।

ਰਾਹ ਵਿੱਚ ਸੜਕ ਉੱਤੇ ਇੱਕ ਜੰਗਲ਼ ਦੇ ਕਿਨਾਰੇ ਕੁੱਝ ਨੰਗੇ ਬੱਚੇ ਤੇ ਇੱਕ-ਦੋ ਸਿਆਣੇ ਆਦਮੀ ਖਲੋਤੇ ਫਲ਼-ਸਬਜ਼ੀ ਵੇਚ ਰਹੇ ਸਨ। ਅਸਾਂ ਉੱਥੇ ਕਾਰ ਖੜ੍ਹੀ ਕਰ ਲਈ ਕਿਉਂਕਿ ਮੈਂ ਜੰਗਲ਼ ਬਾਬਤ ਕੁਝ ਵਧੇਰੇ ਜਾਣਨ ਦਾ ਚਾਹਵਾਨ ਸਾਂ। ਜੰਗਲ਼ਾਂ ਨੂੰ ਜਾਣੇ ਬਗ਼ੈਰ ਮਲਾਇਆ ਦਾ ਤੁਸੀਂ ਬਹੁਤ ਥੋੜ੍ਹਾ ਹਿੱਸਾ ਜਾਣਦੇ ਹੋ। ਮੈਂ ਕਈ ਥਾਂਵਾਂ 'ਤੇ ਇਉਂ ਲਿਖਿਆ ਪੜ੍ਹਿਆ ਹੋਇਆ ਸੀ। ਮੈਂ ਇਹ ਵੀ ਜਾਣਦਾ ਸਾਂ ਕਿ ਅੱਜ ਜਿਨ੍ਹਾਂ ਥਾਂਵਾਂ 'ਤੇ ਚਾਵਲ ਜਾਂ ਰਬੜ ਬੀਜੀ ਜਾ ਰਹੀ ਹੈ ਜਾਂ ਜਿੱਥੋਂ ਕਲੀ ਵੀ ਕੱਢੀ ਜਾ ਰਹੀ ਹੈ, ਅਜੇ ਸੌ ਸਾਲ ਹੋਏ, ਉਹ ਸਭ ਥਾਂਵਾਂ ਜੰਗਲ਼ਾਂ ਨੇ ਹੀ ਮੱਲੀਆਂ ਹੋਈਆਂ ਸਨ ਅਤੇ ਮਨੁੱਖਾਂ ਨੇ ਆਪਣੇ ਹੱਥਾਂ ਨਾਲ਼ ਇਹ ਜੰਗਲ਼ ਵੱਢ-ਵੱਢ ਕੇ ਇਸ ਧਰਤੀ ਨੂੰ ਭਾਗ ਲਾਇਆ ਹੈ।

ਮਲਾਇਆ ਦੇ ਜੰਗਲ਼ ਇੰਨੇ ਸੰਘਣੇ ਹਨ ਕਿ ਉਹਨਾਂ ਵਿੱਚੋਂ ਲੰਘਣਾ ਔਖਾ ਹੈ ਅਤੇ ਉਹਨਾਂ ਵਿੱਚ ਏਨੀਆਂ ਭਾਂਤਾਂ ਦੇ ਰੁੱਖ ਉੱਗਦੇ ਹਨ ਕਿ ਬਿਰਖ-ਵਿਗਿਆਨੀ ਵੀ ਅੱਜੇ ਤੱਕ ਉਹਨਾਂ ਸਭਨਾਂ ਦਾ ਬਿਓਰਾ ਨਹੀਂ ਬਣਾ ਸਕੇ। ਮੀਂਹ ਏਥੇ ਬਹੁਤ ਪੈਂਦਾ ਹੈ। ਸਾਰੇ ਸਾਲ ਵਿੱਚੋਂ ਕੇਵਲ ਅਗਸਤ ਦੇ 21-22 ਦਿਨ ਸੋਕਾ ਰਹਿੰਦਾ ਹੈ। ਸਮੁੰਦਰ ਤੇ ਦਰਿਆ ਨੇੜੇ-ਨੇੜੇ ਸਨ ਕਿਉਂਕਿ ਮਲਾਇਆ ਦੀ ਧਰਤੀ 40 ਤੋਂ 200 ਮੀਲ ਹੀ ਵੱਧ ਤੋਂ ਵੱਧ ਚੌੜੀ ਹੈ। ਇਸ ਦਾ ਅਰਥ ਇਹ ਹੈ ਕਿ ਕੋਈ ਥਾਂ ਵੀ ਐਸੀ ਨਹੀਂ ਜਿੱਥੋਂ ਸਮੁੰਦਰ 100 ਮੀਲ ਤੋਂ ਵੱਧ ਦੂਰ ਹੋਵੇ। ਲੰਬਾਈ ਤਾਂ 500 ਮੀਲ ਹੈ, ਪਰ ਇਸ ਟਾਪੂ ਦੀ ਚੁੜਾਈ ਕਿਧਰੋਂ ਵੀ 200 ਮੀਲ ਤੋਂ ਵੱਧ ਨਹੀਂ। ਪੰਜਾਬ ਵਾਲ਼ੀ ਅਵਸਥਾ ਨਹੀਂ ਕਿ ਨੇੜੇ ਤੋਂ ਨੇੜੇ ਸਮੁੰਦਰ ਹਜ਼ਾਰਾਂ ਮੀਲਾਂ ਉੱਤੇ ਹੋਵੇ।

ਫੁੱਲ ਉੱਥੇ ਹੀ ਪੱਕਦੇ ਹਨ, ਉੱਥੇ ਹੀ ਸੁੱਕ ਕੇ ਮੁੜ ਉਹਨਾਂ ਦਾ ਬੀਜ ਉੱਥੇ ਹੀ ਉੱਗ ਪੈਂਦਾ ਹੈ ਤੇ ਇਉਂ ਉਹ ਜੰਗਲ਼ ਦਿਨੋ-ਦਿਨ ਸੰਘਣੇ ਹੁੰਦੇ ਜਾਂਦੇ ਹਨ। ਪਾਣੀ ਤੇ ਧੁੱਪ ਪ੍ਰਕਿਰਤੀ ਵੱਲੋਂ ਮਿਲ਼ਦੀ ਹੈ। ਧਰਤੀ ਅਣਵਾਹੀ ਹੋਣ ਕਰਕੇ ਹੋਰ ਵੀ ਤਾਕਤ ਵਾਲ਼ੀ ਹੈ। ਇਉਂ ਇਹਨਾਂ ਜੰਗਲ਼ਾਂ ਵਿੱਚ ਘੱਟ-ਵੱਧ ਹੀ ਕਿਧਰੇ ਕੋਈ ਥਾਂ ਖ਼ਾਲੀ ਰਹਿੰਦੀ ਹੈ। ਨਿਰੇ ਰੁੱਖ ਹੀ ਨਹੀਂ, ਇਹਨਾਂ ਉੱਤੇ ਚੜ੍ਹੀਆਂ ਵੇਲਾਂ ਤੇ ਧਰਤੀ ਉੱਤੇ ਪਸਰੀਆਂ ਬੂਟੀਆਂ ਇਹਨਾਂ ਜੰਗਲ਼ਾਂ ਨੂੰ ਨਿਰੋਲ ਹਰਿਆਵਲਾ ਸੰਸਾਰ ਬਣਾ ਦੇਂਦੀਆਂ ਹਨ।

ਮੈਂ ਉਹਨਾਂ ਖਲੋਤੇ ਮਨੁੱਖਾਂ ਨੂੰ ਪੁੱਛਿਆ, ਤੁਸੀਂ ਏਥੇ ਕਿਉਂ ਖਲੋਤੇ ਹੋ ? ਉਹਨਾਂ ਨੇ ਦੱਸਿਆ, "ਅਸੀਂ ਇਸ ਜੰਗਲ਼ ਵਿੱਚੋਂ ਸਬਜ਼ੀ ਵੇਚਣ ਲਈ ਬਾਹਰ ਆਏ ਹਾਂ।" ਮੈਂ ਉਹਨਾਂ ਨੂੰ ਕਿਹਾ, "ਮੈਂ ਤੁਹਾਡੇ ਘਰ ਵੇਖਣੇ ਚਾਹੁੰਦਾ ਹਾਂ ਤੇ ਤੁਹਾਡਾ ਜੰਗਲ਼ ਵੀ।"

ਨਿਰੰਜਨ ਸਿੰਘ ਨੇ ਮੇਰਾ ਹੱਥ ਫੜ ਲਿਆ ਤੇ ਮੈਨੂੰ ਕਹਿਣ ਲੱਗਾ, "ਇਹਨਾਂ ਜੰਗਲ਼ਾਂ ਵਿੱਚ ਜਾਣ ਦੀ ਸਾਨੂੰ ਮਨਾਹੀ ਹੈ। ਗੌਰਮਿੰਟ ਨੇ ਸ਼ਹਿਰੀਆਂ ਦਾ ਜੰਗਲ਼ਾਂ ਵਿੱਚ ਜਾਣਾ ਬੰਦ ਕੀਤਾ ਹੋਇਆ ਹੈ, ਨਾਲ਼ੇ ਹੋ ਸਕਦਾ ਹੈ ਕਿ ਇਸ ਤਰ੍ਹਾਂ ਸਾਡਾ ਕੋਈ ਨੁਕਸਾਨ ਹੋਵੇ।"

ਇਚਿਰ ਨੂੰ ਜੰਗਲ਼ ਦਾ ਇੱਕ ਅਫ਼ਸਰ ਉੱਥੇ ਹੀ ਆ ਗਿਆ ਅਤੇ ਉਹ ਨਿਰੰਜਨ ਸਿੰਘ ਦਾ ਜਾਣੂ ਨਿਕਲ਼ ਆਇਆ। ਉਹ ਅੰਗਰੇਜ਼ ਸੀ। ਉਸ ਦੇ ਨਾਲ਼ ਉਸੇ ਦੀ ਕਾਰ ਵਿੱਚ ਤਿੰਨ ਹੋਰ ਅੰਗਰੇਜ਼ ਸਨ ਅਤੇ ਇਹਨਾਂ ਚਹੁੰਆਂ ਕੋਲ਼ ਹੀ ਵੱਖ-ਵੱਖ ਭਾਂਤਾਂ ਦੀਆਂ ਗੰਨਾਂ ਸਨ। ਉਹ ਜਾਂਗਲ਼ੀਆਂ ਨਾਲ਼ ਸਾਨੂੰ ਗੱਲ-ਬਾਤ ਕਰਦਿਆਂ ਵੇਖ ਕੇ ਸ਼ਾਇਦ ਕਿਸੇ ਸ਼ੱਕ ਨਾਲ਼ ਉੱਥੇ ਖਲੋਤੇ ਸਨ। ਜਦ ਨਿਰੰਜਨ ਸਿੰਘ ਨੇ ਉਸ ਨੂੰ ਦੱਸਿਆ ਕਿ ਇਹ ਨਵਾਂ ਆਇਆ ਯਾਤਰੂ ਹੈ ਅਤੇ ਲੇਖਕ ਹੈ ਤਾਂ ਉਹ ਅੰਗਰੇਜ਼, ਨਾਲ਼ ਹੋ ਕੇ ਸਾਨੂੰ ਜੰਗਲ਼ ਵਿਖਾਉਣ ਲਈ ਤਿਆਰ ਹੋ ਪਿਆ। ਇੱਕ ਸਿਪਾਹੀ ਨੂੰ ਉਹਨਾਂ ਦੀ ਕਾਰ ਕੋਲ਼ ਛੱਡ ਕੇ ਅਸੀਂ ਇੱਕ ਖੇਤ ਦੇ ਲਾਗਿਓਂ ਜੰਗਲ਼ ਵਿੱਚ ਜਾਂਦੇ ਰਸਤੇ ਉੱਤੇ ਪੈ ਕੇ ਤੁਰ ਪਏ।

ਜੰਗਲ਼ ਵਿੱਚ, ਮੰਗਲ਼ ਨਹੀਂ ਇਕਾਂਤ ਸੀ। ਹਵਾ ਨਾਲ਼ ਪੱਤੇ ਹਿੱਲ ਕੇ ਵੀ ਖੜਾਕ ਨਹੀਂ ਸਨ ਕਰਦੇ ਕਿਉਂਕਿ ਉੱਚੇ ਤੇ ਸੰਘਣੇ ਰੁੱਖ ਹਵਾ ਨੂੰ ਉੱਪਰ-ਉੱਪਰ ਹੀ ਰੱਖਦੇ ਸਨ। ਅੰਗਰੇਜ਼ ਨੇ ਦੱਸਿਆ ਕਿ ਦਿਨੇ ਤਾਂ ਇਹੋ-ਜਿਹੀ ਚੁੱਪ ਹੁੰਦੀ ਹੈ ਪਰ ਰਾਤੀਂ ਸੂਰਜ ਡੁੱਬਣ ਤੋਂ ਪਿੱਛੋਂ ਹੀ ਹਜ਼ਾਰਾਂ ਤਰ੍ਹਾਂ ਦੀਆਂ ਤਿਤਲੀਆਂ, ਪੰਛੀ, ਸੱਪ, ਨਿਓਲ਼ੇ, ਕੀੜੇ, ਚਮਗਿੱਦੜ ਆਦਿ ਨਿਕਲ਼ ਆਉਂਦੇ ਹਨ ਤੇ ਸੈਰ-ਸਪਾਟਾ ਕਰਦੇ ਹਨ; ਜੋ ਰੁੱਖਾਂ ਦੇ ਫਲ਼ ਤੇ ਜੜ੍ਹਾਂ ਖਾਂਦੇ ਅਤੇ ਜਾਂ ਫਿਰ ਇੱਕ-ਦੂਜੇ ਨੂੰ ਖਾ ਕੇ ਝੱਟ ਲੰਘਾਉਂਦੇ ਸਨ। ਉੱਚੇ ਰੁੱਖਾਂ ਦੇ ਉੱਪਰ ਕਿਤੇ-ਕਿਤੇ ਬਾਂਦਰ ਸਨ ਪਰ ਉਸ ਖੁੱਲ੍ਹੇ ਵਿੱਚ ਉਹਨਾਂ ਦੀ ਅਵਾਜ਼ ਧਰਤੀ ਤੱਕ ਘੱਟ ਹੀ ਪੁੱਜਦੀ ਸੀ ਕਿਉਂਕਿ ਰੁੱਖ ਬਹੁਤ ਉੱਚੇ ਸਨ। ਸਾਡੇ ਨਾਲ਼ ਤੁਰਨ ਵਾਲ਼ੇ ਦੋ-ਤਿੰਨ ਜਾਂਗਲ਼ੀਆਂ ਨੇ ਦੱਸਿਆ, "ਜੀ, ਏਥੇ ਕਦੇ-ਕਦੇ ਇੱਕ ਹਾਥੀ ਵੀ ਆਉਂਦਾ ਏ।" ਇੱਕ ਨੇ ਕਿਹਾ, "ਕਦੇ-ਕਦੇ ਸ਼ੇਰ ਵੀ ਪੈਂਦਾ ਏ।"



Downloaded from https:// www.studiestoday.com

Downloaded from https:// www.studiestoday.com

ਅੰਗਰੇਜ਼ ਨੇ ਦੱਸਿਆ, "ਮਲਾਇਆ ਦੇ ਜੰਗਲ਼ ਕਈ ਹੋਰ ਦੇਸਾਂ ਦੇ ਜੰਗਲ਼ਾਂ ਨਾਲ਼ੋਂ ਘੱਟ ਖ਼ਤਰੇ ਵਾਲ਼ੇ ਨੇ। ਇਹ ਠੀਕ ਹੈ ਕਿ ਸੱਪ, ਮਗਰ-ਮੱਛ ਤੇ ਸ਼ੇਰ ਇੱਥੇ ਹਨ ਅਤੇ ਹੋਰ ਵੀ ਵਿਹੁਲੇ ਕੀੜੇ ਕਿਧਰੇ-ਕਿਧਰੇ ਹਨ ਪਰ ਹੋਰ ਤਪਤ-ਖੰਡਾਂ ਨਾਲ਼ੋਂ ਇੱਥੇ ਖ਼ਤਰਾ ਘੱਟ ਹੈ। ਇਹੋ ਕਾਰਨ ਹੈ ਕਿ ਇੱਥੇ ਜੰਗਲ਼ਾਂ ਵਿੱਚ ਵੀ ਲੋਕ ਰਹਿੰਦੇ ਨੇ।"

ਅਸੀਂ ਹੌਲ਼ੀ-ਹੌਲ਼ੀ ਉਹਨਾਂ ਜਾਂਗਲ਼ੀਆਂ ਦੀ ਇੱਕ ਬਸਤੀ ਕੋਲ਼ ਜਾ ਪੁੱਜੇ। ਪੁੱਛ-ਗਿੱਛ ਤੋਂ ਮੈਨੂੰ ਲੱਗਾ ਕਿ ਮਲਾਇਆ ਦੇ ਜੰਗਲ਼ਾਂ ਵਿੱਚ ਤਿੰਨ ਜਾਤੀਆਂ ਦੇ ਲੋਕ ਰਹਿੰਦੇ ਸਨ। ਇੱਕ ਨੂੰ ਸਾਕਾਈ ਆਖੀਦਾ ਹੈ, ਦੂਜੇ ਜਾਕੂੰਨ ਕਹਾਉਂਦੇ ਹਨ ਅਤੇ ਤੀਜੀ ਨਸਲ ਨੂੰ ਨਗਰੀਟੋ ਆਖਦੇ ਹਨ। ਬਹੁਤੇ ਨਗਰੀਟੋ ਉੱਤਰੀ ਮਲਾਇਆ ਵਿੱਚ ਰਹਿੰਦੇ ਹਨ। ਜਾਕੂੰਨ ਦੱਖਣੀ ਮਲਾਇਆ ਦੇ ਜੰਗਲ਼ਾਂ ਵਿੱਚ ਤੇ ਇਹ ਜਿਹੜੇ ਸਾਡੇ ਨਾਲ਼ ਤੁਰੇ ਫਿਰਦੇ ਸਨ, ਇਹ ਸਾਕਾਈ ਸਨ ਜੋ ਬਹੁਤੇ ਮੱਧ ਮਲਾਇਆ ਵਿੱਚ ਰਹਿੰਦੇ ਹਨ।

ਸਾਨੂੰ ਚਿਟਕਪੜੀਆਂ ਤੇ ਗੰਨਾਂ ਵਾਲ਼ਿਆਂ ਨੂੰ ਆਉਂਦੇ ਵੇਖ ਕੇ, ਉਹ ਸਾਕਾਈ ਰੁੱਖਾਂ ਤੇ ਝਾੜੀਆਂ ਦੇ ਓਹਲੇ ਲੁਕਣ ਲੱਗ ਪਏ। ਮੈਨੂੰ ਇਉਂ ਜਾਪਣ ਲੱਗਾ ਜਿਵੇਂ ਉੱਥੇ ਰਹਿੰਦਾ ਹੀ ਕੋਈ ਨਹੀਂ, ਪਰ ਜੋ ਸਾਕਾਈ ਸਾਡੇ ਨਾਲ਼ ਸਨ, ਉਹ ਨਾਲ਼ ਦੀ ਝਾੜੀ ਵਿੱਚੋਂ ਹੀ ਇੱਕ-ਦੋ ਜਣਿਆਂ ਨੂੰ ਕੱਢ ਲਿਆ ਕਰਨ। ਮੈਂ ਜਾਣਿਆਂ, ਉਹ ਸਾਥੋਂ ਇੰਨਾ ਡਰਦੇ ਨਹੀਂ ਸਨ ਜਿੰਨਾ ਸ਼ਰਮਾਉਂਦੇ ਸਨ। ਕੱਪੜੇ ਵੀ ਉਹਨਾਂ ਵਿੱਚੋਂ ਘੱਟ-ਵੱਧ ਹੀ ਕਿਸੇ ਨੇ ਪਾਏ ਹੋਏ ਸਨ। ਹਾਂ, ਜੋ ਸਾਕਾਈ ਸਾਨੂੰ ਸੜਕ ਉੱਤੇ ਮਿਲ਼ੇ ਸਨ, ਉਹਨਾਂ ਦੇ ਤੇੜ ਲੰਗੋਟੇ ਹੈ ਸਨ।

ਉਹ ਝੁੰਡ ਦਾ ਝੁੰਡ ਇਕੱਠੇ ਹੀ ਰਹਿੰਦੇ ਹਨ ਅਤੇ ਇੱਕੋ ਜੰਗਲ਼ ਵਿੱਚ ਇੱਕੋ ਥਾਂ 'ਤੇ ਬਹੁਤਾ ਚਿਰ ਨਹੀਂ ਰਹਿੰਦੇ। ਪੁੱਛਣ ਤੋਂ ਪਤਾ ਲੱਗਾ ਕਿ ਇਹ ਝੁੰਡ ਏਥੇ ਦਸ ਦਿਨ ਹੋਏ, ਆਇਆ ਹੈ। ਇਹਨਾਂ ਕੋਲ਼ ਨਾ ਕੋਈ ਸਮਾਨ ਸੀ, ਨਾ ਮੰਜੇ, ਨਾ ਸੌਣ ਲਈ ਬਿਸਤਰੇ ਜਾਂ ਕੱਪੜੇ। ਉਹ ਘਰ ਵੀ ਨਹੀਂ ਬਣਾਉਂਦੇ। ਹੁਣ ਉਹਨਾਂ ਵਿੱਚੋਂ ਕਈਆਂ ਨੇ ਥੋੜ੍ਹਾ-ਬਹੁਤਾ ਸ਼ਹਿਰੀ ਜਾਂ ਪੇਂਡੂ ਜੀਵਨ ਸਿੱਖ ਲਿਆ ਹੈ ਪਰ ਅਜੇ ਵੀ ਬਹੁਤੇ ਖ਼ਾਲੀ ਹੱਥੀਂ ਹੀ ਤੁਰੇ ਫਿਰਦੇ ਹਨ। ਮੈਂ ਪੁੱਛਿਆ, "ਇਹ ਖਾਂਦੇ ਕੀ ਹਨ ?"

ਉਸ ਅੰਗਰੇਜ਼ ਨੇ ਦੱਸਿਆ, "ਜੋ ਕੁਝ ਇੱਥੇ ਜੰਗਲ਼ਾਂ 'ਚ ਆਪੇ ਉੱਗਦਾ ਹੈ, ਉਸ ਨਾਲ਼ ਗੁਜ਼ਾਰਾ ਕਰ ਲੈਂਦੇ ਨੇ। ਇਹਨਾਂ ਦੀਆਂ ਔਰਤਾਂ ਧਰਤੀ ਪੁੱਟ-ਪੁੱਟ ਕੇ ਜੜ੍ਹਾਂ ਕੱਢ ਲੈਂਦੀਆਂ ਨੇ, ਸਾਗ ਲੈ ਆਉਂਦੀਆਂ ਨੇ, ਫਲ਼, ਪੀਲੂ ਆਦਿ ਇਕੱਠੇ ਕਰ ਲੈਂਦੀਆਂ ਨੇ, ਮਨੁੱਖ-ਸ਼ਿਕਾਰੀ ਕੋਈ ਪੰਛੀ ਫੜ ਲਿਆਉਂਦਾ ਏ, ਕੋਈ ਕੱਛੂਕੰਮੇ ਤੇ ਕੋਈ ਬਾਂਦਰ। ਇਹਨਾਂ ਨੂੰ ਕੱਚੇ-ਭੁੰਨੇ ਕਰਕੇ ਜਾਂ ਕੱਚਿਆਂ ਨੂੰ ਹੀ ਖਾ ਜਾਂਦੇ ਹਨ। ਕਈ ਮੱਛੀਆਂ ਫੜ ਲੈਂਦੇ ਨੇ। ਬਹੁਤ ਕਰਕੇ ਹੱਥਾਂ ਉੱਤੇ ਹੀ ਖਾ-ਪੀ ਲੈਂਦੇ ਨੇ। ਕੋਈ ਵਿਆਹ-ਸ਼ਾਦੀ ਜਾਂ ਵਿਸ਼ੇਸ਼ ਸਮਾਂ ਹੋਵੇ ਤਾਂ ਪੱਤਿਆਂ ਉੱਤੇ ਰੱਖ ਕੇ ਖਾ ਲੈਂਦੇ ਨੇ।

ਆਪਣੇ ਸੁਭਾਅ ਅਨੁਸਾਰ ਮੈਂ ਸੋਚੀਂ ਪਿਆ ਹੋਇਆ ਸਾਂ, ਜਿਉਂਦੇ ਰਹਿਣ ਲਈ ਗੱਲ ਤਾਂ ਏਨੀ ਹੀ ਹੈ ਪਰ ਇਸ ਪੇਟ ਦੀ ਭੁੱਖ ਦੇ ਨਾਲ਼-ਨਾਲ਼ ਮਨੁੱਖ ਦੇ ਅੰਦਰ ਜੋ ਪ੍ਰਕਿਰਤਿਕ ਭੁੱਖ, ਕਲਾ ਤੇ ਸੁੰਦਰਤਾ ਜਾਂ ਸੁਹਜ ਲਈ ਰੱਖੀ ਗਈ ਹੈ, ਉਸ ਨੇ ਇਸ ਖਾਣ-ਪੀਣ ਦੇ ਕੰਮ ਨੂੰ ਕਿੱਥੋਂ ਤੱਕ ਪੁਚਾ ਦਿੱਤਾ ਹੈ। ਕਦੇ ਪੱਤੇ ਸਨ, ਫੇਰ ਥਾਲ਼ੀਆਂ ਤੇ ਛੰਨੇ ਬਣੇ ਅੱਜ ਭਾਂਤ-ਭਾਂਤ ਦੀਆਂ ਪਲੇਟਾਂ ਤੇ ਵੰਨ-ਸਵੰਨੇ ਭਾਂਡੇ ਹਨ। ਫੇਰ ਖਾਣ-ਪੀਣ ਲਈ ਤੇ ਸਭ ਭਾਂਤ ਦਾ ਸਮਾਨ, ਫੇਰ ਖਾਣੇ ਪਕਾਉਣ ਲਈ ਵੰਨ-ਸਵੰਨੇ ਢੰਗਾਂ ਅਤੇ ਇਹਨਾਂ ਸਭਨਾਂ ਨੂੰ ਨਿਭਾਉਣ ਲਈ ਅਤੇ ਇਹਨਾਂ ਤੱਕ ਪਹੁੰਚ ਕਰਨ ਲਈ ਅਥਾਹ ਮਾਇਆ ਦੀ ਲੋੜ, ਉਸ ਮਾਇਆ ਲਈ ਉੱਦਮ, ਪ੍ਰਪੰਚ ਤੇ ਕਪਟ। ਇਹ ਸਭ ਕੁਝ ਕਰਕੇ ਵੀ ਸੁੱਖ ਕਿੱਥੇ ਹੈ ? ਝਮੇਲੇ ਵਧ ਰਹੇ ਹਨ, ਲੋੜਾਂ ਵਧ ਰਹੀਆਂ ਹਨ, ਇਸ ਲਈ ਖਿੱਚੋ-ਤਾਣ ਵਧ ਰਹੀ ਹੈ ਅਤੇ ਇਹ ਖਿੱਚੋ-ਤਾਣ ਮਨੁੱਖ-ਮਨੁੱਖ ਦੀ ਨਹੀਂ ਰਹੀ ਸਗੋਂ ਕੌਮਾਂ ਤੇ ਦੇਸਾਂ ਦੀ ਬਣ ਗਈ ਹੈ। ਦੁਨੀਆਂ ਉੱਤੇ ਭੁੱਖ ਵਾਪਰ ਗਈ ਹੈ।

ਜਦੋਂ ਮੈਂ ਆਪਣੇ-ਆਪ ਵਿੱਚ ਆਇਆ ਤਾਂ ਨਿਰੰਜਨ ਸਿੰਘ ਕਹਿ ਰਿਹਾ ਸੀ, "ਇਹ ਦਰਿਆਵਾਂ ਦਾ ਜਾਂ ਇੱਧਰ-ਉੱਧਰ 'ਕੱਠਾ ਹੋਇਆ ਪਾਣੀ ਪੀ ਕੇ ਜਿਉਂ ਲੈਂਦੇ ਨੇ ਤੇ ਵੇਖੋ ਇਹ ਬਿਮਾਰ ਵੀ ਨਹੀਂ ਹੁੰਦੇ।"

ਅੰਗਰੇਜ਼ ਨੇ ਦੱਸਿਆ, "ਇਹਨਾਂ ਲਈ ਚੌਲ਼ ਬੜੀ ਸੁਗਾਤ ਜੇ। ਇਹ ਆਪ ਤਾਂ ਕਦੇ ਬੀਜਦੇ ਹੀ ਨਹੀਂ। ਬੱਸ ਇਹ ਸਬਜ਼ੀਆਂ ਵੇਚ ਕੇ ਚਾਵਲ ਲੈ ਆਉਂਦੇ ਨੇ ਜਾਂ ਕਈ ਵਾਰੀ ਲੂਣ ਤੇ ਮਿਰਚਾਂ ਖ਼ਰੀਦ ਲਿਆਉਂਦੇ ਨੇ। ਨਾ ਇਹ ਰੁਪਇਆ ਰੱਖਦੇ ਨੇ, ਨਾ ਬਹੁਤਾ ਕਮਾਉਂਦੇ ਨੇ, ਨਾ ਇਹਨਾਂ ਨੂੰ ਲੋੜ ਹੈ।

ਮੈਂ ਕਿਹਾ, "ਠੀਕ ਹੈ। ਇਹਨਾਂ ਦੇ ਰੁਪਇਆ ਕਿਸ ਕੰਮ ? ਡਾਲਰ ਤੇ ਨੋਟ ਮੀਂਹ ਵਿੱਚ ਗਲਣ ਤੋਂ ਬਿਨਾਂ ਜਾਂ ਇਹਨਾਂ ਦੇ ਜੀਵਨ ਦੀ ਸ਼ਾਂਤੀ ਨੂੰ ਤੇ ਸਾਦਗੀ ਨੂੰ ਨਾਸ ਕਰਨ ਤੋਂ ਬਿਨਾਂ ਹੋਰ ਇਹਨਾਂ ਦਾ ਕੀ ਸੁਆਰ ਸਕਦੇ ਨੇ ?"

ਇੱਕ ਸਾਕਾਈ ਨੂੰ ਮੈਂ ਇਸ਼ਾਰੇ ਨਾਲ਼ ਪੁੱਛਿਆ, "ਤੁਸੀਂ ਸੌਂਦੇ ਕਿੱਥੇ ਹੋ ?" ਉਸ ਨੇ ਮੈਨੂੰ ਇੱਕ ਥਾਂ ਵਿਖਾਈ। ਇਹ ਰੁੱਖ ਦੇ ਹੇਠਾਂ ਧਰਤੀ ਤੋਂ ਕੁਝ ਇੰਚ ਉੱਚਾ ਫੱਟਿਆਂ ਦਾ ਇੱਕ ਥੜ੍ਹਾ ਜਿਹਾ ਬਣਿਆ ਹੋਇਆ ਸੀ ਜਿਸ ਦੇ ਥੱਲੇ ਥੰਮ੍ਹੀਆਂ ਸਨ ਅਤੇ ਮਲਾਈ ਲੋਕਾਂ ਦੇ ਘਰਾਂ ਵਾਂਗ ਉੱਤੇ ਫੱਟਿਆਂ ਦੀ ਥਾਂ ਟਾਹਣੀਆਂ ਤੇ ਪੱਤੇ ਵਿਛਾਏ ਹੋਏ ਸਨ। ਉਸ ਦੇ ਉੱਤੇ ਪੱਤਿਆਂ ਦਾ ਇੱਕ ਢਾਲ਼ਵਾਂ ਜਿਹਾ ਛੱਪਰ ਸੀ ਤਾਂਜੋ ਮੀਂਹ ਵੇਲ਼ੇ ਉਹ ਸੁੱਕੇ ਰਹਿਣ। ਇਹ ਸੀ ਉਹਨਾਂ ਦਾ ਸਾਦਾ ਜਿਹਾ ਸੌਣ ਦਾ ਕਮਰਾ, ਜਿੱਥੇ ਉਹ



Downloaded from https:// www.studiestoday.com

Downloaded from https:// www.studiestoday.com

ਮਰਦ ਤੇ ਇਸਤਰੀਆਂ, ਬੁੱਢੇ ਤੇ ਜਵਾਨ ਸਭ ਇੱਕੋ ਪੱਧਰ ਉੱਤੇ ਬਿਨਾਂ ਬਿਸਤਰਿਆਂ, ਬਿਨਾਂ ਸਿਰ੍ਹਾਣਿਓਂ ਸੌਂ ਰਹਿੰਦੇ ਸਨ। ਮੈਂ ਸੋਚਿਆ ਕਿ ਸਾਡੇ ਲੋਕ ਤਾਂ ਕਬਰਾਂ ਵਿੱਚ ਪਏ ਹੋਏ, ਭੁੰਜੇ ਸੌਂਦੇ ਵੀ ਇੱਟ ਸਿਰ੍ਹਾਣੇ ਰੱਖ ਲੈਂਦੇ ਹਨ।

ਮੈਂ ਦੋ-ਤਿੰਨ ਸਾਕਾਈਆਂ ਦੇ ਹੱਥ ਵਿੱਚ ਇੱਕ ਲੰਮੀ ਜਿਹੀ ਬਾਂਸ ਦੀ ਨਾਲ਼ੀ ਵੇਖੀ। ਮੈਂ ਇੱਕ ਨੂੰ ਪੁੱਛਿਆ, ਇਹ ਕੀ ਹੈ ?" ਇੱਕ ਨੇ ਕਿਹਾ, 'ਬੋਤਲ।' ਅਸਲ ਵਿੱਚ ਉਹ ਬਾਂਸ ਦੀ ਪੋਰੀ ਸੀ। ਦੂਜੇ ਨੇ ਕਿਹਾ, ਇਹ ਤੌੜੀ ਹੈ। ਇਸ ਵਿੱਚ ਅਸੀਂ ਚਾਵਲ ਰਿੰਨ੍ਹਦੇ ਆਂ।" ਤੀਜੇ ਨੇ ਕਿਹਾ, "ਇਹ ਸਾਡਾ ਤੀਰ ਕਮਾਨ ਹੈ।" ਉਹ ਉਸ ਲੰਮੀ ਨਾਲ਼ੀ ਨੂੰ ਜਿਸ ਦੀਆਂ ਗੰਢਾਂ ਵਿੱਚੋਂ ਖੋਲ੍ਹ ਦਿੰਦੇ ਨੇ, ਤੀਰ ਚਲਾਉਣ ਲਈ ਵੀ ਵਰਤਦੇ ਨੇ। ਉਹਨਾਂ ਦਾ ਤੀਰ ਵੀ ਬਾਂਸ ਦੀ ਹੀ ਇੱਕ ਪਤਲੀ ਤੀਲ੍ਹ ਜਿਹੀ ਹੁੰਦੀ ਹੈ, ਜਿਸ ਨੂੰ ਉਸ ਲੰਮੀ ਨਾਲ਼ੀ ਵਿੱਚ ਰੱਖ ਕੇ ਉਹ ਫੂਕ ਮਾਰਦੇ ਹਨ ਤੇ ਇਸ ਤਰ੍ਹਾਂ ਜਾਨਵਰ ਦਾ ਨਿਸ਼ਾਨਾ ਫੁੰਡ ਲੈਂਦੇ ਹਨ। ਉਹਨਾਂ ਦਾ ਇਹ ਤੀਰ ਘੱਟੋ-ਘੱਟ ਛੇ ਇੰਚ ਤੇ ਵੱਧ ਤੋਂ ਵੱਧ ਡੇਢ ਫ਼ੁੱਟ ਲੰਮਾ ਹੁੰਦਾ ਹੈ ਅਤੇ ਇਹ ਸੂਈ ਜਿੰਨਾ ਪਤਲਾ ਹੁੰਦਾ ਹੈ। ਕਈ ਵਾਰੀ ਇਸ ਦੇ ਮੂੰਹ ਅੱਗੇ ਉਹ ਕੋਈ ਵਿਹੁਲੀ ਬੂਟੀ ਦਾ ਰਸ ਲਾ ਦੇਂਦੇ ਹਨ। ਉਹ ਇਸ ਫੂਕਨੀ ਨਾਲ਼ ਸ਼ਿਕਾਰ ਕਰਨ ਦੇ ਬੜੇ ਉਸਤਾਦ ਹੁੰਦੇ ਹਨ।

ਰਤਾ ਕੁ ਅੱਗੇ ਜਾ ਕੇ ਮੈਂ ਵੇਖਿਆ ਕਿ ਦੋ ਜਣੇ ਅੱਗ ਬਾਲਣ ਦਾ ਯਤਨ ਕਰ ਰਹੇ ਸਨ। ਉਹਨਾਂ ਨੇ ਰੁੱਖਾਂ ਦੇ ਸੁੱਕੇ ਪੱਤੇ ਇਕੱਠੇ ਕੀਤੇ ਹੋਏ ਸਨ ਅਤੇ ਇੱਕ ਸੁੱਕੀ ਲੱਕੜ ਵਿੱਚ ਉਹ ਏਨੀ ਜ਼ੋਰ ਨਾਲ਼ ਹੋਰ ਲੱਕੜ ਨੂੰ ਭੁਆਂ ਰਹੇ ਸਨ ਤੇ ਉਸ ਵਿੱਚ ਸੁੱਕੇ ਪੱਤੇ ਰੱਖੇ ਹੋਏ ਸਨ ਕਿ ਉਹ ਪੱਤੇ ਧੁਖਣ ਲੱਗ ਪਏ। ਨਾਰੀਅਲ ਦੀ ਉਤਲੀ ਛਿੱਲ ਦੇ ਵਾਲ਼ ਜਿਹੇ ਛੇਤੀ ਭਖ ਪੈਂਦੇ ਹਨ ਤੇ ਉਹਨਾਂ ਨੇ ਉਹ ਰੱਖੇ ਹੋਏ ਸਨ। ਇਸ ਅੱਗ ਉੱਤੇ ਉਹ ਬਾਂਸ ਵਿੱਚ ਰੱਖ ਕੇ ਚੀਜ਼ਾਂ ਉਬਾਲ਼ ਲੈਂਦੇ ਹਨ।

ਅੰਗਰੇਜ਼ ਨੂੰ ਮੈਂ ਪੁੱਛਿਆ, "ਇਹਨਾਂ ਦੇ ਵਿਆਹ ਕਿਸ ਤਰ੍ਹਾਂ ਹੁੰਦੇ ਹਨ ?"

ਉਸ ਨੇ ਉੱਤਰ ਦਿੱਤਾ, "ਵਿਆਹ ਕਰਾਉਣ ਵਾਲ਼ੇ ਕੁੜੀਆਂ ਤੇ ਮੁੰਡੇ ਇੱਕ ਰੁੱਖ ਥੱਲੇ ਇਕੱਠੇ ਹੋ ਜਾਂਦੇ ਹਨ ਅਤੇ ਝੁੰਡ ਦੇ ਬਾਕੀ ਮਨੁੱਖ ਵੀ ਉੱਥੇ ਆ ਜਾਂਦੇ ਹਨ। ਅੱਗੇ-ਅੱਗੇ ਕੁੜੀਆਂ ਭੱਜ ਪੈਂਦੀਆਂ ਹਨ ਤੇ ਪਿੱਛੇ ਮੁੰਡੇ। ਜਿਹੜਾ ਮੁੰਡਾ ਜਿਸ ਕੁੜੀ ਨੂੰ ਛੂਹ ਲਵੇ ਉਹ ਉਸ ਨਾਲ਼ ਵਿਆਹੀ ਗਈ।"

ਮੈਂ ਪੁੱਛਿਆ, "ਕੋਈ ਹੋਰ ਰਸਮ?"

ਉਸ ਨੇ ਦੱਸਿਆ, "ਬੜੀ ਖ਼ੁਸ਼ੀ ਕਰਨੀ ਹੋਵੇ, ਤਾਂ ਉਸ ਦਿਨ ਸਾਰੇ ਇਕੱਠੇ ਬੈਠ ਕੇ ਆਪਣੀ-ਆਪਣੀ ਰੋਟੀ ਉਸੇ ਰੁੱਖ ਥੱਲੇ ਖਾ ਲੈਂਦੇ ਹਨ।"

ਮੈਂ ਉਹਨਾਂ ਸਾਕਾਈਆਂ ਨੂੰ ਜੋ ਸਾਡੇ ਨਾਲ਼ ਰਾਹ ਦੱਸਣ ਲਈ ਗਏ ਸਨ, ਦੋ ਡਾਲਰ ਇਨਾਮ ਵਜੋਂ ਦੇਣੇ ਚਾਹੇ। ਉਹਨਾਂ ਨੇ ਕਿਹਾ, "ਸਾਨੂੰ ਲੋੜ ਨਹੀਂ।" ਅਸੀਂ ਵਾਪਸ ਆ ਰਹੇ ਸਾਂ। ਮੈਂ ਸੋਚ ਰਿਹਾ ਸਾਂ, "ਰਸਮਾਂ ਦੇ ਬੰਧਨਾਂ ਨੇ ਸਾਨੂੰ ਕਿੰਨਾ ਮਜਬੂਰ ਕਰ ਦਿੱਤਾ ਹੈ ਅਤੇ ਸਿੱਧੀ ਤਰ੍ਹਾਂ ਛੂਹਣ ਦੀ ਬਜਾਏ ਅਸੀਂ ਉਸ ਕੁੜੀ ਨੂੰ ਘੋੜੀਆਂ ਤੇ ਮੋਟਰਾਂ ਉੱਤੇ ਚੜ੍ਹ ਕੇ ਕਿੰਨੇ ਆਦਮੀਆਂ ਨੂੰ ਨਾਲ਼ ਲਿਜਾ ਕੇ ਹਜ਼ਾਰਾਂ ਰੁਪਏ ਖ਼ਰਚ ਕੇ ਫੇਰ ਕਿਤੇ ਕਈ ਇੱਕ ਰਸਮਾਂ ਵਿੱਚੋਂ ਲੰਘਾ ਕੇ ਛੂੰਹਦੇ ਹਾਂ। ਮੈਂ ਸੋਚਿਆ, "ਜ਼ਿੰਦਗੀ ਵੀ ਇੱਕ ਦੌੜ ਹੀ ਹੈ, ਜੋ ਛੂਹ ਲਏ ਉਹ ਜਿੱਤਿਆ; ਜੋ ਛੂਹਿਆ ਗਿਆ, ਉਹ ਹਾਰਿਆ। ਜਿਸ ਦੀ ਆਪਣੀ ਹੀ ਨੀਤ ਛੂਹੇ ਜਾਣ ਦੀ ਹੈ, ਉਹ ਕਿਉਂ ਦੌੜੇ ?"

ਮੇਰੇ ਦਿਲ ਵਿੱਚ ਆਈ, "ਅਸੀਂ ਬਰਾਬਰੀ ਵੇਖਣ ਲਈ ਵਿੱਦਿਆ, ਪੈਸਾ, ਖ਼ਾਨਦਾਨ, ਜਾਤ, ਦੇਸ ਅਤੇ ਹੋਰ ਪਤਾ ਨਹੀਂ ਕੀ-ਕੀ ਨਾਨਕ-ਦਾਦਕ ਫਰੋਲ਼ਦੇ ਰਹਿੰਦੇ ਹਾਂ। ਇਹਨਾਂ ਨੇ ਦੌੜ ਵਿੱਚ ਬਰਾਬਰੀ ਵੇਖ ਲਈ ਹੈ।

ਸਾਡਾ ਅੰਗਰੇਜ਼ ਮਿੱਤਰ ਕਹਿ ਰਿਹਾ ਸੀ, "ਕਿੰਨਾ ਸਿੱਧਾ ਹਿਸਾਬ ਐ" ਤੇ ਨਾਲ਼ ਹੀ ਕਹਿਣ ਲੱਗਾ, "ਸੱਭਿਅਤਾ ਗੁੰਝਲ਼ਾਂ ਦਾ ਹੀ ਨਾਂ ਹੈ।"

ਵਿਦਵਾਨ ਦੱਸਦੇ ਹਨ ਕਿ ਉਹ ਕਾਲ਼-ਕਲ਼ੀਚੇ, ਗਿੱਠੇ ਜਿਹੇ ਮਨੁੱਖ ਜਿਨ੍ਹਾਂ ਨੂੰ ਨਗਰੀਟੋ ਆਖੀਦਾ ਹੈ, ਅਸਲ ਵਿੱਚ ਫਿਲੇਪਾਈਨਜ਼ ਤੇ ਕਾਲ਼ੇ-ਪਾਣੀਆਂ ਦੇ ਟਾਪੂਆਂ ਦੇ ਰਹਿਣ ਵਾਲ਼ੇ ਸਨ ਅਤੇ ਅੱਜ-ਕੱਲ੍ਹ ਕੇਵਲ ਤਿੰਨ-ਚਾਰ ਹਜ਼ਾਰ ਮਲਾਇਆ ਵਿੱਚ ਹਨ।

ਇਸ ਵਿੱਦਿਆ ਦੇ ਜਾਣੂਆਂ ਦਾ ਇਹ ਵੀ ਵਿਚਾਰ ਹੈ ਕਿ ਇਹ ਜੇ ਕੋਈ ਗ਼ਲਤੀ ਕਰਦੇ ਵੀ ਹਨ ਤਾਂ ਲਾਲਚ-ਵੱਸ ਹੋ ਕੇ ਕਰਦੇ ਹਨ। ਇਹਨਾਂ ਵਿੱਚ ਕੋਈ ਹਾਕਮ ਨਹੀਂ ਹੁੰਦਾ ਤੇ ਨਾ ਹੀ ਇਹਨਾਂ ਦੀ ਕੋਈ ਸੰਸਥਾ ਹੈ। ਬੱਸ ਇਹ ਬਿਜਲੀ ਦੇ ਬੱਦਲ਼ਾਂ ਦੀ ਕੜਕ ਤੋਂ ਡਰਦੇ ਹਨ ਅਤੇ ਆਪਣੇ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਆਪਣੀਆਂ ਲੱਤਾਂ ਦੀਆਂ ਪਿੰਨੀਆਂ ਵਿੱਚੋਂ ਲਹੂ ਕੱਢ ਕੇ ਭੇਟਾ ਕਰਦੇ ਹਨ। ਇਹੀ ਉਹਨਾਂ ਦਾ ਸਾਦਾ ਜਿਹਾ ਧਰਮ ਹੈ।

ਨਸਲਾਂ ਦਾ ਅਸਲਾ ਪਛਾਣਨ ਵਾਲ਼ੇ ਗਿਆਨੀ ਤੇ ਸੱਭਿਅਤਾ ਦੀ ਉੱਨਤੀ ਨੂੰ ਘੋਖਣ ਵਾਲ਼ੇ ਵਿਦਵਾਨ ਲਿਖਦੇ ਹਨ ਕਿ



Downloaded from https:// www.studiestoday.com

Downloaded from https:// www.studiestoday.com

ਸਾਕਾਈ ਅਸਲ ਵਿੱਚ ਇੰਡੋਨੇਸ਼ੀਆ ਦੀ ਉਪਜ ਹਨ ਅਤੇ ਇਹਨਾਂ ਦੀ ਬੋਲੀ ਮਲਾਈ ਬੋਲੀ ਨਾਲ਼ੋਂ ਥੋੜ੍ਹੀ ਜਿਹੀ ਭਿੰਨਤਾ ਰੱਖਦੀ ਹੈ। ਉਸ ਬੋਲੀ ਦਾ ਅਸਲ ਨਾਂ, 'ਮੋਨ ਅਨਾਮ' ਹੈ। ਸਾਕਾਈ ਲੋਕਾਂ ਦਾ ਰਹਿਣ-ਸਹਿਣ ਹਿੰਦ-ਚੀਨੀ ਅਤੇ ਮਲਾਇਆ ਦੇ ਪਹਾੜੀ ਇਲਾਕਿਆਂ ਦੇ ਲੋਕਾਂ ਦੇ ਜੀਵਨ ਨਾਲ਼ ਰਲ਼ਦਾ ਹੈ। ਇਹਨਾਂ ਵਿੱਚੋਂ ਕਈਆਂ ਨੇ ਨਗਰੀਟੋਆਂ ਤੇ ਜਾਕੂੰਨਾਂ ਨਾਲ਼ ਵਿਆਹ ਵੀ ਕਰ ਲਏ ਹਨ ਅਤੇ ਆਸਟ੍ਰੇਲੀਆ ਦੀ ਇੱਕ ਕੌਮ ਨਾਲ਼ ਵੀ ਇਹਨਾਂ ਦਾ ਲਹੂ ਰਲ਼ਦਾ ਹੈ ਜੋ ਅੱਜ-ਕੱਲ੍ਹ ਦੇ ਆਸਟ੍ਰੇਲੀਆ ਦੇ ਟੱਪਰੀਵਾਸਾਂ ਤੇ ਪਾਪੂਅਨ ਨਾਂ ਦੀ ਨਸਲ ਹੈ। ਇਹਨਾਂ ਦੀ ਵੱਸੋਂ ਮਲਾਇਆ ਵਿੱਚ 24 ਹਜ਼ਾਰ ਦੇ ਲਗ-ਪਗ ਹੈ। ਇਹਨਾਂ ਵਿੱਚ ਕੁਝ ਕੁਲਾਂ ਅਤੇ ਝੁੰਡ ਹਨ ਅਤੇ ਉਹਨਾਂ ਦੇ ਵਿੱਚ ਜੋ ਵੱਡਾ ਆਗੂ ਹੁੰਦਾ ਹੈ ਉਸ ਦਾ ਹੁਕਮ ਸੱਭੇ ਮੰਨਦੇ ਹਨ। ਇਹ ਬਿਮਾਰੀਆਂ ਦਾ ਕਾਰਨ ਰੂਹਾਂ ਨੂੰ ਮੰਨਦੇ ਹਨ ਅਤੇ 'ਸ਼ਾਮਾਂ' ਨਾਂ ਦੇ ਕਿਸੇ ਦੇਵਤੇ ਦੀ ਪੂਜਾ ਕਰਦੇ ਹਨ ਜਿਸ ਨੂੰ ਪ੍ਰਸੰਨ ਕਰਨ ਲਈ ਇਹ ਕਈ ਇੱਕ ਸਾਦੀਆਂ ਰੀਤਾਂ ਕਰਦੇ ਹਨ, ਜਿਹਾ ਕਿ ਸ਼ੇਰ ਨੂੰ ਮਾਰ ਕੇ ਦੱਬਣਾ ਆਦਿ।

ਇਸ ਤਰ੍ਹਾਂ ਸੱਤ ਕੁ ਹਜ਼ਾਰ ਦੇ ਲਗ-ਪਗ ਜਾਕੂੰਨ ਮਲਾਇਆ ਵਿੱਚ ਰਹਿੰਦੇ ਹਨ। ਇਹਨਾਂ ਦੀ ਨਸਲ ਇੰਡੋਨੇਸ਼ੀਆ ਦੇ ਵਸਨੀਕਾਂ ਤੇ ਮੰਗੋਲਾਂ ਨਾਲ਼ ਰਲ਼ਦੀ ਹੈ। ਇਹਨਾਂ ਵਿੱਚੋਂ ਕਈ ਬੜੇ ਕੱਦਾਵਰ ਹੁੰਦੇ ਹਨ ਅਤੇ ਲੰਮੀਆਂ ਦਾਹੜੀਆਂ ਰੱਖਦੇ ਹਨ। ਇਹਨਾਂ ਦਾ ਰੰਗ ਵੀ ਕਾਲ਼ਾ ਹੁੰਦਾ ਹੈ। ਇਹ ਵੀ ਫਲ਼, ਸ਼ਿਕਾਰ ਤੇ ਮੱਛੀ ਦੇ ਸਹਾਰੇ ਜਿਊਂਦੇ ਹਨ, ਬੇੜੀਆਂ ਤੇ ਝੌਂਪੜੀਆਂ ਵਿੱਚ ਰਹਿੰਦੇ ਹਨ। ਕਿਸੇ ਸਮੇਂ ਵਿੱਚ ਇਹ ਮਲਾਇਆ ਦੇ ਸਮੁੰਦਰਾਂ ਵਿੱਚ ਆਉਂਦੇ-ਜਾਂਦੇ ਬੇੜਿਆਂ ਨੂੰ ਵੀ ਲੁੱਟਦੇ ਹੁੰਦੇ ਸਨ ਅਤੇ ਮਲਾਕਾ ਦੀ ਰਿਆਸਤ ਨੂੰ ਬਣਾਉਣ ਵਾਲ਼ਿਆਂ ਨੇ ਇਹਨਾਂ ਨੂੰ ਕੁਝ ਪਦਵੀਆਂ ਦੇ ਕੇ ਆਪਣੇ ਨਾਲ਼ ਰਲ਼ਾ ਲਿਆ ਸੀ। ਇਹ ਗੱਲਾਂ 16ਵੀਂ ਸਦੀ ਦੀਆਂ ਹਨ। 18ਵੀਂ ਸਦੀ ਵਿੱਚ ਜੌਹੋਰ ਦੇ ਸੁਲਤਾਨ ਦੇ ਹਮਾਇਤੀ ਤੇ ਵਫ਼ਾਦਰ ਸਨ। ਇਹ ਇਉਂ ਮੰਨਦੇ ਹਨ ਕਿ ਕੁਝ ਅਜਿਹੀਆਂ ਰੂਹਾਂ ਹੁੰਦੀਆਂ ਹਨ ਜੋ ਪੱਥਰਾਂ ਤੇ ਹੋਰ ਚੀਜ਼ਾਂ ਵਿੱਚ ਜਾਨ ਭਰ ਦੇਂਦੀਆਂ ਹਨ। ਇਹ ਕਈ ਇੱਕ ਹਿੰਦੂ ਦੇਵਤਿਆਂ ਦੀ ਪੂਜਾ ਵੀ ਕਰਨ ਲੱਗ ਪਏ ਹਨ। ਜਾਕੂੰਨਾਂ ਦੀ ਬੋਲੀ ਮਲਾਈ ਬੋਲੀ ਹੈ, ਅੰਤਰ ਇਹ ਹੈ ਕਿ ਇਸ ਵਿੱਚ ਅੰਗਰੇਜ਼ੀ ਜਾਂ ਹੋਰ ਬਾਹਰਲੇ ਸ਼ਬਦ ਸ਼ਹਿਰੀ ਬੋਲੀ ਵਾਂਗ ਨਹੀਂ ਰਲ਼ੇ।

ਅਸੀਂ ਸੜਕ ਤੱਕ ਪੁੱਜ ਚੁੱਕੇ ਸਾਂ। ਨੇੜੇ ਦੀ ਇੱਕ ਸੜਕ ਦੇ ਕੰਢੇ ਉੱਤੇ ਲੱਗੇ ਖੋਖੇ ਵਿੱਚ ਬਣੇ ਕਾਹਵਾਖ਼ਾਨੇ ਦੇ ਬਾਹਰ ਖਲੋ ਕੇ ਅਸਾਂ ਇੱਕ-ਇੱਕ ਕੱਪ ਕਾਫ਼ੀ ਦਾ ਪੀਤਾ ਜੋ ਉਸ ਅੰਗਰੇਜ਼ ਦਾ ਧੰਨਵਾਦ ਕਰਨ ਲਈ ਸੀ। ਅਸੀਂ ਪਹਾੜ ਵੱਲ ਚੜ੍ਹਨ ਲੱਗ ਪਏ ਤੇ ਉਹ ਅੰਗਰੇਜ਼ ਉਤਰਾਈ ਵੱਲ ਜਾ ਰਹੇ ਸਨ।

**ਇਸ ਪਾਠ ਵਿੱਚ ਆਏ ਨਾਂ, ਥਾਂ ਅਤੇ ਵਿਸ਼ੇਸ਼ ਸ਼ਬਦ—**

(ੳ) ਨਾਂ, ਥਾਂ—ਬਾਤੂ ਗਾਜਾ (ਮਲਾਇਆ ਅਰਥਾਤ ਮਲੇਸ਼ੀਆ ਦਾ ਇੱਕ ਸ਼ਹਿਰ), ਨਿਰੰਜਨ ਸਿੰਘ (ਲੇਖਕ ਦਾ ਇੱਕ ਨੇੜਲਾ ਸੰਬੰਧੀ), ਈਪੋ (ਮਲੇਸ਼ੀਆ ਦਾ ਇੱਕ ਸ਼ਹਿਰ), ਕੈਮਰਨ ਹਾਈਲੈਂਡ (ਈਪੋ ਦੇ ਨੇੜੇ ਕਾ ਇੱਕ ਇਲਾਕਾ), ਡਾਲਰ (ਅਮਰੀਕਾ ਦੀ ਕਰੰਸੀ), ਮਲਾਈ (ਮਲਾਇਆ ਦੇ ਵਸਨੀਕ, ਮਲੇਸ਼ੀਆ ਵਿੱਚ ਬੋਲੀ ਜਾਂਦੀ ਇੱਕ ਭਾਸ਼ਾ), ਸਾਕਾਈ, ਜਾਕੂੰਨ, ਨਗਰੀਟੋ (ਮਲਾਇਆ ਦੇ ਜੰਗਲ਼ਾਂ ਦੇ ਵਸਨੀਕਾਂ ਦੀਆਂ ਜਾਤੀਆਂ ਦੇ ਨਾਂ), ਫਿਲੇਪਾਈਨਜ਼ (ਏਸ਼ੀਆ ਦਾ ਇੱਕ ਮੁਲਕ), ਕਾਲ਼ੇ-ਪਾਣੀਆਂ ਦੇ ਟਾਪੂ (ਭਾਰਤ ਵਿੱਚ ਅੰਡੇਮਾਨ-ਨਿਕੋਬਾਰ ਦੇ ਦੀਪ-ਸਮੂਹ), ਇੰਡੇਨੇਸ਼ੀਆ (ਦੱਖਣੀ ਪੂਰਬੀ ਏਸ਼ੀਆ ਦਾ ਇੱਕ ਮੁਲਕ ਜੋ ਮਲੇਸ਼ੀਆ ਦੇ ਲਗ-ਪਗ ਦੱਖਣ ਵਿੱਚ ਹੈ), ਮੋਨ ਅਨਾਮ (ਸਾਕਾਈ ਜਾਤੀ ਦੇ ਜੰਗਲ਼ੀ ਲੋਕਾਂ ਦੀ ਬੋਲੀ), ਹਿੰਦ-ਚੀਨੀ (ਇੰਡੋ-ਚਾਈਨਾ, ਪਹਿਲਾਂ ਇਹ ਇੱਕ ਖੇਤਰ ਦਾ ਨਾਂ ਸੀ, ਹੁਣ ਰਾਜਨੀਤਿਕ ਵੰਡ ਵਿੱਚ ਵੀਅਤਨਾਮ ਆਦਿ ਦੇਸ ਹਨ), ਆਸਟ੍ਰੇਲੀਆ (ਇੱਕ ਮਹਾਂਦੀਪ ਦਾ ਨਾਂ, ਇੱਕ ਦੇਸ ਦਾ ਵੀ ਨਾਂ), ਪਾਪੂਅਨ (ਇੱਕ ਨਸਲ ਦਾ ਨਾਂ), ਸ਼ਾਮਾਂ (ਜੰਗਲ਼-ਨਿਵਾਸੀਆਂ ਦੇ ਇੱਕ ਦੇਵਤੇ ਦਾ ਨਾਂ), ਮੰਗੋਲ (ਮੰਗੋਲੀਆ ਦੇ ਵਸਨੀਕ), ਮਲਾਕਾ ਜੌਹੋਰ (ਮਲੇਸ਼ੀਆ ਦੀਆਂ ਦੋ ਰਿਆਸਤਾਂ ਦੇ ਨਾਂ)।

(ਅ) ਵਿਸ਼ੇਸ਼ ਸ਼ਬਦ—ਆਦੀ (ਆਦਤ ਦੇ ਸ਼ਿਕਾਰ, ਅਭਿਆਸੀ), ਬਿਓਰਾ (ਵਿਵਰਨ, ਤਫ਼ਸੀਲ), ਇਚਿਰ ਨੂੰ (ਇੰਨੇ ਚਿਰ ਨੂੰ, ਇੰਨੇ ਨੂੰ), ਵਿਹੁਲੇ (ਜ਼ਹਿਰੀਲੇ), ਚਿਟਕਪੜੀਆ (ਬਾਬੂ, ਸ਼ਹਿਰੀ ਹੋਣ ਤੋਂ ਭਾਵ ਹੈ), ਅਥਾਹ (ਜਿਸ ਦਾ ਥਾਹ ਨਾ ਪਾਇਆ ਜਾਵੇ) ਉੱਦਮ (ਜਤਨ, ਉਪਰਾਲਾ, ਹਿੰਮਤ), ਪ੍ਰਪੰਚ (ਅਡੰਬਰ), ਨਾਨਕ-ਦਾਦਕ (ਭਾਵ ਵਿਅਕਤੀ ਦੇ ਪਿਛੋਕੜ ਤੋਂ ਹੈ, ਨਾਨਕਿਆਂ-ਦਾਦਕਿਆਂ ਬਾਰੇ ਪੁੱਛਣਾ), ਪਦਵੀ (ਅਹੁਦਾ), ਹਮਾਇਤੀ (ਮਦਦਗਾਰ)।

## ਪਾਠ ਅਭਿਆਸ



Downloaded from https:// www.studiestoday.com

Downloaded from https:// www.studiestoday.com

*1. ਵਸਤੂਨਿਸ਼ਠ ਪ੍ਰਸ਼ਨ—*

(ੳ) ਲੇਖਕ ਨੂੰ ਪਹਾੜ 'ਤੇ ਲਿਜਾਣ ਲਈ ਮਾਤਾ ਜੀ ਨੇ ਕਿਸ ਨੂੰ ਕਿਹਾ ?

(ਅ) ਮਲਾਇਆ ਦੇ ਜੰਗਲ਼ਾਂ ਵਿੱਚ ਕਿਹੜੇ ਮਹੀਨੇ ਸੋਕਾ ਰਹਿੰਦਾ ਹੈ ?

(ੲ) ਮਲਾਇਆ ਦੇ ਜੰਗਲ਼ਾਂ ਵਿੱਚ ਕਿੰਨੀਆਂ ਜਾਤੀਆਂ ਦੇ ਲੋਕ ਰਹਿੰਦੇ ਹਨ ?

(ਸ) ਲੇਖਕ ਅਤੇ ਉਸਦੇ ਸਾਥੀਆਂ ਨੂੰ ਵੇਖ ਕੇ 'ਸਾਕਾਈ' ਲੋਕ ਕਿੱਥੇ ਲੁਕਣ ਲੱਗ ਪਏ ?

(ਹ) ਅੰਗਰੇਜ਼ ਅਫ਼ਸਰ ਅਨੁਸਾਰ ਸਾਕਾਈ ਲੋਕਾਂ ਲਈ ਕਿਹੜੀ ਚੀਜ਼ ਬੜੀ ਸੁਗਾਤ ਹੈ ?

(ਕ) 'ਸੱਭਿਅਤਾ ਗੁੰਝਲ਼ਾਂ ਦਾ ਹੀ ਨਾਂ ਹੈ।' ਇਹ ਸ਼ਬਦ ਕਿਸ ਨੇ ਆਖੇ ?

(ਖ) 'ਨਗਰੀਟੋ' ਲੋਕ ਕਿਸ ਤੋਂ ਡਰਦੇ ਹਨ ?

(ਗ) ਸਾਕਾਈ ਲੋਕਾਂ ਦੀ ਬੋਲੀ ਦਾ ਨਾਂ ਦੱਸੋ ?

(ਘ) ਮਲਾਇਆ ਦੇ ਜੰਗਲ਼ਾਂ ਵਿੱਚ ਰਹਿਣ ਵਾਲ਼ੇ ਜਾਕੂੰਨਾਂ ਦੀ ਗਿਣਤੀ ਕਿੰਨੀ ਕੁ ਹੈ ?

(ਙ) 'ਸ਼ਾਮਾਂ' ਨਾਂ ਦੇ ਦੇਵਤੇ ਦੀ ਪੂਜਾ ਕਿਹੜੀ ਜਾਤੀ ਦੇ ਲੋਕ ਕਰਦੇ ਹਨ ?

*2. ਦੱਸੋ—*

(ੳ) ਲੇਖਕ ਨੇ ਮਲਾਇਆ ਦੇ ਜੰਗਲ਼ਾਂ ਬਾਰੇ ਜਾਣਨਾ ਕਿਉਂ ਜ਼ਰੂਰੀ ਸਮਝਿਆ ?

(ਅ) ਮਲਾਇਆ ਵਿੱਚ ਸੰਘਣੇ-ਸੰਘਣੇ ਜੰਗਲ਼ ਹੋਣ ਦੇ ਕੀ ਕਾਰਨ ਹਨ ?

(ੲ) ਜੰਗਲ਼-ਨਿਵਾਸੀ ਵਿਆਹ ਕਿਵੇਂ ਕਰਦੇ ਹਨ ?

(ਸ) ਜੰਗਲ਼-ਨਿਵਾਸੀਆਂ ਦਾ ਰਹਿਣ-ਸਹਿਣ ਕਿਸ ਪ੍ਰਕਾਰ ਦਾ ਹੈ ?

(ਹ) ਲੇਖਕ ਨੇ ਜੰਗਲ-ਨਿਵਾਸੀਆਂ ਦੇ ਰਾਜਸੀ ਤੇ ਧਾਰਮਿਕ ਵਿਸ਼ਵਾਸਾਂ ਬਾਰੇ ਕੀ ਦੱਸਿਆ ਹੈ ?

(ਕ) ਜਾਂਗਲ਼ੀਆਂ ਦੀ ਬਾਂਸ ਦੀ ਨਾਲ਼ੀ ਉਹਨਾਂ ਦੇ ਕਿਹੜੇ-ਕਿਹੜੇ ਕੰਮ ਆਉਂਦੀ ਹੈ ?

*3. ਸਾਰ*

ਇਸ 'ਪਾਠ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

♦♦♦♦♦



Downloaded from https:// www.studiestoday.com

Downloaded from https:// www.studiestoday.com

*ਸਫ਼ਰਨਾਮਾ-ਲੇਖਕ*

# ਬਲਰਾਜ ਸਾਹਨੀ

*(1913-1973)*

| | | |
|---|---|---|
| ਮਾਤਾ ਜੀ | : | ਸ੍ਰੀਮਤੀ ਲਕਸ਼ਮੀ ਦੇਵੀ |
| ਪਿਤਾ ਜੀ | : | ਸ੍ਰੀ ਹਰਬੰਸ ਲਾਲ ਸਾਹਨੀ |
| ਜਨਮ-ਸਥਾਨ | : | ਰਾਵਲਪਿੰਡੀ |
| ਜਨਮ-ਮਿਤੀ | : | 1.5.1913 |
| ਦਿਹਾਂਤ | : | 13.4.1973 |
| ਵਿੱਦਿਆ | : | ਐੱਮ.ਏ. (ਅੰਗਰੇਜ਼ੀ) |
| ਕਿੱਤਾ | : | ਬਲਰਾਜ ਸਾਹਨੀ ਜੀ ਨੇ 1934 ਈ. ਵਿੱਚ ਐੱਮ. ਏ. ਕਰਨ ਤੋਂ ਪਿੱਛੋਂ ਦੋ ਕੁ ਸਾਲ ਪਿਤਾ-ਪੁਰਖੀ ਕਿੱਤਾ; ਵਪਾਰ ਕੀਤਾ, ਕੁਝ ਸਮਾਂ ਪੱਤਰਕਾਰੀ ਕੀਤੀ। ਸੰਨ 1938 ਈ. ਤੋਂ 1940 ਈ. ਤੱਕ ਸ਼ਾਂਤੀ- ਨਿਕੇਤਨ ਵਿੱਚ ਹਿੰਦੀ ਦੇ ਅਧਿਆਪਕ ਰਹੇ। 1940 ਈ. ਤੋਂ 1944 ਈ. ਤੱਕ ਬੀ. ਬੀ. ਸੀ. ਲੰਦਨ ਵਿੱਚ ਅਨਾਊਂਸਰ ਵਜੋਂ ਕੰਮ ਕੀਤਾ। ਮੁੱਖ ਕਿੱਤਾ ਐਕਟਿੰਗ ਰਿਹਾ। ਉਹਨਾਂ ਦੀਆਂ ਯਾਦਗਾਰੀ ਫ਼ਿਲਮਾਂ 'ਕਾਬਲੀਵਾਲਾ', 'ਦੋ ਬੀਘਾ ਜ਼ਮੀਨ', 'ਹਮ ਲੋਗ', 'ਹੀਰਾ ਮੋਤੀ', 'ਪਵਿੱਤਰ ਪਾਪੀ' ਆਦਿ ਸਨ। ਉਹਨਾਂ ਨੇ ਪਹਿਲਾਂ ਅੰਗਰੇਜ਼ੀ ਵਿੱਚ ਫਿਰ ਹਿੰਦੀ ਵਿੱਚ ਅਤੇ ਅੰਤ ਨੂੰ ਪੰਜਾਬੀ ਵਿੱਚ ਲਿਖਣਾ ਸ਼ੁਰੂ ਕੀਤਾ। |
| **ਮੁੱਖ ਰਚਨਾਵਾਂ** | : | ਪੰਜਾਬੀ ਵਿੱਚ ਉਹਨਾਂ ਦੀਆਂ ਮੁੱਖ-ਰਚਨਾਵਾਂ ਇਸ ਪ੍ਰਕਾਰ ਹਨ : ਮੇਰਾ ਪਾਕਿਸਤਾਨੀ ਸਫ਼ਰਨਾਮਾ, ਮੇਰਾ ਰੂਸੀ ਸਫ਼ਰਨਾਮਾ, ਗ਼ੈਰ ਜਜ਼ਬਾਤੀ ਡਾਇਰੀ, ਮੇਰੀ ਫ਼ਿਲਮੀ ਆਤਮ-ਕਥਾ, ਸਿਨਮਾ ਤੇ ਸਟੇਜ, ਯਾਦਾਂ ਦਾ ਝਰੋਖਾ, ਯਾਦਾਂ ਦੀ ਕੰਨੀ, ਵੇਟਰ ਦੀ ਵਾਰ, ਕੀ ਇਹ ਸੱਚ ਹੈ ਬਾਪੂ ? |

ਲੇਖਕ 1960 ਈ. ਵਿੱਚ ਪਾਕਿਸਤਾਨ ਦੀ ਯਾਤਰਾ 'ਤੇ ਗਿਆ। ਹਥਲੀ ਪਾਠ-ਪੁਸਤਕ ਵਿਚਲਾ ਇਹ ਪਾਠ ਬਲਰਾਜ ਸਾਹਨੀ ਜੀ ਦੇ ਇਸੇ ਸਫ਼ਰਨਾਮੇ 'ਮੇਰਾ ਪਾਕਿਸਤਨੀ ਸਫ਼ਰਨਾਮਾ' (1969) ਦੇ ਦੂਜੇ ਕਾਂਡ ਉੱਤੇ ਆਧਾਰਿਤ ਹੈ। ਉਹ ਦੇਸ-ਵੰਡ ਤੋਂ ਪਹਿਲਾਂ ਆਪਣੇ ਵਿਦਿਆਰਥੀ ਜੀਵਨ ਸਮੇਂ ਲਾਹੌਰ ਰਹੇ ਸਨ। ਉਹਨਾਂ ਦਾ ਜਨਮ-ਸਥਾਨ ਰਾਵਲਪਿੰਡੀ ਵੀ ਦੇਸ-ਵੰਡ ਪਿੱਛੋਂ ਪਾਕਿਸਤਾਨ ਵਿੱਚ ਰਹਿ ਗਿਆ ਸੀ। ਦੇਸ ਅਜ਼ਾਦ ਹੋਣ ਤੋਂ ਲਗ-ਪਗ ਦੋ ਦਹਾਕਿਆਂ ਪਿੱਛੋਂ ਉਹਨਾਂ ਨੇ ਮਾਂ-ਭੂਮੀ ਦੇ ਮੋਹ-ਵੱਸ ਪਾਕਿਸਤਾਨੀ ਯਾਤਰਾ ਕੀਤੀ। ਇਸ ਯਾਤਰਾ ਸਮੇਂ ਉਹ ਆਪਣੇ ਬਚਪਨ ਤੇ ਜਵਾਨੀ ਦੀਆਂ ਯਾਦਾਂ ਨਾਲ਼ ਜੁੜੀਆਂ ਥਾਂਵਾਂ ਵੇਖਦੇ ਹਨ। ਉਹਨਾਂ ਨੂੰ ਉੱਥੇ ਕੁਝ ਪਹਿਲਾਂ ਜਿਹਾ ਅਤੇ ਕੁਝ ਬਦਲਿਆ ਮਹਿਸੂਸ ਹੁੰਦਾ ਹੈ। ਆਪਣੀ ਯਾਤਰਾ ਬਾਰੇ ਦੱਸਦੇ ਹੋਏ ਉਹ ਥਾਂਵਾਂ, ਘਟਨਾਵਾਂ, ਪਰਿਸਥਿਤੀਆਂ ਅਤੇ ਵਿਅਕਤੀਆਂ ਬਾਰੇ ਟਿੱਪਣੀਆਂ ਵੀ ਕਰਦੇ ਹਨ। ਇਸ ਤਰ੍ਹਾਂ ਇਹ ਸਫ਼ਰਨਾਮਾ ਕਦੇ ਬੀਤੇ ਅਤੇ ਕਦੇ ਵਰਤਮਾਨ ਵੱਲ ਝਾਤ ਪੁਆਉਂਦਾ ਹੈ।

## ਰੱਜੀ-ਪੁੱਜੀ ਮਿੱਟੀ

ਗੱਡੀ ਰੁਕੀ, ਮੈਂ ਬਾਰੀ ਵਿੱਚੋਂ ਝਾਤ ਮਾਰ ਕੇ ਲਾਹੌਰ ਸਟੇਸ਼ਨ ਦੀਆਂ ਬੁਰਜੀਆਂ ਵੱਲ ਵੇਖਿਆ।

ਮੈਨੂੰ ਲਾਹੌਰ ਕਦੇ ਵੀ ਬਹੁਤਾ ਯਾਦ ਨਹੀਂ ਸੀ ਆਉਂਦਾ। ਬਹੁਤਾ ਕਰਕੇ ਪਿੰਡੀ ਲਈ ਜੀਅ ਤੜਫਦਾ ਸੀ। ਇਸ ਦੇ ਕਈ ਕਾਰਨ ਸਨ। ਇੱਕ ਤਾਂ ਮੈਂ ਬਚਪਨ ਤੋਂ ਦਿਸਹੱਦੇ ਤੇ ਪਹਾੜ ਵੇਖਣ ਦਾ ਆਦੀ ਸਾਂ। ਜਦੋਂ ਪਿੰਡੀ ਛੱਡ ਕੇ ਗੌਰਮਿੰਟ ਕਾਲਜ,



Downloaded from https:// www.studiestoday.com

Downloaded from https:// www.studiestoday.com

ਲਾਹੌਰ ਦੇ ਨਿਊ ਹੋਸਟਲ ਵਿੱਚ ਆ ਡਟਿਆ ਤਾਂ ਉਹਦੇ ਕੋਠੇ ਤੋਂ ਕਿਸੇ ਪਾਸੇ ਕੋਈ ਪਹਾੜ ਨਾ ਵੇਖ ਕੇ ਮੈਨੂੰ ਇੰਞ ਜਾਪਿਆ ਜਿਵੇਂ ਕੁਦਰਤ ਦੇ ਕਿਸੇ ਬਹੁਤ ਵੱਡੇ ਨੇਮ ਦਾ ਉਲੰਘਣ ਹੋ ਗਿਆ ਹੋਵੇ। ਉਹ ਘਬਰਾਹਟ ਮੈਨੂੰ ਅਜੇ ਤੱਕ ਨਹੀਂ ਭੁੱਲੀ।

ਦੂਜੇ, ਗਰਮੀਆਂ ਵਿੱਚ ਲਾਹੌਰ ਦੀ ਹਨੇਰੀ ਤੇ ਸਰਦੀਆਂ ਵਿੱਚ ਧੂੰਆਂ ਮੇਰੇ ਲਈ ਨਰਕ ਦਾ ਰੂਪ ਸਨ। ਸਾਡੇ ਪਿੰਡੀ ਝੱਟ ਦਾ ਹਨੇਰੀ-ਝੱਖੜ ਝੁੱਲਦਾ ਤੇ ਫੇਰ ਪਾਣੀ ਵਰ੍ਹਨ ਲੱਗ ਪੈਂਦਾ। ਮਤਲਾ ਸਾਫ਼-ਸ਼ਫ਼ਾਫ਼ ਹੋ ਜਾਂਦਾ ਤੇ ਬਾਰੀਆਂ-ਬੂਹੇ ਭੱਜਣ ਦੀ ਔਝੜ ਵੀ ਚੰਗੀ ਲੱਗਣ ਲੱਗ ਪੈਂਦੀ। ਰਾਤਾ ਠੰਢੀਆਂ ਹੋ ਜਾਂਦੀਆਂ।

ਇਹਦੇ ਉਲਟ, ਲਾਹੌਰ ਵਿੱਚ ਇੱਕ ਵਾਰੀ ਗ਼ੁਬਾਰ ਉੱਠ ਪਏ ਤਾਂ ਕਿਤਨੇ-ਕਿਤਨੇ ਦਿਨ ਸਾਹ ਲੈਣਾ ਵੀ ਔਖਾ ਹੋ ਜਾਂਦਾ ਸੀ। ਇੱਕ ਸਵੇਰ ਨਿਊ ਹੋਸਟਲ ਦੀ ਛੱਤ ਤੋਂ ਬਿਸਤਰਾ ਗੋਲ਼ ਕਰਕੇ ਜਦੋਂ ਹੇਠਾਂ ਆਪਣੇ ਕਿਊਬੀਕਲ ਵਿੱਚ ਆਇਆ ਤਾਂ ਸ਼ੀਸ਼ੇ ਵਿੱਚ ਆਪਣਾ ਮੂੰਹ ਵੇਖ ਕੇ ਡਰ ਗਿਆ, ਕਾਲ਼ਾ-ਚੁਆਤੀ ਹੋਇਆ ਪਿਆ ਸੀ। ਇੰਞ ਸਰਦੀਆਂ ਵਿੱਚ ਧੂੰਏਂ ਨਾਲ਼ ਕੇਵਲ ਅੱਖੀਆਂ ਹੀ ਨਹੀਂ, ਸਰੀਰ ਦੀਆਂ ਹੱਡੀਆਂ ਵੀ ਸੜੂੰ-ਸੜੂੰ ਕਰਨ ਲੱਗ ਪੈਂਦੀਆਂ ਸਨ।

ਫੇਰ, ਪਿੰਡੀ ਇੱਕ ਛੋਟਾ ਸ਼ਹਿਰ ਸੀ। ਅੰਗਰੇਜ਼ੀ ਰਾਜ ਦੀਆਂ ਕੁਟਿਲਨੀਤੀਆਂ, ਲੋਕ-ਜੀਵਨ ਉੱਪਰ ਹਾਵੀ ਨਹੀਂ ਸਨ ਹੋਈਆਂ। ਮਹੱਲੇਦਾਰੀਆਂ ਤੇ ਬਰਾਦਰੀਆਂ ਦੇ ਮੇਲ਼-ਮਿਲਾਪ ਕਾਇਮ ਸਨ। ਦੋਸਤੀਆਂ ਵਿੱਚ ਖ਼ਲੂਸ ਤੇ ਮਿਠਾਸ ਸੀ। ਸ਼ਰਾਫ਼ਤ ਤੇ ਨਿਰਮਾਣਤਾ ਦੀ ਕਦਰ ਸੀ। ਫ਼ਿਰਕੂਪੁਣੇ ਦਾ ਜ਼ਹਿਰੀਲਾ ਬੂਟਾ ਵਧ ਜ਼ਰੂਰ ਰਿਹਾ ਸੀ ਪਰ ਮਜ਼ਬੂਤ ਹਾਲੀ ਨਹੀਂ ਸੀ ਹੋਇਆ। ਪਰ ਲਾਹੌਰ ਵੱਡਾ ਕੇਂਦਰੀ ਸ਼ਹਿਰ ਹੋਣ ਕਰਕੇ ਨਵੇਂ ਫ਼ੈਸ਼ਨ ਦੀ 'ਸੱਭਿਅਤਾ' ਦੇ ਰੰਗ ਵਿੱਚ ਰੰਗਿਆ ਜਾ ਚੁੱਕਿਆ ਸੀ। ਏਥੇ ਪੈਸੇ ਤੇ ਰਸੂਖ਼ ਦੇ ਆਦਰਸ਼ਾਂ ਨੇ ਪੁਰਾਣੇ ਢੰਗ ਦੀਆਂ ਵਜ਼ੇਦਾਰੀਆਂ ਸਭ ਖ਼ਤਮ ਕਰ ਦਿੱਤੀਆਂ ਸਨ। ਹੂਰਾ ਮਾਰ ਕੇ ਅੱਗੇ ਵਧਣ ਲਈ ਸਭ ਤਰ੍ਹਾਂ ਦੇ ਹੀਲੇ, ਮੰਦੇ ਤੇ ਚੰਗੇ, ਜਾਇਜ਼ ਪ੍ਰਵਾਨ ਕੀਤੇ ਜਾ ਚੁੱਕੇ ਸਨ। ਮਾਹੌਲ ਵਿੱਚ ਹੱਦ ਦਰਜੇ ਦਾ ਕੋਰਾਪਣ ਆ ਚੁੱਕਿਆ ਸੀ ਤੇ ਵਿਦਿਆਰਥੀ ਜੀਵਨ ਉੱਪਰ ਵੀ ਇਸ ਦਾ ਕੁਦਰਤੀ ਤੌਰ 'ਤੇ ਪ੍ਰਭਾਵ ਸੀ। ਖੇਡਾਂ ਵਿੱਚ ਕੀ ਤੇ ਪੜ੍ਹਾਈ ਵਿੱਚ ਕੀ ਸਭ ਪਾਸੇ ਗੁੱਝੀਆਂ ਚਾਲਾਂ ਚੱਲੀਆਂ ਜਾਂਦੀਆਂ ਸਨ ਜੋ ਮੁਫ਼ੱਸਲ ਤੋਂ ਆਏ ਮੁੰਡਿਆਂ ਲਈ ਅਨੋਖੀਆਂ ਤੇ ਭੁੰਦਲ਼ਾਊ ਸਨ। ਫ਼ਿਰਕੂ ਖਿੱਚੋ-ਤਾਣ ਇਤਨੀ ਤੇਜ਼ੀ ਨਾਲ਼ ਵਧ ਰਹੀ ਸੀ ਕਿ ਭਵਿਖ ਦੀਆਂ ਭਿਆਨਕ ਹੋਣੀਆਂ ਦਾ ਆਕਾਰ ਸਾਫ਼ ਦਿਖਾਈ ਦੇ ਜਾਂਦਾ ਸੀ।

ਮਤਲਬ ਇਹ ਕਿ ਲਾਹੌਰ ਦੀ ਰੰਗੀਨ ਕਾਲਜੀਏਟ ਜ਼ਿੰਦਗੀ ਦੇ ਭਰਪੂਰ ਸੁਆਦ ਮਾਣਦਾ ਹੋਇਆ ਵੀ ਮੈਂ ਉਸ ਦੇ ਬੇਥਵ੍ਹੇਪਣ ਦੇ ਅਹਿਸਾਸ ਤੋਂ ਕਦੇ ਮੁਕਤ ਨਹੀਂ ਸਾਂ ਹੋ ਸਕਿਆ। ਇੱਕ ਖ਼ਲਾਅ ਮੈਂ ਹਮੇਸ਼ਾਂ ਮਹਿਸੂਸ ਕਰਦਾ ਰਹਿੰਦਾ ਸਾਂ ਜਿਸ ਦਾ ਕਾਰਨ ਨਾ ਤਾਂ ਮੈਂ ਸਮਝਦਾ ਸਾਂ ਤੇ ਨਾ ਮੈਨੂੰ ਕੋਈ ਸਮਝਾਉਣ ਵਾਲ਼ਾ ਸੀ। ਮੈਂ ਸੋਚਦਾ ਸਾਂ ਸ਼ਾਇਦ ਲਾਹੌਰ ਦੇ ਪਾਣੀ ਵਿੱਚ ਹੀ ਕੋਈ ਨੁਕਸ ਹੋਵੇਗਾ। ਮੈਂ ਲਾਹੌਰ ਨੂੰ ਆਪਣਾ ਕਦੇ ਨਹੀਂ ਸਾਂ ਆਖ ਸਕਿਆ।

ਪਰ ਅੱਜ ਲਾਹੌਰ ਸਟੇਸ਼ਨ ਦੇ ਗੇਰਵੇ ਬੁਰਜ ਵੇਖ ਕੇ ਖ਼ੌਰੇ ਮੈਨੂੰ ਕੀ ਹੋ ਗਿਆ। ਇੰਞ ਜਾਪਿਆ ਜਿਵੇਂ ਉਹਨਾਂ ਲਈ ਮੇਰੀ ਰੂਹ ਜੁਗਾਂ-ਜੁਗਾਂ ਤੋਂ ਤਰਸ ਰਹੀ ਸੀ। ਅੰਦਰ ਦੇ ਕਿਸੇ ਦੱਬੇ ਸੋਮੇ ਵਿੱਚੋਂ ਪਿਆਰ ਤੇ ਆਦਰ ਫੁੱਟ ਪਿਆ। ਫ਼ੁੱਟ-ਬੋਰਡ ਤੋਂ ਪੈਰ ਹੇਠਾਂ ਲਾਹੁਣ ਤੋਂ ਪਹਿਲਾਂ ਮੈਂ ਹੱਥ ਨਾਲ਼ ਧਰਤ ਨੂੰ ਛੂਹ ਕੇ ਪ੍ਰਣਾਮ ਕੀਤਾ।

ਡਾਕਟਰ ਨਜ਼ੀਰ ਅਹਿਮਦ (ਗੌਰਮਿੰਟ ਕਾਲਜ ਲਾਹੌਰ ਦੇ ਪ੍ਰਿੰਸੀਪਲ) ਮੈਨੂੰ ਲੈਣ ਲਈ ਯੂਨੀਵਰਸਿਟੀ ਦੀ ਇੱਕ ਜ਼ਰੂਰੀ ਮੀਟਿੰਗ ਵਿੱਚੋਂ ਉੱਠ ਕੇ ਆ ਗਏ ਸਨ। ਉਹਨਾਂ ਦੇ ਰਸੂਖ਼ ਨੇ ਕਸਟਮ, ਪਾਸਪੋਰਟ ਆਦਿ ਦੀਆਂ ਔਖੀਆਂ ਘਾਟੀਆਂ ਮਿੰਟਾਂ ਵਿੱਚ ਪਾਰ ਕਰਾ ਦਿੱਤੀਆਂ ਸਗੋਂ ਅਫ਼ਸਰਾਂ ਨੇ ਬੜੇ ਆਦਰ ਨਾਲ਼ ਮੈਨੂੰ ਚਾਹ ਵੀ ਪਿਆਈ। ਡਾਕਟਰ ਨਜ਼ੀਰ ਅਹਿਮਦ ਬੜੇ ਸੰਤੁਸ਼ਟ ਸਨ ਕਿ ਉਹਨਾਂ ਦੇ ਮਹਿਮਾਨ ਨੂੰ ਸਮਾਨ-ਸਮੂਨ ਖੋਲ੍ਹਣ ਦੀ ਜ਼ਹਿਮਤ ਨਹੀਂ ਕਰਨੀ ਪਈ ਪਰ ਮੈਂ ਇਸ ਉਤਾਵਲ ਤੋਂ ਜ਼ਰਾ ਵੀ ਸੰਤੁਸ਼ਟ ਨਹੀਂ ਸਾਂ। ਮੇਰਾ ਦਿਲ ਇੱਕ-ਇੱਕ ਪਲੇਟਫ਼ਾਰਮ ਗਾਹੁਣ ਦੀਆਂ ਸੱਧਰਾਂ ਲਾਹੁਣ ਲਈ ਕਰ ਰਿਹਾ ਸੀ।

ਸ਼ਾਮ ਦੇ ਚਾਰ ਵੱਜੇ ਹਨ। ਕਾਫ਼ੀ ਚਿਰ ਸੌਂ ਲਿਆ ਹਾਂ ਮੈਂ। ਜਿਸਮ ਵਿੱਚ ਤਾਜ਼ਗੀ ਆ ਗਈ ਹੈ। ਜੀਅ ਕਰਦਾ ਹੈ ਕਿ ਝੱਟ ਸੜਕਾਂ 'ਤੇ ਉੱਠ ਦੌੜਾਂ। ਗੌਰਮਿੰਟ ਕਾਲਜ ਦੇ ਟਾਵਰ ਦੀ ਉਹੋ ਪੁਰਾਣੀ ਘੜੀ ਟਨ-ਟਨ ਕਰਦੀ ਹੈ, ਯਾਰਾਂ ਵਜਾਏ ਸੂ, ਸ਼ਾਇਦ। ਉਹੋ ਪੁਰਾਣੀ ਬੇਪਰਵਾਹੀ ਉਸ ਦੀ, ਜਿਸ ਬਾਰੇ ਤਰ੍ਹਾਂ-ਤਰ੍ਹਾਂ ਦੇ ਲਤੀਫ਼ੇ ਘੜੇ ਜਾਂਦੇ ਸਨ। ਅਜੀਬ ਝਰਨਾਹਟਾਂ ਛਿੜਦੀਆਂ ਹਨ ਇਹਦੀ ਟਨ-ਟਨ ਸੁਣ ਕੇ। ਯਾਦਾਂ ਨਹੀਂ ਉਜਾਗਰ ਹੁੰਦੀਆਂ-ਕੇਵਲ ਇੱਕ ਡੂੰਘਾ ਜਿਹਾ ਟਿਕਾਅ, ਤਸਕੀਨ ਜਿਹੀ ; ਜਿਵੇਂ ਕੜਕਦੀ ਧੁੱਪ ਵਿੱਚ ਦੂਰ-ਦੂਰ ਉਡਾਰੀਆਂ ਮਾਰ ਕੇ ਮੁੜਿਆ ਭੁੱਖਾ-ਪਿਆਸਾ ਪੰਛੀ ਆਲ੍ਹਣੇ ਦਾ ਸੁਆਦ ਮਾਣ ਰਿਹਾ ਹੋਵੇ। ਦੂਰੋਂ ਟਾਂਗਿਆਂ ਦੀਆਂ ਟੱਲੀਆਂ, ਕਾਲਜ ਦੇ ਸਾਹਮਣੇ ਫਲ਼ ਵੇਚਣ ਵਾਲ਼ਿਆਂ ਦੀਆਂ 'ਵਾਜਾਂ.........।

ਜਿਸ ਬੰਗਲੇ ਵਿੱਚ ਮੈਂ ਠਹਿਰਿਆ, ਓਸ ਜ਼ਮਾਨੇ ਵਿੱਚ ਜੀ. ਡੀ. ਸੋਂਧੀ ਸਾਹਿਬ ਦੀ ਰਹਾਇਸ਼ਗਾਹ ਸੀ। ਉਹੋ ਨਿੰਮ੍ਹੇ-ਨਿੰਮ੍ਹੇ ਚਾਨਣ ਵਾਲ਼ੇ ਠੰਢੇ-ਠੰਢੇ ਕਮਰੇ, ਜਾਲ਼ੀਦਾਰ ਦਰਵਾਜ਼ੇ। ਗ਼ੁਸਲਖ਼ਾਨੇ ਵਿੱਚ ਤੌਲੀਆ ਖਿਲਾਰਨ ਵਾਲ਼ਾ ਰੈਕ। ਇਹ ਸਭ "ਭਵਾਨੀ ਜੰਕਸ਼ਨ" ਫ਼ਿਲਮ ਵਿੱਚ ਬੜੀ ਯਥਾਰਥਿਕਤਾ ਨਾਲ਼ ਵਿਖਾਇਆ ਗਿਆ ਸੀ। ਭਾਵੇਂ ਫ਼ਿਲਮ ਬੜੀ ਘਟੀਆ ਸੀ, ਫੇਰ ਵੀ ਬੰਬਈ ਦੇ ਸਿਨੇਮਾ-ਹਾਲ ਵਿੱਚ ਬੈਠਾ, ਅੱਜ ਤੋਂ ਦਸ ਸਾਲ ਪਹਿਲਾਂ, ਮੈਂ ਲਾਹੌਰ ਲਈ ਓਦਰ ਪਿਆ ਸਾਂ।



Downloaded from https:// www.studiestoday.com

Downloaded from https:// www.studiestoday.com

ਸਾਡੇ ਵੇਲ਼ੇ ਇਹਨਾਂ ਬੰਗਲਿਆਂ ਵਿੱਚ ਵੜਦਿਆਂ ਲੱਤਾਂ ਕੰਬਦੀਆਂ ਹੁੰਦੀਆਂ ਸਨ। ਪ੍ਰੋਫ਼ੈਸਰਾਂ ਦਾ ਧਮਾਕੇਦਰ ਅੰਗਰੇਜ਼ੀ ਡਰਾਵਾ ਹੁੰਦਾ ਸੀ। ਪਰ ਹੁਣ ਉਹ ਗੱਲ ਬਿਲਕੁਲ ਨਹੀਂ। ਬਾਹਰੋਂ ਘੰਟੀ ਵੱਜਦਿਆਂ ਸਾਰ ਡਾਕਟਰ ਨਜ਼ੀਰ ਅਹਿਮਦ ਖ਼ੁਦ ਦੌੜ ਕੇ ਬਾਹਰ ਜਾਂਦੇ ਹਨ, ਕੋਈ ਦਰਬਾਨ ਨਹੀਂ, ਵਰਦੀ ਵਾਲ਼ਾ ਪਹਿਰੇਦਾਰ ਨਹੀਂ। ਨਜ਼ੀਰ ਸਾਹਿਬ ਨੇ ਮੈਨੂੰ ਆਪਣਾ ਸੌਣ ਵਾਲ਼ਾ ਕਮਰਾ ਦੇ ਦਿੱਤਾ ਹੈ। ਉਸ ਵਿੱਚ ਕੱਪੜਿਆਂ ਦੀ ਅਲਮਾਰੀ ਨਾ ਹੋਣ ਦਾ ਉਹਨਾਂ ਨੂੰ ਅਫ਼ਸੋਸ ਸੀ। ਕਹਿਣ ਲੱਗੇ, "ਯਾਰ ਮੈਂ ਵਾਰਡਰੋਬ ਨਹੀਂ ਰੱਖੀ ਹੋਈ, ਤੈਨੂੰ ਤਕਲੀਫ਼ ਹੋਵੇਗੀ। ਦਰਅਸਲ ਮੇਰੇ ਇਤਨੇ ਕੱਪੜੇ ਹੈ ਹੀ ਨਹੀਂ। ਐਵੇਂ ਖ਼ਾਹ-ਮਖ਼ਾਹ ਕੌਣ ਵਖਤ ਪਾਏ। ਜੇ ਤੈਨੂੰ ਲੋੜ ਹੋਵੇ ਤਾਂ ਤਕੱਲਫ਼ ਨਾ ਕਰੀਂ, ਤੈਨੂੰ ਮੰਗਾ ਦਿਆਂਗਾ।" ਕਿਤਨਾ ਚੰਗਾ ਲੱਗਿਆ ਸੀ ਮੈਨੂੰ ਇਹ ਸੁਣ ਕੇ। ਗੌਰਮਿੰਟ ਕਾਲਜ ਲਾਹੌਰ ਲਈ ਕਦੇ ਅਜਿਹੇ ਪ੍ਰਿੰਸੀਪਲ ਦੀ ਮੈਂ ਕਲਪਨਾ ਵੀ ਕਰ ਸਕਦਾ ਸਾਂ ?

ਡਾਕਟਰ ਨਜ਼ੀਰ ਕਮਰੇ ਵਿੱਚ ਦਾਖ਼ਲ ਹੋਏ ਤਾਂ ਕਿਹਾ, "ਆਓ ਬਾਹਰ ਲਾਅਨ ਵਿੱਚ ਬਹਿ ਕੇ ਚਾਹ ਪੀਵੀਏ।" ਉਹਨਾਂ ਦੇ ਅੰਦਾਜ਼ ਵਿੱਚ ਕੋਈ ਉਚੇਚ ਨਹੀਂ, ਜਿਵੇਂ ਮੇਰੀਆਂ ਖ਼ਾਹਸ਼ਾਂ ਨੂੰ ਮੇਰੇ ਬਿਨ-ਆਖੇ ਸਮਝਦੇ ਹੋਣ। ਬਾਹਰ ਲਾਅਨ ਵਿੱਚ ਜਾ ਬੈਠੇ। ਉਹ ਮਖ਼ਮਲ ਵਰਗਾ ਘਾਹ, ਸੁਡੌਲ ਪਿੰਡੇ ਵਾਂਗ ਰੱਜੀ-ਪੁੱਜੀ ਮਿੱਟੀ, ਕਿਆਰੀਆਂ ਵਿੱਚ ਮਹਿਕਦੇ ਗੁਲਾਬ ਦੇ ਫੁੱਲ, ਦਰਖ਼ਤਾਂ ਦੀਆਂ ਸੰਘਣੀਆਂ ਛਾਂਵਾਂ। ਮੈਂ ਭਲਾ ਕਿਵੇਂ ਭੁੱਲ ਸਕਦਾ ਸਾਂ ਪਿੰਡੀਓਂ ਲਾਹੌਰ ਆ ਕੇ ਮੇਰੀ ਆਤਮਾ ਨੇ ਪਹਿਲੀ ਵਾਰ ਮੋਕਲ਼ਾਪਣ ਅਨੁਭਵ ਕੀਤਾ ਸੀ। ਕਿਵੇਂ ਬਹਾਨੇ ਪਾ-ਪਾ ਕੇ ਮੈਂ ਲਾਹੌਰ ਨੱਠ ਪੈਂਦਾ ਸਾਂ ?.....

ਇੱਕ ਘਟਨਾ ਯਾਦ ਆਈ। ਐੱਮ. ਏ. ਪਾਸ ਕਰਨ ਤੋਂ ਬਾਅਦ ਪਿੰਡੀ ਆਪਣੇ ਪਿਤਾ ਜੀ ਦੀ ਸਰਪ੍ਰਸਤੀ ਵਿੱਚ ਕੱਪੜੇ ਦਾ ਵਪਾਰ ਕਰਦਾ ਸਾਂ। ਨਵੀਂ-ਨਵੀਂ ਮੇਰੀ ਸ਼ਾਦੀ ਹੋਈ ਸੀ। ਮੇਰਾ ਭਰਾ ਭੀਸ਼ਮ ਅਜੇ ਵੀ ਗੌਰਮਿੰਟ ਕਾਲਜ ਵਿੱਚ ਸੀ. ਐੱਮ. ਏ. ਕਰ ਰਿਹਾ ਸੀ। ਉਹਦਾ ਖ਼ਤ ਆਇਆ, "ਕਾਲਜ ਦਾ ਨਵਾਂ ਡ੍ਰਾਮਾ ਅਗਲੇ ਸ਼ਨਿੱਚਰ ਅਤੇ ਐਤਵਾਰ ਖੇਡਿਆ ਜਾ ਰਿਹਾ ਹੈ, ਮੈਂ ਵੀ ਹਿੱਸਾ ਲੈ ਰਿਹਾਂ। ਜ਼ਰੂਰ ਆਓ, ਵੇਖਣ।" ਪਿਤਾ ਜੀ ਮੈਨੂੰ ਅੱਥਰਾ ਢੱਗਾ ਸਮਝ ਕੇ ਜ਼ਰਾ ਕੱਸ ਕੇ ਕਿੱਲੇ ਨਾਲ਼ ਬੰਨ੍ਹਦੇ ਸਨ। ਉਹਨਾਂ ਤੋਂ ਮੰਗਿਆਂ ਇਜਾਜ਼ਤ ਮਿਲਣੀ ਨਾਮੁਮਕਿਨ ਵੇਖ ਕੇ ਮੈਂ ਸ਼ਨਿੱਚਰ ਦੀ ਦੁਪਹਿਰ ਇੱਕ ਖ਼ਤ ਲਿਖ ਕੇ ਉਹਨਾਂ ਦੀ ਮੇਜ਼ 'ਤੇ ਰੱਖ ਦਿੱਤਾ, ਜਿਸ ਦਾ ਲਬੋਲੁਬਾਬ ਸੀ ਕਿ ਜਿਵੇਂ ਸਰਕਾਰੀ ਦਫ਼ਤਰਾਂ ਵਿੱਚ ਸ਼ਨਿੱਚਰ ਦਾ ਅੱਧਾ ਦਿਨ ਤੇ ਐਤਵਾਰ ਦਾ ਪੂਰਾ ਦਿਨ ਛੁੱਟੀ ਹੁੰਦੀ ਹੈ, ਏਸੇ ਤਰ੍ਹਾਂ ਵਪਾਰੀ ਦਫ਼ਤਰਾਂ ਵਿੱਚ ਵੀ ਹੋਣੀ ਚਾਹੀਦੀ ਹੈ ਤੇ ਬੰਦਾ ਛੁੱਟੀ ਕਿਵੇਂ ਗੁਜ਼ਾਰੇ ਇਹ ਵੀ ਉਸ ਦੀ ਮਨ-ਮਰਜ਼ੀ 'ਤੇ ਨਿਰਭਰ ਹੋਣਾ ਚਾਹੀਦਾ ਹੈ ਅਤੇ ਏਸ ਅਸੂਲ ਦੇ ਮਾਤਹਿਤ ਮੈਂ ਆਪਣੀ ਬੀਵੀ ਨੂੰ ਨਾਲ਼ ਲੈ ਕੇ 'ਵੀਕ ਐਂਡ' ਲਈ ਲਾਹੌਰ ਜਾ ਰਿਹਾਂ, ਸੋਮਵਾਰ ਸਵੇਰੇ ਡਿਊਟੀ 'ਤੇ ਹਾਜ਼ਰ ਹੋ ਜਾਵਾਂਗਾ।

ਮੈਨੂੰ ਪਤਾ ਸੀ ਪਿੱਛੋਂ ਘਰ ਵਿੱਚ ਖ਼ੂਬ ਰੌਲ਼ਾ ਪਵੇਗਾ। ਪੁੱਤਰ ਦਾ ਇਜਾਜ਼ਤ ਲਏ ਬਿਨਾਂ ਜਾਣਾ ਮਾਫ਼ ਕੀਤਾ ਜਾ ਸਕਦਾ ਹੈ ਪਰ ਨੂੰਹ ਦਾ ਕਦੇ ਨਹੀਂ। ਪਰ ਦੋਵੇਂ ਅੱਲ੍ਹੜ ਸਾਂ, ਵਾਪਸ ਆ ਕੇ ਵੇਖਿਆ ਜਾਵੇਗਾ, ਦੋ ਪਈਆਂ ਵਿੱਸਰ ਗਈਆਂ, ਯਾਰਾਂ ਦੀਆਂ ਦੂਰ ਬਲਾਈਂ।

ਲਾਹੌਰ ਪੁੱਜਾ, ਡ੍ਰਾਮਾ ਵੇਖਿਆ, ਬੜੀਆਂ ਐਸ਼ਾਂ ਕੀਤੀਆਂ। ਦੂਜੀ ਰਾਤ ਬਾਕੀ ਦੇ ਪੈਸਿਆਂ ਨਾਲ਼ ਦੋ ਥਰਡ ਕਲਾਸ ਦੀਆਂ ਟਿਕਟਾਂ ਖ਼ਰੀਦੀਆਂ। ਬਾਰਾਂ ਵਜੇ ਦੀ ਗੱਡੀ ਚੜ੍ਹੇ, ਭੀੜ ਬਹੁਤੀ ਸੀ। ਦਮੋ ਨੂੰ ਵੱਖਰੇ ਜ਼ਨਾਨੇ ਡੱਬੇ ਵਿੱਚ ਬਿਠਾਇਆ। ਰਾਤ ਸਾਰੀ ਮੈਂ ਉਹਦੀ ਸੁਰਤ-ਸੋਝੀ ਨਾ ਕਰ ਸਕਿਆ, ਹਾਲਾਂ ਕਿ ਨਵੇਂ ਪਤੀ ਨੂੰ ਆਪਣੀਆਂ ਜ਼ੁੰਮੇਵਾਰੀਆਂ ਦਾ ਅਹਿਸਾਸ ਬਹੁਤ ਹੁੰਦੈ। ਸਵੇਰੇ ਜ਼ਰਾ ਚਿਰਾਕੇ ਅੱਖ ਖੁੱਲ੍ਹੀ ਤੇ ਅਗਲਾ ਸਟੇਸ਼ਨ ਆਉਂਦਿਆਂ ਹੀ ਮੈਂ ਜ਼ਨਾਨੇ ਡੱਬੇ ਵੱਲ ਤੁਰ ਪਿਆ ਪਰ ਉੱਥੇ ਜਾ ਕੇ ਵੇਖਿਆ, ਡੱਬਾ ਖ਼ਾਲਮ-ਖ਼ਾਲੀ। ਇੱਕ ਬੁੱਢੀ ਤੀਵੀਂ ਬੈਠੀ ਸੀ। ਉਸ ਅੱਗੇ ਮੈਂ ਦਮੋ ਦਾ ਸਾਰਾ ਹੁਲੀਆ ਬਿਆਨ ਕੀਤਾ ਪਰ ਉਸ ਨੇ ਤਾਂ ਉਹੋ-ਜਿਹੀ ਕਿਸੇ ਕੁੜੀ ਨੂੰ ਵੇਖਿਆ ਨਹੀਂ ਸੀ। ਮੇਰੀਆਂ ਅੱਖਾਂ ਅੱਗੇ ਸਰ੍ਹੋਂ ਫੁੱਲ ਪਈ। ਛੋਟਾ ਜਿਹਾ ਸਟੇਸ਼ਨ ਸੀ। ਗੱਡੀ ਝੱਟ ਤੁਰ ਪਈ ਤੇ ਮੈਂ ਬੇਹੋਸ਼ੀ ਜਿਹੀ ਦੀ ਹਾਲਤ ਵਿੱਚ ਫੇਰ ਆਪਣੇ ਡੱਬੇ ਵਿੱਚ ਸਵਾਰ ਹੋ ਗਿਆ ਸੀ। ਅਗਲੇ ਸਟੇਸ਼ਨ ਤੀਕ ਜੋ ਮੇਰਾ ਹਾਲ ਹੋਇਆ, ਰੱਬ ਕਿਸੇ ਨੂੰ ਨਾ ਵਿਖਾਏ। ਮੈਨੂੰ ਕੀ ਮੌਤ ਪਈ ਸੀ, ਉਹਨੂੰ ਅਲੱਗ ਡੱਬੇ ਵਿੱਚ ਬਿਠਾਲਣ ਦੀ ? ਖ਼ੌਰੇ ਕੀ ਵਾਪਰ ਗਿਆ ? ਇੱਕ ਵਾਰੀ ਗੁਆਚੀ ਹੋਈ ਨੇ ਫੇਰ ਕਿੱਥੇ ਲੱਭਣੈ ? ਮਜ਼ਲੂਮ ਦੀ ਕਨੂੰਨ ਦੇ ਅੱਗੇ ਵੀ ਤਾਂ ਕੋਈ ਸੁਣਵਾਈ ਨਹੀਂ। ਕਿਸੇ ਨੇ ਸਾਥ ਨਹੀਂ ਦੇਣਾ। ਹੁਣ ਮੈਂ ਘਰ ਜਾ ਕੇ ਕੀ ਮੂੰਹ ਵਿਖਾਵਾਂਗਾ ? ਸਾਰਾ ਸ਼ਹਿਰ ਉਲਟਾ ਮੈਨੂੰ ਫਿਟਕਾਰੇਗਾ—ਫਲ਼ ਮਿਲ਼ ਗਿਆ ਫ਼ੈਸ਼ਨ-ਪਿੱਟਿਆਂ ਨੂੰ ਏਨੀ ਅੱਤ ਜੋ ਚਾਈ ਹੋਈ ਸੀ। ਸੁਰੱਖਿਅਤਾ ਤੇ ਬੇਫ਼ਿਕਰੀ ਸਾਡੇ ਦੇਸ ਵਿੱਚ ਕਿਤਨੀ ਛਿਣ-ਭੰਗਰ ਚੀਜ਼ ਸੀ, ਇਹਦਾ ਮੈਨੂੰ ਪਹਿਲੀ ਵਾਰ ਅਹਿਸਾਸ ਹੋਇਆ। ਕਿਤਨੇ ਥੋੜ੍ਹੇ ਜਿਹੇ ਉੱਚੇ ਦਰਜੇ ਦੇ ਲੋਕਾਂ ਲਈ ਬਣੀ ਸੀ ਇਹ ? ਤੇ ਉਹ ਵੀ ਬਦਕਿਸਮਤੀ ਨਾਲ਼ ਜੇ ਕੋਈ ਗ਼ਲਤ ਕਦਮ ਚੁੱਕ ਲੈਣ ਤਾਂ ਕਾਲ਼ੀ ਰੰਗਤ ਦੇ ਹੋਣ ਦੀ ਪੂਰੀ ਸਜ਼ਾ ਉਹਨਾਂ ਨੂੰ ਵੀ ਭੁਗਤਣੀ ਪਏਗੀ। ਆਸਰਾ ਨਹੀਂ, ਸਹਾਰਾ ਨਹੀਂ, ਪੁੱਛ-ਪ੍ਰਤੀਤ ਨਹੀਂ। ਇਨਸਾਨ ਦੀ ਵੁਕੱਅਤ ਇੱਕ ਕੀੜੇ-ਮਕੌੜੇ ਤੁਲ ਵੀ ਨਹੀਂ ਸੀ.......।

ਨੀਮ-ਮੁਰਦਾ ਜਿਹਾ ਅਗਲੇ ਸਟੇਸ਼ਨ 'ਤੇ ਫੇਰ ਦੌੜ ਪਿਆ। ਪਤਾ ਲੱਗਿਆ ਗੱਡੀ ਦੇ ਅਗਲੇ ਹਿੱਸੇ ਇੱਕ ਹੋਰ ਜ਼ਨਾਨਾ ਡੱਬਾ ਵੀ ਹੈ। ਉਸ ਤੀਕ ਪੁੱਜਿਆ। ਬਾਰੀ ਵਿੱਚ ਦਮੋ ਪਿੰਡੀ ਨੂੰ ਉਡੀਕਦੀ ਬਣੀ-ਸੰਵਰੀ ਨਿਸ਼ਚਿੰਤ ਬੈਠੀ ਸੀ। ਮੈਨੂੰ ਬੇਹਾਲ ਵੇਖ ਕੇ ਬੜੀ ਹੈਰਾਨ ਹੋਈ ਤੇ ਹੱਸੀ। ਰਾਤੀਂ ਡੱਬਾ ਖ਼ਾਲੀ ਹੁੰਦਾ ਵੇਖ ਕੇ ਉਹ ਇੱਕ-ਦੋ ਹੋਰ ਤੀਵੀਂਆਂ ਨਾਲ਼ ਇਸ ਦੂਜੇ ਡੱਬੇ ਵਿੱਚ ਆ ਗਈ ਸੀ।



Downloaded from https:// www.studiestoday.com

Downloaded from https:// www.studiestoday.com

ਜਿਤਨੀ ਛੇਤੀ ਦੁਨੀਆਂ ਗੁਆਚੀ ਉਤਨੀ ਛੇਤੀ ਲੱਭ ਵੀ ਗਈ। ਪਰ ਅੱਗੋਂ ਲਈ ਮੈਂ ਅਵੱਲੀਆਂ ਅਵਾਰਾਗਰਦੀਆਂ ਤੋਂ ਤੋਬਾ ਕਰ ਲਈ। ਉਸ ਹੌਲ ਨੂੰ ਮੈਂ ਕਦੇ ਨਹੀਂ ਭੁਲਾ ਸਕਿਆ।

ਕੀ ਹੁਣ ਵੀ ਪਿੰਡੀ ਤੇ ਲਾਹੌਰ ਦੀ ਜਨਤਾ ਲਈ ਸੁਰੱਖਿਅਤਾ ਕੇਵਲ ਬਾਰਸੂਖ਼ ਤੇ ਪਹੁੰਚ ਵਾਲ਼ੇ ਲੋਕਾਂ ਨੂੰ ਹੀ ਨਸੀਬ ਹੈ ?....ਮੇਰੇ ਆਪਣੇ ਦੇਸ ਹਿੰਦੁਸਤਾਨ ਵਿੱਚ ਕੀ ਹਾਲ ਹੈ ? ਸਧਾਰਨ ਜਨਤਾ ਇਸ ਅਜ਼ਾਦੀ ਦੇ ਦੌਰ ਵਿੱਚ ਵੀ ਕਿਤੇ ਅਨਾਥ ਹੀ ਤਾਂ ਨਹੀਂ ?

ਮੋਟਰ ਵਿੱਚ ਬਹਿ ਕੇ ਅਸੀਂ ਸੈਰ ਲਈ ਨਿਕਲ਼ੇ। ਜ਼ਿਲ੍ਹਾ ਕਚਹਿਰੀ ਵਾਲ਼ੇ ਮੋੜ ਤੋਂ ਰਾਵੀ ਰੋਡ 'ਤੇ ਪੈ ਗਏ। ਗੌਰਮਿੰਟ ਕਾਲਜ ਦੇ ਫਾਟਕ ਕੋਲ਼ ਇੱਕ ਮੀਲ-ਪੱਥਰ ਹੁੰਦਾ ਸੀ। ਨਿਊ ਹੋਸਟਲ ਤੋਂ ਸੜਕ ਪਾਰ ਕਰਕੇ ਕਾਲਜ ਜਾਂਦਿਆਂ ਮੈਂ ਆਪਮੁਹਾਰੇ ਉਸ ਵੱਲ ਨਜ਼ਰ ਮਾਰ ਕੇ ਲੰਘਦਾ ਹੁੰਦਾ ਸਾਂ—"ਰਾਵਲਪਿੰਡੀ-178 ਮੀਲ, ਗੁਜਰਾਂਵਾਲਾ-39 ਮੀਲ, ਜਿਹਲਮ-118 ਮੀਲ।" ਹੁਣ ਇਸ ਮੀਲ-ਪੱਥਰ ਦਾ ਸਰੀਰ ਵਧ ਕੇ ਚੌੜਾ ਹੋ ਗਿਆ ਹੈ ਤੇ ਹੋਰ ਵੀ ਕਿਤਨੇ ਫ਼ਾਸਲਿਆਂ ਦੀ ਤਫ਼ਸੀਲ ਲਿਖੀ ਹੋਈ ਹੈ—ਕਰਾਚੀ-897 ਮੀਲ, ਮੁਲਤਾਨ-263....। ਅਹੁ ਲੰਘ ਗਈ ਸੈਂਟਰਲ ਟ੍ਰੇਨਿੰਗ ਕਾਲਜ ਵੱਲ ਜਾਂਦੀ ਸੜਕ ! ਇਸ ਪਾਸੇ ਰੈਟੀਗਨ ਰੋਡ 'ਤੇ ਮੇਰੇ ਫੁੱਫੜ ਜੀ ਦਾ ਘਰ ਸੀ। ਉਹਨਾਂ ਦੇ ਲਾਗੇ ਪ੍ਰੋਫ਼ੈਸਰ ਰੁਚੀ ਰਾਮ ਸਾਹਨੀ ਰਹਿੰਦੇ ਸਨ। ਇੱਕ ਸ਼ਾਇਦ ਪਾਰਸੀਆਂ ਦਾ ਮੰਦਰ ਵੀ ਸੀ, ਜਿਦ੍ਹੇ ਨਾਲ਼ ਦੀ ਗਲ਼ੀ ਵਿੱਚੋਂ ਲੰਘ ਕੇ ਪ੍ਰੋਫ਼ੈਸਰ ਗੁਲਬਹਾਰ ਸਿੰਘ ਅਤੇ ਪ੍ਰੋਫ਼ੈਸਰ ਮਦਨ ਗੋਪਾਲ ਸਿੰਘ ਦੇ ਘਰ ਜਾਈਦਾ ਸੀ। ਅਹਿ ਭਾਟੀ ਵੱਲੋਂ ਆਉਂਦੀ ਸੜਕ ਰਲ਼ ਗਈ। ਔਹ 'ਗੁਰੂ ਦੱਤ ਭਵਨ' ਆ ਗਿਆ, ਵੇਖਾਂ ਤਾਂ ਸਹੀ ਹੁਣ ਇੱਥੇ ਕੀ ਬੋਰਡ ਲੱਗਾ ਹੋਇਆ ?.....ਡ੍ਰਾਈਵਰ ਮੋਟਰ ਨੂੰ ਇਤਨਾ ਤੇਜ਼ ਕਿਉਂ ਦੁੜਾਈ ਜਾਂਦਾ ਹੈ ?

ਕਾਲਜ ਦੇ ਜ਼ਮਾਨੇ ਵਿੱਚ ਰਾਵੀ ਰੋਡ ਦੀ ਸੈਰ ਸਾਈਕਲ ਜਾਂ ਟਾਂਗਿਆਂ 'ਤੇ ਕਰੀਦੀ ਸੀ। ਅੱਜ ਇਹ ਮੋਟਰ ਬੇਰਹਿਮੀ ਨਾਲ਼ ਜ਼ਿਹਨ ਵਿੱਚ ਜੁਗਰਾਫ਼ੀਆ ਬਦਲਦੀ ਜਾ ਰਹੀ ਹੈ। ਜਿਹੜੀਆਂ ਥਾਂਵਾਂ ਮੇਰੀ ਕਲਪਨਾ ਵਿੱਚ ਦੂਰ-ਦੂਰ ਸਨ, ਉਹ ਚੱਪੇ-ਚੱਪੇ ਦੀ ਵਿੱਥ 'ਤੇ ਆ ਗਈਆਂ ਹਨ। ਅੱਖ ਦੇ ਫੋਰ ਵਿੱਚ ਜਾਮਾ ਮਸਜਦ ਦੇ ਆਲੀਸ਼ਾਨ ਗੁੰਬਦ ਦਿਸ ਪਏ, ਫੇਰ ਮਿੰਟੋ ਪਾਰਕ। ਇਹਨੂੰ ਹੁਣ ਮੁਹੰਮਦ ਇਕਬਾਲ ਪਾਰਕ ਕਹਿੰਦੇ ਨੇ। ਲਾਹੌਰ ਦੀ ਤਸਵੀਰ ਇਕਦਮ ਸਰਲ ਤੇ ਸੰਖੇਪ ਹੋ ਗਈ। ਗੋਲ਼ ਬਾਗ਼ ਦੀ ਗੁਲ਼ਾਈ ਬੜੇ ਨੁਮਾਇਸ਼ੀ ਢੰਗ ਨਾਲ਼ ਸ਼ਹਿਰ ਦੇ ਦੁਆਲ਼ੇ ਘੁੰਮ ਰਹੀ ਸੀ। ਗੁਰੂ ਅਰਜਨ ਦੇਵ ਜੀ ਦੀ ਸਮਾਧ, ਮਹਾਰਾਜਾ ਰਣਜੀਤ ਸਿੰਘ ਦੀ ਸਮਾਧ, ਪੁਰਾਣਾ ਕਿਲ੍ਹਾ, ਸਾਰੀਆਂ ਥਾਂਵਾਂ ਦੇ ਮਹੱਲੇ, ਵਕੂਹ ਨਵੇਂ ਸਿਰਿਓਂ ਜ਼ਿਹਨ ਵਿੱਚ ਬਿਠਾਏ। ਭਲਾ ਵਿਦਿਆਰਥੀ ਜੀਵਨ ਵਿੱਚ ਇਹਨਾਂ ਪਾਸੇ ਆਉਂਦਾ ਕਦੋਂ ਸਾਂ ? ਉਦੋਂ ਮੈਂ ਸਾਹਿਬ ਬਹਾਦਰ ਸਾਂ। ਗੋਰਿਆਂ ਵਾਂਗ ਸੋਲਾ ਹੈਟ ਪਾਈ ਮਾਲ ਰੋਡ ਤੇ ਮੈਕਲੌਡ ਰੋਡ ਨੂੰ ਹੀ ਚੰਬੜਿਆ ਰਹਿੰਦਾ ਸਾਂ। ਬਹੁਤ ਹੋਇਆ ਕਦੀ ਨਿਸਬਤ ਰੋਡ ਦਾ ਵੀ ਫੇਰਾ ਮਾਰ ਲਿਆ। ਪਰ ਐਤਕੀਂ ਪੱਕਾ ਦੇਸੀ ਆਦਮੀ ਬਣ ਕੇ ਲਾਹੌਰ ਦੀਆਂ ਗਲ਼ੀਆਂ ਦੇ ਗੇੜੇ ਲਾਵਾਂਗਾ।...ਸ਼ਹਿਰ ਦੀ ਫ਼ਸੀਲ ਵਿੱਚ, ਉੱਚੀ ਜਿਹੀ ਢੱਕੀ ਤੇ ਇੱਕ ਪੁਰਾਣਾ ਦਰਵਾਜ਼ਾ ਦਿਸਿਆ (ਨਾਂ ਭੁੱਲ ਗਿਆ !...ਕਾਬਲੀ ਦਰਵਾਜ਼ਾ ? ਮੈਨੂੰ ਸ਼ਹਿਰ ਵਿੱਚ ਹਾਬੜੀਆਂ ਨਜ਼ਰਾਂ ਸੁੱਟਦਾ ਵੇਖ ਕੇ ਡਾਕਟਰ ਨਜ਼ੀਰ ਨੇ ਤਜਵੀਜ਼ ਪੇਸ਼ ਕੀਤੀ ਕਿ ਏਸ ਦਰਵਾਜ਼ੇ ਦੇ ਪਿੱਛੇ ਕਰਕੇ, ਇੱਕ ਤੰਗ ਗਲ਼ੀ ਵਿੱਚ ਉਹਨਾਂ ਦਾ ਆਬਾਈ ਮਕਾਨ ਹੈ, ਉੱਥੇ ਇੱਕ ਰਾਤ ਜਾ ਕੇ ਰਿਹਾ ਜਾਏ। ਕਿਤਨਾ ਖ਼ੁਸ਼ ਹੋਇਆ ਮੈਂ ! ਪਾਕਿਸਤਾਨ ਆਉਣ ਦਾ ਸਭ ਤੋਂ ਵੱਡਾ ਲਾਲਚ ਵੀ ਤਾਂ ਮੈਨੂੰ ਇਹੋ ਸੀ। ਰੱਜ ਕੇ ਆਪਣੀ ਪੰਜਾਬੀ ਬੋਲੀ ਸੁਣਾਂ-ਮਾਝੀ, ਲਹਿੰਦੀ, ਪੋਠੋਹਾਰੀ, ਮੇਰੀਆਂ ਆਪਣੀਆਂ ਮਾਤ-ਬੋਲੀਆਂ ਜਿਨ੍ਹਾਂ ਤੋਂ ਮੈਂ ਉਮਰ ਦਾ ਇਤਨਾ ਵੱਡਾ ਹਿੱਸਾ ਵਿਮੁੱਖ ਰਹਿ ਕੇ ਬਿਤਾ ਛੱਡਿਆ ਸੀ। ਕਿਤਨਾ ਵੱਡਾ ਗੁਨਾਹ ਕੀਤਾ ਹੈ। ਪਰ ਫੇਰ ਵੀ ਉਹਨਾਂ ਮੈਨੂੰ ਨਹੀਂ ਵਿਸਾਰਿਆ। ਮੈਨੂੰ ਪਛਤਾਂਦਾ ਤੇ ਆਪਣੇ ਵੱਲ ਪਰਤ ਕੇ ਆਉਂਦੇ ਵੇਖ ਉਹਨਾਂ ਬਾਂਹਾਂ ਖੋਲ੍ਹ ਕੇ ਮੈਨੂੰ ਗਲ਼ ਨਾਲ਼ ਲਾ ਲਿਆ। ਬੁੱਕਾਂ ਭਰ-ਭਰ ਅਣਮੋਲ ਰਤਨ-ਮੋਤੀ ਮੇਰੀਆਂ ਜੇਬਾਂ ਵਿੱਚ ਭਰਨੇ ਸ਼ੁਰੂ ਕਰ ਦਿੱਤੇ, ਜਿਵੇਂ ਨਿੱਕਿਆਂ ਹੁੰਦਿਆਂ ਮੇਰੀ ਮਾਂ ਰੇਵੜੀਆਂ, ਪਿੰਨੀਆਂ ਤੇ ਚਿਲਗੋਜ਼ਿਆਂ ਨਾਲ਼ ਮੇਰੀਆਂ ਜੇਬਾਂ ਭਰਦੀ ਹੁੰਦੀ ਸੀ।

ਕਿਤਨੀ ਪਿਆਰੀ ਹੈ, ਲਾਹੌਰ ਵਾਲ਼ਿਆਂ ਦੀ ਬੋਲੀ। ਏਥੇ ਇਹ ਕਿਤਨੀ ਸੱਜਰੀ-ਸੱਜਰੀ ਲੱਗਦੀ ਹੈ, ਜਿਵੇਂ ਪੈਲ਼ੀਆਂ ਵਿੱਚ ਲਹਿਲਹਾਂਦੀ ਸੁਨਹਿਰੀ ਸਰ੍ਹੋਂ, ਜਿਵੇਂ ਖੂਹਾਂ ਦੇ ਵਗਦੇ ਪਾਣੀ। ਬੰਬਈ ਵਿੱਚ ਮੇਰੇ ਅਨੇਕਾਂ ਮਿੱਤਰ ਇਹੋ ਬੋਲੀ ਬੋਲਦੇ ਹਨ, ਪਰ ਉੱਥੇ ਇਹ ਕੰਨਾਂ ਨੂੰ ਬੇਹੀ-ਬੇਹੀ ਜਿਹੀ ਲੱਗਦੀ ਹੈ।

ਰੇੜ੍ਹਿਆਂ ਜਿਹਾਂ ਅੱਗੇ ਬਾਂਕੇ ਘੋੜੇ ਜੋੜ ਕੇ ਸ਼ਾਮ ਨੂੰ ਸੈਰ ਲਈ ਨਿਕਲ਼ ਪੈਣਾ, ਮਾਝਿਆਂ ਛੈਲਿਆਂ ਦਾ ਖ਼ਾਸ ਸ਼ੌਕ ਹੈ। ਗਲ਼ ਮਲਮਲ ਦਾ ਕੁੜਤਾ ਜਾਂ ਚਿੱਟੀ ਫ਼ਤੂਹੀ, ਤੇੜ ਚਾਦਰ, ਹੱਥਾਂ ਵਿੱਚ ਫੁੱਲਾਂ ਦੇ ਗਜਰੇ। ਕਿਤਨੇ ਹੁਸੀਨ ਗੋਰੇ-ਗੋਰੇ ਤੇ ਸ਼ੁਹਦੇ-ਸ਼ੁਹਦੇ ਜਿਹੇ ਚਿਹਰੇ ਹਨ ਇਹਨਾਂ ਦੇ। ਇੰਞ ਝੱਟ ਲੰਘ ਜਾਂਦੇ ਹਨ ਕੋਲ਼ੋਂ ! ਦੋਸਤ ਦੀ ਮੋਟਰ ਏ ਨਹੀਂ ਤਾਂ ਗਾਲ਼ ਚਾ ਕੱਢਾਂ ਸੂ! ਅਹੁ ਲੰਘ ਗਿਆ! ਕਿਤਨਾ ਹੁਸਨ ਦੀ ਮੂਰਤ ਗਭਰੂਟ ਸੀ ! ਇਤਨਾ ਸੋਹਣਾ ਆਦਮੀ ਤਾਂ ਘੱਟ ਹੀ ਦੇਖਿਆ ਹੋਵੇਗਾ ਕਿਤੇ ਦੁਨੀਆਂ ਵਿੱਚ। ਵਾਰਿਸ ਦੀ ਗੱਲ ਯਾਦ ਆਈ—

"ਨਾਜ਼ਾਂ ਪਾਲ਼ਿਆ ਦੁੱਧ ਮਲ਼ਾਈਆਂ ਵੇ।"



Downloaded from https:// www.studiestoday.com

Downloaded from https:// www.studiestoday.com

ਬਾਗ਼ਬਾਨਪੁਰੇ ਚੋਖੀ ਨਵੀਂ ਅਬਾਦੀ ਹੈ। ਸੋਹਣੇ-ਸੋਹਣੇ ਤੇ ਪੱਕੇ-ਪੱਕੇ ਬੰਗਲੇ, ਡ੍ਰਾਈਵਰ ਨੇ ਦੱਸਿਆ ਕਿ ਹੁਣ ਹਰ ਪਾਸੇ ਪਿਸ਼ਾਵਰੀ ਟਾਂਗੇ ਦਾ ਰਿਵਾਜ ਹੋ ਗਿਆ ਹੈ। ਪਿੰਡੀ ਸਿਰਫ਼ ਤਿੰਨ ਸਵਾਰੀਆਂ ਬਹਿੰਦੀਆਂ ਸਨ, ਏਥੇ ਹਾਲਾਂ ਵੀ ਚਾਰ ਦਾ ਹੀ ਦਸਤੂਰ ਹੈ। ਅਸੀਂ ਪਿੰਡੀ ਵਾਲ਼ੇ ਲਾਹੌਰੀ ਟਾਂਗੇ ਨੂੰ ਢਿਚਕੂ-ਢਿਚਕੂ ਆਖ ਕੇ ਟਿਚਕਰਾਂ ਕਰਦੇ ਹੁੰਦੇ ਸਾਂ। ਅਖੀਰ ਪਿੰਡੀ ਦੀ ਜਿੱਤ ਹੋਈ। ਬੜੀ ਖ਼ੁਸ਼ੀ ਹੋਈ ਸੋਚ ਕੇ।

'ਚੰਗਾ, ਮੈਂ ਬੇਗਾਨਾ ਤੇ ਬੇਗਾਨਾ ਸੀ ਪਰ ਪਿੰਡੀ ਤੇ ਲਾਹੌਰ ਨੂੰ ਇੱਥੋਂ ਦਿਆਂ ਟਾਂਗਿਆਂ ਨੂੰ ਰੱਜ ਕੇ ਵੇਖਣ ਦੀ ਤਾਂ ਖੁੱਲ੍ਹ ਹੈ ਨਾ, ਮੈਨੂੰ ? ਸਲਾਮਤ ਰਹਿਣ ਸਦਾ। ਇਹਨਾਂ ਨੂੰ ਤੱਤੀ 'ਵਾ ਨਾ ਲੱਗੇ। ਇਹਨਾਂ ਦੀਆਂ ਮੁਰਾਦਾਂ ਪੂਰੀਆਂ ਹੋਣ। ਇਹਨਾਂ ਦੇ ਬੱਚੇ ਜੀਣ......।'

ਅਹਿ ਸਿੱਖ ਨੈਸ਼ਨਲ ਕਾਲਜ ਦੀ ਇਮਾਰਤ ਸੀ। ਇਸ ਹਿਸਾਬ ਨਾਲ਼ ਅਹੁ ਹੋਈ ਨਹਿਰ ਵੱਲੋਂ ਆਂਦੀ ਸੜਕ....। ਆਹੋ ਠੀਕ...ਮੁਗ਼ਲਪੁਰੇ ਦਾ ਇੰਜੀਨੀਅਰਿੰਗ ਕਾਲਜ, ਹੁਣ ਇਹਨੂੰ ਯੂਨੀਵਰਸਿਟੀ ਦਾ ਦਰਜਾ ਮਿਲ਼ ਗਿਆ ਹੈ। ਏਥੋਂ ਹੀ ਨੇੜੇ ਪੀਰ ਮੀਆਂ ਮੀਰ ਦਾ ਮਜ਼ਾਰ ਹੈ ਜਿਸ ਨੇ ਅੰਮ੍ਰਿਤਸਰ ਵਿੱਚ ਸਿੱਖਾਂ ਦੇ ਸੁਨਹਿਰੀ ਹਰਿਮੰਦਰ ਸਾਹਿਬ ਦਾ ਨੀਂਹ-ਪੱਥਰ ਰੱਖਿਆ ਸੀ। ਦਾਰਾ ਸ਼ਿਕੋਹ ਦਾ ਗੁਰੂ ਸੀ ਉਹ। ਦਾਰਾ ਸ਼ਿਕੋਹ, ਜਿਸ ਨੇ ਉਪਨਿਸ਼ਦਾਂ ਦੇ ਤਰਜਮੇ ਫ਼ਾਰਸੀ ਵਿੱਚ ਕਰਵਾਏ ਸਨ।.....

ਸ਼ਾਲੀਮਾਰ ਬਾਗ਼ ਜਾ ਪੁੱਜੇ, ਜਿੱਥੇ ਪੰਝੀ ਸਾਲ ਹੋਏ ਮੈਂ ਪਹਿਲੀ ਵਾਰ ਸਿਗਰਟ ਫੂਕਿਆ ਸੀ ਤੇ ਖੰਘ-ਖੰਘ ਕੇ ਬੁਰੇ ਹਾਲ ਹੋ ਗਿਆ ਸਾਂ। ਮੈਂ ਤੇ ਇੱਕ ਮੇਰਾ ਪਿਆਰਾ ਦੋਸਤ ਖ਼ਾਹ-ਮਖ਼ਾਹ ਸਾਈਕਲਾਂ ਫੜ ਕੇ ਸ਼ਾਲੀਮਾਰ ਵੱਲ ਟੁਰ ਪੈਂਦੇ ਸਾਂ। ਦਿਲ ਵਿੱਚ ਦੱਬੀਆਂ ਆਸਾਂ-ਅੱਜ ਜ਼ਰੂਰ ਕੋਈ ਹੁਸੀਨਾ ਦਿਸੇਗੀ, ਮੇਰੇ ਵੱਲ ਚਾਅ ਨਾਲ਼ ਵੇਖੇਗੀ। ਫਿਰ ਸਾਡੀ ਦੋਸਤੀ ਹੋ ਜਾਵੇਗੀ, ਜ਼ਿੰਦਗੀ ਵਿੱਚ ਕੋਈ ਉਨਮਾਦ ਭਰਿਆ ਝੂਟਾ ਆਵੇਗਾ। ਪਰ ਸ਼ਾਮ ਤੀਕ ਆਸਾਂ ਦੇ ਸਾਰੇ ਮਹਿਲ ਟੁੱਟ-ਫੁੱਟ ਜਾਂਦੇ। ਸਿਵਾਏ ਨਿਕੰਮੇ ਚੱਕਰ ਮਾਰਨ, ਪਾਟੀਆਂ-ਪਾਟੀਆਂ ਅੱਖਾਂ ਨਾਲ਼ ਚੁਪਾਸੀਂ ਘੂਰਨ, ਤੇ ਸਿਗਰਟ ਫੂਕ-ਫੂਕ ਕੇ ਜੈਂਟਲਮੈਨੀ ਵਿਖਾਣ ਦੇ, ਕੁਝ ਹਾਸਲ ਨਾ ਹੁੰਦਾ। ਹਾਂ, ਪਰ ਸਾਈਕਲ ਤੇ ਬਾਰਾਂ ਮੀਲ ਗੇੜੇ ਮਾਰਨ ਨਾਲ਼ ਭੁੱਖ ਜ਼ਰੂਰ ਤੇਜ਼ ਹੋ ਜਾਂਦੀ।

ਭਵਿਖ ਦਾ ਸੂਰਜ ਹੁਣ ਅਤੀਤ ਦੇ ਪਹਾੜਾਂ ਪਿੱਛੇ ਜਾ ਡੁੱਬਿਆ ਸੀ। ਕੇਵਲ ਹੌਲ਼ੀ-ਹੌਲ਼ੀ ਫਿੱਕੀ ਪੈਂਦੀ ਯਾਦਾਂ ਦੀ ਲਾਲੀ ਅਕਾਸ਼ ਵਿੱਚ ਰਹਿ ਗਈ ਸੀ।.....

ਡਾਕਟਰ ਨਜ਼ੀਰ ਅਹਿਮਦ ਨੇ ਮੈਨੂੰ ਆਪਣੇ ਖ਼ਿਆਲਾਂ 'ਤੇ ਛੱਡ ਦਿੱਤਾ। ਚਾਹ ਮੰਗਾਉਂਦੇ ਹਨ। ਚੁੱਪ-ਚਾਪ ਸਰੂ ਦੇ ਇੱਕ ਬੂਟੇ ਹੇਠ ਘਾਹ 'ਤੇ ਬੈਠ ਕੇ ਚੁਸਕੀ ਲਾਉਂਦੇ ਹਾਂ। ਸ਼ਾਮ ਦੀ ਖ਼ਾਮੋਸ਼ੀ ਦੀਆਂ 'ਵਾਜਾਂ ਸੁਣਦੇ ਹਾਂ। ਰਹਿ-ਰਹਿ ਕੇ ਆਪਬੀਤੀਆਂ ਫੁਲਝੜੀਆਂ ਵਾਂਗ ਛੁੱਟ-ਛੁੱਟ ਪੈਂਦੀਆਂ ਹਨ, ਜਿਵੇਂ ਅੱਜ ਏਥੇ 'ਚਿਰਾਗ਼ਾਂ ਦਾ ਮੇਲਾ' ਹੋ ਰਿਹਾ ਹੋਵੇ।....ਅਖੀਰ ਪਿਆਰ ਹੋਇਆ ਵੀ ਤਾਂ ਸੀ ਇੱਕ ਕੁੜੀ ਨਾਲ਼, ਸਾਰੀ ਉਮਰ ਉਸ ਇੱਕੋ ਦੇ ਨਾਂਉਂ ਦੀ ਹੀ ਤਾਂ ਮਾਲ਼ਾ ਜਪੀ ਸੀ। ਉਸ ਮਹਿਰਾਬਦਾਰ ਦਰਵਾਜ਼ੇ ਦੇ ਦੋਂਹਾਂ ਪਾਸੇ ਖੜ੍ਹੇ ਨਿੱਕੇ-ਨਿੱਕੇ ਥੜ੍ਹਿਆਂ ਉੱਪਰ ਖਲੋ ਕੇ ਅਸਾਂ ਵਾਰੋ-ਵਾਰੀ ਇੱਕ ਦੂਜੇ ਦੇ ਫੋਟੋ ਖਿੱਚੇ ਸਨ....ਕਿਵੇਂ ਉਹਦੇ ਸਾਰੇ ਪਰਿਵਾਰ ਨੂੰ ਸ਼ਾਲੀਮਾਰ ਪਿਕਨਿਕ 'ਤੇ ਚੱਲਣ ਲਈ ਸਿਰ-ਧੜ ਦੀ ਬਾਜ਼ੀ ਲਾ ਕੇ ਪ੍ਰੇਰਦਾ ਸਾਂ....ਕਿਤਨੇ ਤਰਲੇ, ਕਿਤਨੀ ਸਿਆਸਤ ਕਿਤਨੀਆਂ ਸਮਾਜਤਾਂ....।

ਏਸੇ ਦਰਵਾਜ਼ੇ ਵਿੱਚੋਂ ਕਦੇ ਹੁੰਮ-ਹੁੰਮਾ ਕੇ ਪਿੰਡਾਂ ਦੇ ਲੋਕ ਚਿਰਾਗ਼ਾਂ ਦੇ ਮੇਲੇ ਦੀਆਂ ਰੌਣਕਾਂ ਵੇਖਣ ਆਉਂਦੇ ਹੋਣਗੇ। ਅਹੁ, ਉੱਥੇ ਬਾਦਸ਼ਾਹ ਬੈਠਦਾ ਹੋਵੇਗਾ। ਤਲਾਅ ਦੇ ਐਨ ਵਿਚਾਕਰ, ਦੋਂਹਾਂ ਕਿਨਾਰਿਆਂ 'ਤੇ ਬਣੀਆਂ ਬਾਰਾਂਦਰੀਆਂ ਵਿੱਚੋਂ, ਚਿਰਾਗ਼ਾਂ ਤੇ ਫ਼ੁਹਾਰਿਆਂ ਦੀ ਝਿਲਮਿਲ ਵਿੱਚ ਆਪਣੇ ਜ਼ਰੀ-ਲਿਬਾਸਾਂ ਨੂੰ ਗ਼ਲਤਾਨ ਕਰਦੇ ਹੋਏ, ਗੀਤਕਾਰ ਤੇ ਨਰਤਕ-ਨਰਤਕੀਆਂ ਤੁਰ ਕੇ ਹਜ਼ੂਰ ਅੱਗੇ ਪੇਸ਼ ਹੁੰਦੇ ਤੇ ਆਪਣਾ ਹੁਨਰ ਵਿਖਾਉਂਦੇ ਹੋਣਗੇ....।

ਫੇਰ ਮਨ ਵਿੱਚ ਉਹੋ ਕੁਚੱਜੀਆਂ 'ਵਾਜਾਂ। ਲਾਹੌਰ ਵਾਲ਼ਾ ਸ਼ਾਹਜਹਾਨ ਦਰਅਸਲ ਪਾਕਿਸਤਾਨੀ ਸੀ, ਆਗਰੇ ਵਾਲ਼ਾ ਸ਼ਾਹਜਹਾਨ ਹਿੰਦੁਸਤਾਨੀ ਸੀ.....ਪਰ ਨਹੀਂ ਘੜੀ-ਮੁੜੀ ਇਹ ਕਸਕਾਂ ਤੇ ਚੀਸਾਂ ਨਹੀਂ ਉੱਠਣ ਦੇਣੀਆਂ ਚਾਹੀਦੀਆਂ। ਸਿਆਸਤ ਦੀਆਂ ਪੇਚੀਦਗੀਆਂ ਨਾਲ਼ ਮੇਰਾ ਕੀ ਵਾਹ ? ਮੈਂ ਇੱਕ ਮਹਿਮਾਨ ਸਾਂ, ਡਾਕਟਰ ਨਜ਼ੀਰ ਮੇਰੇ ਮੇਜ਼ਬਾਨ ਸਨ। ਇਹੋ-ਜਿਹੇ ਸਵਾਲ ਦਿੱਲ ਵਿੱਚ ਉਠਾਉਣੇ ਹੀ ਸ਼ਾਇਸਤਗੀ ਤੋਂ ਬਾਹਰ ਦੀ ਗੱਲ ਹੈ। ਭਾਵੇਂ ਕਿਤਨਾ ਹੀ ਪਿਆਰ ਕਿਉਂ ਨਾ ਹੋਵੇ ਮੈਨੂੰ, ਫੇਰ ਵੀ ਹੁਣ ਇਹ ਪਰਾਇਆ ਸ਼ਾਲੀਮਾਰ ਹੈ। ਏਸੇ ਹਿਸਾਬ ਨਾਲ਼ ਡਾਕਟਰ ਨਜ਼ੀਰ ਵੀ ਪਰਾਏ ਹਨ। ਪਰ ਕਿਉਂ ਵਾਰ-ਵਾਰ ਉਹਨਾਂ ਤੋਂ ਪੁੱਛਣ ਨੂੰ ਜੀਅ ਕਰਦੈ, "ਨਜ਼ੀਰ ਸਾਹਿਬ, ਤੁਹਾਡੀ ਮੇਰੀ ਮੁਲਾਕਾਤ ਪੁਰਾਣੀ ਨਹੀਂ। ਪਿਛਲੇ ਸਾਲ ਤੁਸੀਂ ਬੰਬਈ ਆਏ ਤੇ ਮੈਂ ਤੁਹਾਨੂੰ ਮਿਲ਼ਿਆ, ਬੱਸ। ਫੇਰ ਤੁਹਾਡੇ ਕੋਲ਼ ਬਹਿ ਕੇ ਮੈਨੂੰ ਇਤਨਾ ਸਕੂਨ, ਇਤਨਾ ਸਬਰ ਕਿਉਂ ਨਸੀਬ ਹੁੰਦੈ ; ਜੋ ਬੰਬਈ ਵਿੱਚ ਮੇਰੇ ਲਈ ਨਾਯਾਬ ਹੈ ?" ਅਜੇ ਨਹੀਂ ਪਰ ਪੁੱਛਾਂਗਾ ਜ਼ਰੂਰ। ਡਾਕਟਰ ਨਜ਼ੀਰ ਅਹਿਮਦ ਇੱਕ ਗ਼ੈਰਮਾਮੂਲੀ ਇਨਸਾਨ ਹੈ, ਬਿਨਾ ਸ਼ੱਕ।



Downloaded from https:// www.studiestoday.com

Downloaded from https:// www.studiestoday.com

ਮੁੜ ਬਾਹਰ ਆ ਕੇ ਮੋਟਰ ਵਿੱਚ ਬਹਿਣ ਵੇਲ਼ੇ ਇੱਕ ਅਧਖੜ ਜਿਹੀ ਮੰਗਤੀ, ਉਂਗਲ ਨਾਲ਼ ਅੱਠਾਂ ਕੁ ਵਰ੍ਹਿਆਂ ਦੀ ਬਾਲੜੀ, ਅਤਿ ਮੈਲ਼ੇ ਫਟੇ-ਪੁਰਾਣੇ ਕੱਪੜੇ ਹੱਥ ਅੱਡ ਕੇ ਲਿਲਕਾਂ ਭੰਨਦੀ, "ਵੀਰਾ ਜਿਉਂਦਾ ਰਹੇਂ, ਕਦੇ ਤੱਤੀ ਹਵਾ ਨਾ ਲੱਗੇ। ਅੱਲਾ ਤੇਰੀਆਂ ਮੁਰਾਦਾਂ ਪੂਰੀਆਂ ਕਰੇ, ਇਕਬਾਲ ਵੱਡੇ ਕਰੇ, ਤੇਰੇ ਬੱਚੇ ਜੀਣ....।"

ਕਿਉਂ ਚੋ-ਚੋ ਪੈਂਦੀਆਂ ਹਨ, ਚੰਦਰੀਆਂ ਅੱਖੀਆਂ ? ਇਹ ਤੀਵੀਂ ਮੇਰੀ ਕੀ ਲੱਗਦੀ ਏ ? ਉਹ ਪਾਕਿਸਤਾਨੀ, ਮੈਂ ਹਿੰਦੁਸਤਾਨੀ....!

**ਇਸ ਪਾਠ ਵਿੱਚ ਆਏ ਨਾਂ, ਥਾਂ ਅਤੇ ਵਿਸ਼ੇਸ਼—**

**(ੳ) ਨਾਂ, ਥਾਂ—**ਲਾਹੌਰ, ਰਾਵਲਪਿੰਡੀ (ਹੁਣ ਪਾਕਿਸਤਾਨ ਦੇ ਸ਼ਹਿਰ), ਡਾਕਟਰ ਨਜ਼ੀਰ ਅਹਿਮਦ (ਉਸ ਸਮੇਂ ਦੇ ਗੌਰਮਿੰਟ ਕਾਲਜ ਲਾਹੌਰ ਦੇ ਪ੍ਰਿੰਸੀਪਲ), ਜੀ. ਡੀ. ਸੋਂਧੀ (ਇੱਕ ਪ੍ਰੋਫ਼ੈਸਰ ਦਾ ਨਾਂ) ਭਵਾਨੀ ਜੰਕਸ਼ਨ (ਫ਼ਿਲਮ ਦਾ ਨਾਂ), ਭੀਸ਼ਮ (ਭੀਸ਼ਮ ਸਾਹਨੀ, ਬਲਰਾਜ ਸਾਹਨੀ ਦਾ ਭਰਾ), ਦਮੋ (ਦਮਯੰਤੀ, ਬਲਰਾਜ ਸਾਹਨੀ ਦੀ ਪਹਿਲੀ ਪਤਨੀ), ਰਾਵੀ ਰੋਡ; ਗੁਜਰਾਂਵਾਲਾ, ਜਿਹਲਮ, ਕਰਾਚੀ, ਮੁਲਤਾਨ (ਪਾਕਿਸਤਾਨ ਦੇ ਸ਼ਹਿਰ ; ਜਿਲਹਮ ਦਰਿਆ ਦਾ ਵੀ ਨਾਂ ਹੈ।) ; ਪ੍ਰੋ. ਰੁਚੀ ਰਾਮ ਸਾਹਨੀ, ਪ੍ਰੋ. ਗੁਲਬਹਾਰ ਸਿੰਘ, ਪ੍ਰੋ. ਮਦਨ ਗੋਪਾਲ ਸਿੰਘ (ਲੇਖਕ ਦੇ ਵਿਦਿਆਰਥੀ ਜੀਵਨ ਸਮੇਂ ਦੇ ਪ੍ਰੋਫ਼ੈਸਰ), ਭਾਟੀ (ਭਾਟੀ ਦਰਵਾਜ਼ਾ) ; ਗੁਰੂ ਦੱਤ ਭਵਨ, ਜਾਮਾ ਮਸਜਦ, ਮਿੰਟੋ ਪਾਰਕ, ਰੇਟੀਗਨ ਰੋਡ : ਮਹਾਰਾਜਾ ਰਣਜੀਤ ਸਿੰਘ ਦੀ ਸਮਾਧ, ਮਾਲ ਰੋਡ, ਮੈਕਲੌਡ ਰੋਡ, ਨਿਸਬਤ ਰੋਡ, ਕਾਬਲੀ ਦਰਵਾਜ਼ਾ (ਲਾਹੌਰ ਦੀਆਂ ਥਾਂਵਾਂ ਤੇ ਸੜਕਾਂ), ਗੁਰੂ ਅਰਜਨ ਦੇਵ ਜੀ (ਪੰਜਵੇਂ ਗੁਰੂ ਸਾਹਿਬ), ਮਾਝੀ, ਲਹਿੰਦੀ, ਪੋਠੋਹਾਰੀ (ਪੰਜਾਬੀ ਦੀਆਂ ਉਪਬੋਲੀਆਂ), ਬਾਗ਼ਬਾਨਪੁਰਾ (ਇੱਕ ਬਸਤੀ), ਪੇਸ਼ਾਵਰ (ਪਾਕਿਸਤਾਨ ਦਾ ਇੱਕ ਸ਼ਹਿਰ), ਸਿੱਖ ਨੈਸ਼ਨਲ ਕਾਲਜ ; ਮੀਆਂਮੀਰ (ਮੁਸਲਮਾਨ ਸੰਤ ਜਿਸ ਕੋਲੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਨੀਂਹ ਰਖਵਾਈ ਗਈ ਦੱਸੀ ਜਾਂਦੀ ਹੈ), ਦਾਰਾ ਸ਼ਿਕੋਹ (ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਦਾ ਵੱਡਾ ਪੁੱਤਰ), ਉਪਨਿਸ਼ਦ (ਵੇਦਾਂ ਤੋਂ ਪਿੱਛੋਂ ਰਚੇ ਗਏ ਭਾਰਤ ਦੇ ਪੁਰਾਤਨ ਗ੍ਰੰਥ), ਸ਼ਾਲੀਮਾਰ (ਲਾਹੌਰ ਦਾ ਪ੍ਰਸਿੱਧ ਬਾਗ਼), ਚਿਰਾਗ਼ਾਂ ਦਾ ਮੇਲਾ, ਆਗਰਾ।

**(ਅ) ਵਿਸ਼ੇਸ਼ ਸ਼ਬਦ—**ਮਤਲਾ (ਵਾਯੂਮੰਡਲ), ਸ਼ਫ਼ਾਫ਼ (ਸਾਫ਼, ਨਿਰਮਲ, ਉੱਜਲ), ਕਾਲ਼ਾ-ਚੁਆਤੀ (ਬਹੁਤ ਕਾਲ਼ਾ), ਕਿਊਬੀਕਲ (ਹੋਸਟਲ ਦਾ ਛੋਟਾ ਕਮਰਾ), ਕੁਟਲਨੀਤੀਆਂ (ਟੇਢੀਆਂ ਰਾਜਨੀਤਿਕ ਚਾਲਾਂ), ਖ਼ਲੂਸ (ਮੁਹੱਬਤ), ਸ਼ਰਾਫ਼ਤ (ਸਾਊਪੁਣਾ), ਵਜ਼ੇਦਾਰੀ (ਰੱਖ-ਰਖਾਅ), ਮੁਫ਼ੱਸਲ (ਬਾਹਰ ਤੋਂ), ਭੁੰਦਲ਼ਾਊ (ਭੰਬਲਭੂਸੇ ਵਿੱਚ ਪਾਉਣ ਵਾਲ਼ਾ), ਖ਼ਲਾਅ (ਖ਼ਾਲੀਪਣ) ਬਾਰਸੂਖ਼ (ਅਸਰ ਜਾਂ ਪ੍ਰਭਾਵ ਵਾਲਾ), ਜ਼ਹਿਮਤ (ਕਸ਼ਟ), ਸੱਧਰ (ਇੱਛਾ), ਟਾਵਰ (ਗੁੰਬਦ), ਤਸਕੀਨ (ਤਸੱਲੀ, ਧੀਰਜ), ਯਥਾਰਥਿਕਤਾ (ਵਾਸਤਵਿਕਤਾ), ਓਦਰਨਾ (ਮੋਹ ਤੇ ਉਦਾਸੀ ਦੇ ਭਾਵ ਪੈਦਾ ਹੋਣਾ) ਦਰਬਾਨ, (ਦੁਆਰਪਾਲ ਪਾਠ ਵਿੱਚ ਇਸ ਦਾ ਭਾਵ ਨੌਕਰ ਤੋਂ ਹੈ), ਵਾਰਡਰੋਬ (ਕੱਪੜੇ ਟੰਗਣ ਲਈ ਅਲਮਾਰੀ), ਤਕੱਲਫ਼ (ਸੰਕੋਚ), ਮੋਕਲ਼ਾਪਣ (ਖੁੱਲ੍ਹਾਪਣ), ਸਰਪ੍ਰਸਤੀ (ਪਾਲਣ, ਸਿਰ ਉੱਤੇ ਹੱਥ ਰੱਖਣ ਦਾ ਭਾਵ), ਅੱਥਰਾ (ਅੜਬ), ਨਾਮੁਮਕਨ (ਅਸੰਭਵ), ਲਬੋਲੁਬਾਬ (ਸਾਰਾਂਸ਼), ਮਾਤਹਿਤ (ਅਧੀਨ) ਵੀਕ ਐਂਡ (ਹਫ਼ਤੇ ਪਿੱਛੋਂ ਵਿਹਲ ਜਾਂ ਛੁੱਟੀ ਦਾ ਦਿਨ), ਅੱਲ੍ਹੜ (ਨਾਤਜਰਬੇਕਾਰ), ਵਿੱਸਰ (ਭੁੱਲ), ਥਰਡ ਕਲਾਸ (ਭਾਵ ਤੀਜੇ ਦਰਜੇ ਦੀਆਂ ਟਿਕਟਾਂ), ਚਿਰਾਕੇ (ਦੇਰ ਨਾਲ਼), ਹੁਲੀਆ (ਪਛਾਣ), ਅੱਖਾਂ ਅੱਗੇ ਸਰ੍ਹੋਂ ਫੁੱਲਣਾ (ਬਹੁਤਾ ਘਬਰਾ ਜਾਣਾ), ਮਜ਼ਲੂਮ (ਜ਼ੁਲਮ ਦਾ ਸ਼ਿਕਾਰ), ਅੱਤ ਚਾਈ (ਅੱਤ ਚੁੱਕੀ ਹੋਈ), ਛਿਣ-ਭੰਗਰ (ਥੁੜ-ਚਿਰੀ), ਵੁਕੱਅਤ (ਕਦਰ-ਕੀਮਤ), ਨੀਮ (ਅੱਧਾ), ਅਨਾਥ (ਯਤੀਮ), ਤਫ਼ਸੀਲ (ਵੇਰਵਾ), ਜ਼ਿਹਨ (ਮਨ), ਜੁਗਰਾਫ਼ੀਆ (ਭੂਗੋਲ), ਮਹੱਲੇ, ਵਕੂਹ (ਬਜ਼ੁਰਗਾਂ ਸੰਬੰਧੀ ਘਟਨਾਵਾਂ ਵਾਲ਼ੀਆਂ ਥਾਂਵਾਂ) ਸੋਲਾ ਹੈਟ (ਸੋਲਾ ਦਾ ਬਣਿਆ ਇੱਕ ਪ੍ਰਕਾਰ ਦਾ ਟੋਪ), ਫ਼ਸੀਲ (ਸ਼ਹਿਰ ਦੇ ਦੁਆਲ਼ੇ ਬਣਾਈ ਕੰਧ), ਹਾਬੜੀਆਂ (ਲਾਲਚੀ, ਭੁੱਖੀਆਂ), ਆਬਾਈ (ਜੱਦੀ, ਬਾਪ-ਦਾਦੇ ਦਾ, ਪੁਰਖਿਆਂ ਦਾ), ਵਿਮੁਖ (ਬੇਮੁੱਖ, ਹੋਰ ਪਾਸੇ ਰੱਖਣ ਦਾ ਭਾਵ) ਚਿਲਗ਼ੋਜ਼ੇ (ਨਿਓਜ਼ਾ ਨਾਂ ਦਾ ਫਲ਼), ਬਾਂਕਾ (ਸ਼ਿੰਗਾਰਿਆ ਹੋਇਆ, ਬਣਿਆ-ਠਣਿਆ), ਛੈਲਾ (ਸ਼ੁਕੀਨ, ਮਨਮੋਹਣਾ), ਸ਼ੁਹਦਾ (ਚੁਲਬਲਾ), ਦੇਸੀ (ਦੇਵੇਗਾ), ਵਜ੍ਹਾ (ਕਿਸਮ), ਦਸਤੂਰ (ਰਿਵਾਜ), ਸਲਾਮਤ (ਸੁਰੱਖਿਅਤ, ਕਾਇਮ), ਮੁਰਾਦ (ਇੱਛਾ), ਮਜ਼ਾਰ (ਜ਼ਿਆਰਤ ਅਰਥਾਤ ਦੀਦਾਰ ਦੀ ਕੋਈ ਥਾਂ, ਕੋਈ ਸਮਾਧ ਜਾਂ ਮਕਬਰਾ), ਉਨਮਾਦ (ਖ਼ੁਮਾਰੀ), ਹਸਰਤ (ਇੱਛਾ), ਅਤੀਤ (ਭੂਤ-ਕਾਲ, ਬੀਤਿਆ ਸਮਾਂ), ਮਹਿਰਾਬਦਾਰ (ਕਮਾਣ ਦੀ ਸ਼ਕਲ ਵਾਲ਼ੀਆਂ ਡਾਟਾਂ ਵਾਲ਼ਾ), ਸਿਰ-ਧੜ ਦੀ ਬਾਜ਼ੀ ਲਾਉਣਾ (ਆਪਣੀ ਜਾਨ ਤੱਕ ਕੁਰਬਾਨ ਕਰ ਜਾਣਾ), ਸਮਾਜਤਾਂ (ਮਿੰਨਤਾਂ), ਹੁੰਮ-ਹੁੰਮਾ ਕੇ (ਉਮੰਗ ਨਾਲ਼), ਗ਼ਲਤਾਨ (ਖਚਿਤ), ਕਸਕ (ਚੁਭਵੀਂ ਪੀੜ, ਚੀਸ), ਸ਼ਾਇਸਤਗੀ (ਯੋਗਤਾ, ਲਾਇਕੀ), ਸਕੂਨ (ਮਨ ਦੀ ਸ਼ਾਂਤੀ), ਨਾਯਾਬ (ਜਿਸ ਦਾ ਮਿਲਣਾ ਸੰਭਵ ਨਾ ਹੋਵੇ), ਗ਼ੈਰਮਾਮੂਲੀ (ਵਿਸ਼ੇਸ਼), ਤੱਤੀ ਹਵਾ ਨਾ ਲੱਗਣਾ (ਕੋਈ ਦੁੱਖ ਨਾ ਪਹੁੰਚਣਾ)।



Downloaded from https:// www.studiestoday.com

Downloaded from https:// www.studiestoday.com

# ਪਾਠ ਅਭਿਆਸ

*1. ਵਸਤੂਨਿਸ਼ਠ ਪ੍ਰਸ਼ਨ–*

(ੳ) ਲਾਹੌਰ ਸਟੇਸ਼ਨ 'ਤੇ ਗੱਡੀ ਰੁਕਣ ਸਮੇਂ ਲੇਖਕ ਨੇ ਬਾਰੀ ਵਿੱਚੋਂ ਝਾਤ ਮਾਰ ਕੇ ਕੀ ਵੇਖਿਆ ?

(ਅ) ਲਾਹੌਰ ਸ਼ਹਿਰ ਵਿੱਚ ਕਿਸ ਚੀਜ਼ ਦੀ ਘਾਟ ਕਾਰਨ ਲੇਖਕ ਨੂੰ ਕੁਦਰਤ ਦੇ ਨੇਮਾਂ ਦਾ ਉਲੰਘਣ ਹੋਇਆ ਜਾਪਿਆ ?

(ੲ) ਲੇਖਕ ਨੂੰ ਲਾਹੌਰ ਸਟੇਸ਼ਨ 'ਤੇ ਲੈਣ ਕੌਣ ਆਇਆ ?

(ਸ) ਬਲਰਾਜ ਸਾਹਨੀ ਦੇ ਪਿਤਾ ਜੀ ਦਾ ਕਿਸ ਚੀਜ਼ ਦਾ ਵਪਾਰ ਸੀ ?

(ਹ) ਬਲਰਾਜ ਸਾਹਨੀ ਦੇ ਭਰਾ ਦਾ ਨਾਂ ਦੱਸੋ।

(ਕ) ਲੇਖਕ ਦੇ ਭਰਾ ਨੇ ਉਸ ਨੂੰ ਕਿਸ ਕੰਮ ਲਈ ਲਾਹੌਰ ਬੁਲਾਇਆ ਸੀ ?

(ਖ) ਬਲਰਾਜ ਸਾਹਨੀ ਨੂੰ 'ਅੱਥਰਾ ਢੱਗਾ' ਕੌਣ ਸਮਝਦਾ ਸੀ ?

(ਗ) ਲੇਖਕ ਨੂੰ ਕਿਸ ਦੀ ਬੋਲੀ ਸੱਜਰੀ-ਸੱਜਰੀ ਲੱਗਦੀ ਹੈ ?

(ਘ) 'ਹਰਿਮੰਦਰ ਸਾਹਿਬ' ਦਾ ਨੀਂਹ ਪੱਥਰ ਕਿਸ ਨੇ ਰੱਖਿਆ ਸੀ ?

(ਙ) ਉਪਨਿਸ਼ਦਾਂ ਦੇ ਫ਼ਾਰਸੀ ਵਿੱਚ ਅਨੁਵਾਦ ਕਿਸ ਨੇ ਕਰਵਾਏ ਸਨ ?

*2. ਦੱਸੋ–*

(ੳ) ਲਾਹੌਰ ਦੀਆਂ ਕਿਹੜੀਆਂ ਗੱਲਾਂ ਲੇਖਕ ਨੂੰ ਪਸੰਦ ਨਹੀਂ ਸਨ ?

(ਅ) ਲੇਖਕ ਨੇ ਲਾਹੌਰ ਅਤੇ ਰਾਵਲਪਿੰਡੀ ਵਿੱਚ ਕੀ ਅੰਤਰ ਦੱਸਿਆ ਹੈ ?

(ੲ) ਲੇਖਕ ਨੂੰ ਲਾਹੌਰ ਦੀ ਯਾਤਰਾ ਸਮੇਂ ਬੀਤੇ ਦੀ ਕਿਹੜੀ ਘਟਨਾ ਯਾਦ ਆਈ ?

(ਸ) ਲੇਖਕ ਨੂੰ ਲਾਹੌਰ ਵਿੱਚ ਕਿਸ ਦੀ ਪਿਆਰ ਭਰੀ ਮੇਜ਼ਬਾਨੀ ਮਿਲ਼ੀ ?

(ਹ) ਲੇਖਕ ਦੇ ਮਨ ਵਿੱਚ ਵਿਦਿਆਰਥੀ ਜੀਵਨ ਸਮੇਂ ਦੀ ਲਾਹੌਰ ਦੀ ਜੋ ਤਸਵੀਰ ਬਣੀ ਹੋਈ ਸੀ, ਇਸ ਯਾਤਰਾ ਸਮੇਂ ਉਸ ਨੂੰ ਇਸ ਵਿਚ ਕਿੰਨਾ ਕੁ ਵਖਰੇਵਾਂ ਲੱਗਿਆ ?

*3. ਸਾਰ*

ਇਸ 'ਪਾਠ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

♦♦♦♦♦

***ਸਫ਼ਰਨਾਮਾ-ਲੇਖਕ***



Downloaded from https:// www.studiestoday.com

Downloaded from https:// www.studiestoday.com

# ਬਲਵੰਤ ਗਾਰਗੀ

*(1916-2003)*

| | | |
|---|---|---|
| ਮਾਤਾ ਜੀ | : | ਸ੍ਰੀਮਤੀ ਪੁੰਨੀ |
| ਪਿਤਾ ਜੀ | : | ਲਾਲਾ ਸ਼ਿਵ ਚੰਦ |
| ਜਨਮ-ਮਿਤੀ | : | 4 ਦਸੰਬਰ, 1916 |
| ਜਨਮ-ਸਥਾਨ | : | ਪਿੰਡ ਸ਼ਹਿਣਾ, ਜ਼ਿਲ੍ਹਾ ਬਰਨਾਲਾ। |
| ਵਿੱਦਿਆ | : | ਐੱਮ. ਏ. (ਰਾਜਨੀਤੀ-ਸ਼ਾਸਤਰ, ਅੰਗਰੇਜ਼ੀ) |
| ਕਿੱਤਾ | : | ਸਾਹਿਤਕਾਰੀ, ਨਾਟਕ ਅਤੇ ਫ਼ਿਲਮ-ਨਿਰਦੇਸ਼ਨ। |
| ਦਿਹਾਂਤ | : | 21 ਅਪ੍ਰੈਲ, 2003 |

**ਮੁੱਖ ਰਚਨਾਵਾਂ**

| | | |
|---|---|---|
| ਇਕਾਂਗੀ-ਸੰਗ੍ਰਹਿ | : | ਦੋ ਪਾਸੇ, ਦਸਵੰਧ, ਪੱਤਣ ਦੀ ਬੇੜੀ, ਲੋਹਾ ਕੁੱਟ, ਸੈਲ ਪੱਥਰ। |
| ਨਾਟਕ | : | ਬਿਸਵੇਦਾਰ, ਨਵਾਂ ਮੁੱਢ, ਘੁੱਗੀ, ਕੇਸਰੋ, ਕਣਕ ਦੀ ਬੱਲੀ, ਸੋਹਣੀ ਮਹੀਂਵਾਲ, ਰਜ਼ੀਆ ਸੁਲਤਾਨ, ਗਗਨਿ ਮੈ ਥਾਲਿ, ਐਕਟ੍ਰੈੱਸ। |
| ਨਾਵਲ | : | ਕੱਕਾ ਰੇਤਾ, ਨੰਗੀ ਧੁੱਪ। |
| ਕਹਾਣੀ ਸੰਗ੍ਰਹਿ | : | ਡੁੱਲ੍ਹੇ ਬੇਰ, ਚਾਂਦੀ ਦੀ ਚਪੇੜ, ਦੋ ਹੱਥ। |
| ਰੇਖਾ-ਚਿੱਤਰ | : | ਨਿੰਮ ਦੇ ਪੱਤੇ, ਸੁਰਮੇ ਵਾਲੀ ਅੱਖ, ਸ਼ਰਬਤ ਦੀਆਂ ਘੁੱਟਾਂ। |
| ਹੋਰ | : | ਰੰਗ ਮੰਚ, ਲੋਕ-ਨਾਟ, ਕਾਸ਼ਨੀ ਵਿਹੜਾ। |
| ਸਫ਼ਰਨਾਮਾ | : | ਪਾਤਾਲ ਦੀ ਧਰਤੀ। |

ਬਲਵੰਤ ਗਾਰਗੀ ਦੀਆਂ ਅੰਗਰੇਜ਼ੀ ਵਿੱਚ ਵੀ ਕਈ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ। 'ਪਾਤਾਲ ਦੀ ਧਰਤੀ' ਵਿੱਚੋਂ ਹਥਲੀ ਪਾਠ-ਪੁਸਤਕ ਲਈ ਇਹ ਪਾਠ ਚੁਣਿਆ ਗਿਆ ਹੈ। ਲੇਖਕ ਨੇ ਅਮਰੀਕਾ ਦਾ ਇਹ ਸਫ਼ਰ 1962 ਈ : ਵਿੱਚ ਕੀਤਾ ਸੀ। ਉਹ ਅਮਰੀਕਾ ਵਿਖੇ ਭਾਰਤੀ ਨਾਟਕ ਦੇ ਪ੍ਰੋਫ਼ੈਸਰ ਵਜੋਂ ਪੜ੍ਹਾਉਂਦੇ ਰਹੇ ਹਨ। ਇਸ ਪਾਠ ਵਿੱਚ ਲੇਖਕ ਨੇ ਅਮਰੀਕਾ ਵਿੱਚ ਗਰੀਨਿਚ ਵਿਲੇਜ ਨਾਂ ਦੀ ਕਲਾਕਾਰਾਂ ਦੀ ਬਸਤੀ ਬਾਰੇ ਲਿਖਿਆ ਹੈ। ਇਸ ਬਸਤੀ ਨੂੰ ਉਹਨਾਂ ਨੇ ਅਮਰੀਕਾ ਦੇ ਖੁੱਲ੍ਹੇ-ਡੁੱਲ੍ਹੇ ਸੁਭਾਅ ਅਤੇ ਨਵੇਂ ਕਲਾਕਾਰਾਂ ਦੀਆਂ ਬਾਗ਼ੀਆਨਾ ਰੁਚੀਆਂ ਦਾ ਕੇਂਦਰ ਕਿਹਾ ਹੈ। ਅਮਰੀਕਾ ਵਿੱਚ ਮਸ਼ੀਨਰੀ ਦਾ ਬੋਲ-ਬਾਲਾ ਹੈ। ਪਦਾਰਥਿਕ ਤਰੱਕੀ ਵੀ ਬਹੁਤ ਹੈ ਪਰ ਕਲਾਕਾਰਾਂ ਦੀ ਬਸਤੀ ਇੱਕ ਵੱਖਰੀ ਭਾਂਤ ਦੀ ਤਸਵੀਰ ਪੇਸ਼ ਕਰਦੀ ਹੈ।



Downloaded from https:// www.studiestoday.com

Downloaded from https:// www.studiestoday.com

# ਕਲਾਕਾਰਾਂ ਦੀ ਬਸਤੀ

ਮੈਂ ਜਿਸ ਸ਼ਹਿਰ ਵਿੱਚ ਜਾਂਦਾ ਹਾਂ, ਸਭ ਤੋਂ ਪਹਿਲਾਂ ਉੱਥੋਂ ਦੇ ਕੈਫ਼ੇ ਤੇ ਥਿਏਟਰ ਲੱਭਦਾ ਹਾਂ। ਨਿਊਯਾਰਕ ਵਿੱਚ ਜਿੱਥੇ ਹਰ ਚੀਜ਼ ਚਮਕ-ਦਮਕ ਵਾਲ਼ੀ ਹੈ, ਰੈਸਟੋਰੈਂਟ ਤੇ ਕੈਫ਼ੇ ਵੀ ਜਗਮਗਾਉਂਦੇ ਹਨ। ਇਹਨਾਂ ਕੈਫ਼ਿਆਂ ਵਿੱਚ ਚਾਹ ਤੇ ਕਾਫ਼ੀ ਸਸਤੀ ਹੈ ਪਰ ਗਾਹਕਾਂ ਦਾ ਇਤਨਾ ਹੜ੍ਹ ਹੁੰਦਾ ਹੈ ਕਿ ਤੁਸੀਂ ਬਹੁਤੀ ਦੇਰ ਇੱਥੇ ਬੈਠ ਨਹੀਂ ਸਕਦੇ। ਮੈਂ ਕੋਈ ਅਜਿਹੀ ਥਾਂ ਟੋਲ਼ ਰਿਹਾ ਸਾਂ ਜਿਸ ਵਿੱਚ ਪੰਜਾਬੀ ਢਾਬੇ ਵਾਲ਼ੀ ਖੁੱਲ੍ਹੀ ਲਾਪਰਵਾਹੀ ਅਤੇ ਪੱਛਮੀ ਰੰਗੀਨੀ ਦਾ ਸੁਮੇਲ ਹੋਵੇ।

ਆਖ਼ਰ ਮੈਂ ਨਿਊਯਾਰਕ ਦੇ ਇਸ ਇਲਾਕੇ ਨੂੰ ਲੱਭ ਹੀ ਲਿਆ ਜਿੱਥੇ ਖੁੱਲ੍ਹੀ ਦਾੜ੍ਹੀ ਵਾਲ਼ੇ ਚਿੱਤਰਕਾਰ, ਉਲ਼ਝੇ ਵਾਲ਼ਾਂ ਵਾਲ਼ੇ ਐਕਟਰ, ਕਵੀ, ਐਕਟ੍ਰੈੱਸਾਂ ਤੇ ਕਲਾ-ਪ੍ਰੇਮੀਆਂ ਦਾ ਆਉਣ-ਜਾਣ ਹੈ। ਇਸ ਇਲਾਕੇ ਨੂੰ ਗਰੀਨਿਚ ਵਿਲੇਜ ਆਖਦੇ ਹਨ। ਵਿੰਗ-ਤੜਿੰਗੀਆਂ ਤੇ ਅਲ-ਵਲੱਲੀਆਂ ਗਲ਼ੀਆਂ, ਝਿੱਕੀਆਂ ਦੁਕਾਨਾਂ, ਪ੍ਰਾਚੀਨ ਮੂਰਤੀਆਂ ਤੇ ਕਲਾ ਦੀਆਂ ਵਸਤਾਂ ਦੀਆਂ ਹੱਟੀਆਂ, ਨਿੱਕੇ-ਨਿੱਕੇ ਥਿਏਟਰ, ਕਲਾ-ਭਵਨ, ਸ਼ਰਾਬਖ਼ਾਨੇ ਤੇ ਕਾਹਵਾ-ਘਰ, ਜਿੱਥੇ ਨਵੇਂ ਕਵੀ ਆਪਣੀਆਂ ਕਵਿਤਾਵਾਂ ਗਾ ਕੇ ਸੁਣਾਉਂਦੇ ਤੇ ਪੈਸੇ ਉਗਰਾਹੁੰਦੇ ਹਨ। ਇਹ ਅਮਰੀਕਾ ਦੇ ਖੁੱਲ੍ਹੇ-ਡੁੱਲ੍ਹੇ ਸੁਭਾਅ ਅਤੇ ਨਵੇਂ ਕਲਾਕਾਰਾਂ ਦੀਆਂ ਬਾਗ਼ੀਆਨਾ ਰੁਚੀਆਂ ਦਾ ਕੇਂਦਰ ਹੈ।

ਮੈਂ ਇਸ ਇਲਾਕੇ ਵਿੱਚ ਕਈ ਦੋਸਤਾਂ ਨੂੰ ਮਿਲ਼ਿਆ ਅਤੇ ਇਹਨਾਂ ਕਾਹਵਾ-ਘਰਾਂ ਵਿੱਚ ਰਾਤ ਦੇ ਤਿੰਨ-ਤਿੰਨ ਵਜੇ ਤੀਕ ਬੈਠਾ ਰਿਹਾ। ਮੇਰੇ ਨਵੇਂ ਦੋਸਤਾਂ ਦੀਆਂ ਕਈ ਗੋਸ਼ਟੀਆਂ ਇੱਥੋਂ ਦੇ ਫ਼ਿਗਾਰੋ ਕੈਫ਼ੇ ਵਿੱਚ ਜੰਮੀਆਂ। ਇੱਥੇ ਕਈ ਵਾਰੀ ਪ੍ਰੋਫ਼ੈਸਰ ਓ. ਪੀ. ਸ਼ਰਮਾ ਤੇ ਕੇ. ਬੀ. ਵੈਦ ਨਾਲ਼, ਜੋ ਉਹਨੀਂ ਦਿਨੀਂ ਨਿਊਯਾਰਕ ਆਏ ਹੋਏ ਸਨ, ਮੈਂ ਕਾਫ਼ੀ ਪੀਤੀ। ਇਸ ਕੈਫ਼ੇ ਦੀ ਖ਼ਾਸੀਅਤ ਇਹ ਹੈ ਕਿ ਇੱਥੇ ਪੁਰਾਣੀਆਂ ਘਸੀਆਂ ਹੋਈਆਂ ਲੱਕੜ ਦੀਆਂ ਕੁਰਸੀਆਂ ਤੇ ਮੇਜ਼ ਹਨ, ਧੁਆਂਖੀ ਹੋਈ ਛੱਤ ਹੈ। ਕਾਲ਼ੀ ਲੱਕੜ ਦਾ ਜੰਗਲ਼ਾ ਤੇ ਬੂਹਾ ਲੋਕਾਂ ਦੇ ਹੱਥ ਲੱਗ-ਲੱਗ ਥਿੰਧਿਆ ਗਿਆ ਹੈ। ਇੱਥੋਂ ਦੇ ਕਾਹਵੇ ਦੇ ਨਾਲ਼ ਖ਼ਤਾਈਆਂ ਦੀ ਕੀਮਤ ਦੂਜੀਆਂ ਥਾਂਵਾਂ ਨਾਲ਼ੋਂ ਚੌਗੁਣੀ ਹੈ। ਇਹ ਇਸ ਕਰਕੇ ਕਿ ਇੱਥੇ ਆਦਮੀ ਕਾਫ਼ੀ ਦਾ ਪਿਆਲਾ ਖ਼ਰੀਦ ਕੇ ਕਈ ਘੰਟੇ ਬੈਠ ਸਕਦਾ ਹੈ। ਦੂਜੀਆਂ ਥਾਂਵਾਂ ਉੱਤੇ ਇਤਨੀ ਵਿਹਲ ਨਹੀਂ।

ਫ਼ਿਗਾਰੋ ਕੈਫ਼ੇ ਮੇਰਾ ਅੱਡਾ ਸੀ, ਜਿੱਥੇ ਮੈਂ ਚਿੱਠੀਆਂ ਲਿਖਣ ਤੇ ਹੌਲ਼ੀ-ਹੌਲ਼ੀ ਕਾਫ਼ੀ ਪੀਣ ਦਾ ਅਨੰਦ ਲੈਂਦਾ। ਇੱਥੋਂ ਦੀਆਂ ਨੌਕਰਾਣੀਆਂ ਕਾਫ਼ੀ ਦੇ ਪਿਆਲੇ ਗਾਹਕਾਂ ਨੂੰ ਲਿਆ ਕੇ ਦਿੰਦੀਆਂ ਹਨ। ਇਹ ਨੌਕਰਾਣੀਆਂ ਅਕਸਰ ਚਿੱਤਰ-ਕਲਾ ਜਾਂ ਸੰਗੀਤ-ਕਲਾ ਦੀਆਂ ਵਿਦਿਆਰਥਣਾਂ ਹੁੰਦੀਆਂ ਹਨ ਜਾਂ ਵਿਹਲੀਆਂ ਫਿਰਦੀਆਂ ਐਕਟ੍ਰੈੱਸਾਂ। ਬਾਹਰੋਂ ਆਈਆਂ ਜਰਮਨ, ਫ਼੍ਰਾਂਸੀਸੀ ਤੇ ਸਵੀਡਨ ਦੀਆਂ ਯੁਵਤੀਆਂ ਜੋ ਸੈਰ ਕਰਨ ਅਤੇ ਅੰਗਰੇਜ਼ੀ ਸਿੱਖਣ ਆਉਂਦੀਆਂ ਹਨ, ਵੀ ਇੱਥੇ ਕਾਫ਼ੀ ਤੇ ਖਾਣਾ ਪਰੋਸਣ ਦਾ ਕੰਮ ਲੈ ਲੈਂਦੀਆਂ ਹਨ।

ਬਾਹਰ ਹਲਕੀ-ਹਲਕੀ ਬਾਰਸ਼ ਹੋ ਰਹੀ ਹੈ। ਮੈਂ ਕਿਤਾਬਾਂ, ਕਾਪੀਆਂ ਤੇ ਚਿੱਠੀਆਂ ਦਾ ਥੱਬਾ ਮੇਜ਼ ਉੱਤੇ ਰੱਖ ਕੇ ਹੌਲ਼ੀ-ਹੌਲ਼ੀ ਕਾਹਵੇ ਦੇ ਘੁੱਟ ਭਰਦਾ ਹਾਂ ਤੇ ਚਿੱਠੀ ਲਿਖਣ ਬੈਠ ਜਾਂਦਾ ਹਾਂ। ਮੈਂ ਪੰਜਾਬੀ ਵਿੱਚ ਲਿਖ ਰਿਹਾ ਹਾਂ, ਛੇਤੀ-ਛੇਤੀ। ਮੇਰਾ ਦਸਤਖ਼ਤ ਢੱਕ-ਮਕੌੜਿਆਂ ਵਰਗਾ ਹੈ। ਮੈਂ ਆਪਣੇ ਕਲਮ ਦੀ ਨੋਕ ਤੋਂ ਢੱਕ-ਮਕੌੜੇ ਡਿਗਦੇ ਤੱਕ ਰਿਹਾ ਹਾਂ।

ਲਾਗਲੀ ਮੇਜ਼ ਉੱਤੇ ਦੋ ਆਦਮੀ, ਜਿਨ੍ਹਾਂ ਦੇ ਥਿੰਧੇ ਕੋਟਾਂ ਉੱਤੇ ਰੰਗਾਂ ਦੇ ਪੂੰਝੇ ਹਨ, ਬੈਠੇ ਸ਼ਤਰੰਜ ਖੇਡ ਰਹੇ ਹਨ। ਨੇੜੇ ਹੀ ਦੋ ਕੁੜੀਆਂ ਬੈਠੀਆਂ ਗੁਣਗੁਣਾ ਰਹੀਆਂ ਹਨ ਤੇ ਪੈਰ ਥਿਰਕਾ ਰਹੀਆਂ ਹਨ। ਲੰਮੀ ਦਾੜ੍ਹੀ ਵਾਲ਼ਾ ਇੱਕ ਕਲਾਕਾਰ ਤਸਵੀਰ ਬਣਾ ਰਿਹਾ ਹੈ। ਪਰਲੇ ਖੂੰਜੇ ਵਿੱਚ ਚਾਰ ਕਵੀ ਬੈਠੇ ਹੱਸ ਰਹੇ ਹਨ।

ਕਾਹਵੇ ਵਿੱਚੋਂ ਗਰਮ-ਗਰਮ ਭਾਫ਼ ਉੱਠ ਰਹੀ ਹੈ। ਇਸ ਗਰਮਾਇਸ਼ ਨੇ ਵੱਖ-ਵੱਖ ਮੇਜ਼ਾਂ ਉੱਤੇ ਬੈਠੀਆਂ ਜੁੰਡੀਆਂ ਨੂੰ ਇੱਕ ਨਿੱਘੀ ਸਾਂਝ ਵਿੱਚ ਢਾਲ਼ ਦਿੱਤਾ ਹੈ। ਇਸ ਵਿੱਚ ਨਿਊਯਾਰਕ ਦੇ ਵੱਡੇ ਬਜ਼ਾਰਾਂ ਦਾ ਓਪਰਾਪਣ 'ਤੇ ਆਕੜਿਆ ਹੋਇਆ ਰਿਸ਼ਤਾ ਨਹੀਂ, ਇੱਕ ਬੇਪਰਵਾਹੀ ਹੈ। ਇਹਨਾਂ ਸਮਾਜੀ ਬਾਗ਼ੀਆਂ ਵਿੱਚ ਭਾਵੇਂ ਨਿਸ਼ੰਗ ਬੇਰਹਿਮੀ ਦੀਆਂ ਵੀ ਝਲਕਾਂ ਹਨ ਪਰ ਭਾਵਨਾਵਾਂ ਦਾ ਝਲਕਾਰਾ ਮਨੁੱਖੀ ਪੱਧਰ ਉੱਤੇ ਹੁੰਦਾ ਹੈ।

ਗਰੀਨਿਚ ਵਿਲੇਜ ਦੀਆਂ ਵਿੰਗ-ਤੜਿੰਗੀਆਂ ਗਲ਼ੀਆਂ ਵਿੱਚ ਅਮਰੀਕਾ ਦੇ ਸਾਹਿਤ ਤੇ ਨਾਟ-ਕਲਾ ਦਾ ਇੱਕ ਪੂਰਾ ਕਾਂਡ ਲੁਕਿਆ ਪਿਆ ਹੈ। ਟੌਮ ਪੇਨ, ਨਾਵਲਕਾਰ ਨੇ ਜੀਵਨ ਦੇ ਛੇਕੜਲੇ ਦਿਨ ਇੱਥੇ ਗੁਜ਼ਾਰੇ। ਐਡਗਰ ਐਲਨ ਪੋ ਨੇ ਇਸੇ ਥਾਂ ਕਈ ਘਰ ਬਦਲੇ ਅਤੇ ਇੱਥੇ ਹੀ ਨਾਵਲ ਲਿਖਦਾ ਰਿਹਾ। ਵਾਲਟ ਵਿਟਮੈਨ, ਜਿਸ ਦੀਆਂ 'ਘਾਹ ਦੀਆਂ ਪੱਤੀਆਂ' ਦੀਆਂ ਕਵਿਤਾਵਾਂ ਮਸ਼ਹੂਰ ਹਨ, ਇਸੇ ਇਲਾਕੇ ਵਿੱਚ ਹੀ ਰਿਹਾ। ਮਾਰਕ ਟਵੇਨ, ਜਦੋਂ ਨਿਊਯਾਰਕ ਆਉਂਦਾ, ਇੱਥੇ ਹੀ ਠਹਿਰਦਾ। ਇੰਗਲਿਸਤਾਨ ਦਾ ਮਹਾਂਕਵੀ ਜੌਨ ਮੇਸਫ਼ੀਲਡ ਇਸੇ ਥਾਂ 1896 ਈ. ਵਿੱਚ ਇੱਕ ਦੁਕਾਨ ਦੇ ਫ਼ਰਸ਼ ਰਗੜ ਕੇ ਪੈਸੇ ਕਮਾਉਂਦਾ ਤੇ ਕਵਿਤਾ ਲਿਖਦਾ ਹੁੰਦਾ ਸੀ। ਇਸੇ ਇਲਾਕੇ ਦੇ ਨਿੱਕੇ ਥਿਏਟਰਾਂ ਵਿੱਚ ਦੁਨੀਆਂ ਦੇ ਵੱਡੇ-ਵੱਡੇ ਨਾਟਕ ਖੇਡੇ ਜਾਂਦੇ ਹਨ। ਅਮਰੀਕਾ ਦੇ



Downloaded from https:// www.studiestoday.com

Downloaded from https:// www.studiestoday.com

ਉੱਚ ਕੋਟੀ ਦੇ ਨਾਟਕਕਾਰ ਯੂਜੀਨ ਓ ਨੀਲ ਦੇ ਨਾਟਕ ਪਹਿਲਾਂ-ਪਹਿਲਾਂ ਇੱਥੇ ਹੀ ਖੇਡੇ ਗਏ। ਈ. ਈ. ਕਮਿੰਗਜ਼ ਇਸੇ ਥਾਂ ਦਾ ਲਾਡਲਾ ਸ਼ਾਇਰ ਸੀ। ਪੁਤਲੀਆਂ ਦੀਆਂ ਖੇਡਾਂ ਕਰਨ ਵਾਲੇ ਬਿੱਲ ਤੇ ਕੋਰਾ, ਜੋ ਭਾਰਤ ਵਿੱਚ ਵੀ ਆਪਣੇ ਪੁਤਲੀ-ਨਾਟਕ ਦਿਖਾ ਕੇ ਗਏ ਹਨ, ਇੱਥੇ ਹੀ ਰਹਿੰਦੇ ਹਨ। ਇਹ ਥਾਂ ਨਾਟਕ, ਚਿੱਤਰ-ਕਲਾ ਤੇ ਕਵਿਤਾ ਦੇ ਨਵੇਂ ਝੁਕਾਵਾਂ ਦਾ ਕੇਂਦਰ ਹੈ।

ਇੱਕ ਸ਼ਾਮ ਏਸ਼ੀਆ ਸੁਸਾਇਟੀ ਦੇ ਪ੍ਰਕਾਸ਼ਨ ਵਿਭਾਗ ਦੀ ਡਾਇਰੈਕਟਰ ਮਿਸਿਜ਼ ਬੋਨੀ ਕ੍ਰਾਊਨ ਨੇ ਮੈਨੂੰ ਖਾਣੇ ਉੱਤੇ ਸੱਦਿਆ। ਉਸ ਦਾ ਘਰ ਗਰੀਨਿਚ ਵਿਲੇਜ ਦੀ ਇੱਕ ਗਲ਼ੀ ਵਿੱਚ ਹੈ। ਉਸ ਨੇ ਮੈਨੂੰ ਟੈਲੀਫ਼ੂਨ ਉੱਤੇ ਚੰਗੀ ਤਰ੍ਹਾਂ ਘਰ ਦਾ ਆਲ਼ਾ-ਦੁਆਲ਼ਾ ਤੇ ਰਾਹ ਸਮਝਾ ਦਿੱਤਾ—ਡਾਊਨਿੰਗ ਸਟ੍ਰੀਟ ਵਿੱਚ 14 ਨੰਬਰ ਦਾ ਘਰ। ਘਰ ਤੋਂ ਪਹਿਲਾਂ ਇੱਕ ਖੁੱਲ੍ਹਾ ਅਹਾਤਾ ਜਿਹਾ ਹੈ, ਜਿਸ ਵਿੱਚ ਦਰਖ਼ਤ ਉੱਗੇ ਹੋਏ ਹਨ। ਉਸ ਦਾ ਫ਼ਲੈਟ ਦੂਜੀ ਮੰਜ਼ਲ ਉੱਤੇ ਸੀ, ਜਿਸ ਦੀ ਘੰਟੀ ਬਾਹਰ ਦੇ ਕਾਲ਼ੇ ਬੂਹੇ ਤੋਂ ਰਤਾ ਕੁ ਹਟ ਕੇ ਇੱਕ ਪਾਸੇ ਨੂੰ ਸੀ ਤੇ ਬੂਹਾ ਹੋੜੇ ਨਾਲ਼ ਖੁੱਲ੍ਹਦਾ ਸੀ।

ਮੈਂ 7 ਵਜੇ ਉਸ ਦੇ ਘਰ ਪੁੱਜਾ। ਬੋਨੀ ਕ੍ਰਾਊਨ ਉਸ ਸਮੇਂ ਕੰਮ ਕਰਨ ਵਾਲ਼ਾ ਚੋਗਾ ਪਾਈ ਰਸੋਈ ਵਿੱਚ ਖਾਣਾ ਪਕਾ ਰਹੀ ਸੀ। ਮੈਂ ਘੰਟੀ ਵਜਾਈ। ਉਹ ਉਸੇ ਤਰ੍ਹਾਂ ਚੋਗਾ ਪਾਈ ਬੂਹੇ ਉੱਤੇ ਆਈ ਅਤੇ ਉਸ ਨੇ ਆਪਣੀ ਚਮਕੀਲੀ ਮੁਸਕਰਾਹਟ ਨਾਲ਼ ਮੇਰਾ ਸੁਆਗਤ ਕੀਤਾ।

ਢਾਈ ਕਮਰਿਆਂ ਦਾ ਉਸ ਦਾ ਫ਼ਲੈਟ ਸੀ, ਜਿਸ ਨੂੰ ਕਿਤਾਬਾਂ, ਪੱਥਰ ਦੇ ਬੁੱਤਾਂ, ਰਾਂਗਲੇ ਫੁੱਲਾਂ ਤੇ ਚਟਾਈਆਂ ਨਾਲ਼ ਸਜਾਇਆ ਹੋਇਆ ਸੀ। ਬੱਤੀਆਂ ਲੁਕਵੀਆਂ ਸਨ। ਇਹਨਾਂ ਦੀ ਰੋਸ਼ਨੀ ਦੇ ਛੰਭ ਤੇ ਛਿੱਟੇ ਘਰ ਦੀ ਵਿਓਂਤ ਤੇ ਲੋੜ ਅਨੁਸਾਰ ਚੀਜ਼ਾਂ ਉੱਤੇ ਪੈਂਦੇ ਸਨ।

ਉਸ ਨੇ ਆਪਣੇ ਪਤੀ ਮਿਸਟਰ ਜਿਮ ਕ੍ਰਾਊਨ ਨਾਲ਼ ਮੁਲਾਕਾਤ ਕਰਵਾਈ ਜੋ ਕਿਸੇ ਕਾਲਜ ਵਿੱਚ ਨੀਤੀ-ਵਿਗਿਆਨ ਦਾ ਪ੍ਰੋਫ਼ੈਸਰ ਹੈ। ਉਹ ਭਾਰਤ ਦੀਆਂ ਰਾਜਸੀ ਤੇ ਆਰਥਿਕ ਸਮੱਸਿਆਵਾਂ ਵਿੱਚ ਡੂੰਘੀ ਦਿਲਚਸਪੀ ਲੈਂਦਾ ਹੈ। ਉਸ ਸਮੇਂ ਉਹ ਕ੍ਰਿਸ਼ਨਾ ਮੈਨਨ ਉੱਤੇ ਇੱਕ ਕਿਤਾਬ ਲਿਖ ਰਿਹਾ ਸੀ।

ਅਸੀਂ ਖਾਣਾ ਖਾਣ ਬੈਠੇ। ਇਸ ਖਾਣੇ ਵਿੱਚ ਗਰੀਨਿਚ ਵਿਲੇਜ ਦੇ ਮਿਜ਼ਾਜ ਦਾ ਸੁਆਦ ਸੀ। ਮੂਲੀ ਵਰਗੀ ਲੰਮੀ ਫ਼੍ਰਾਂਸੀਸੀ ਡਬਲ ਰੋਟੀ ਸੀ। ਇਟਲੀ ਦੇ ਚਟਪਟੇ ਸਾਲਣ ਸਨ, ਇੱਕ ਅਮਰੀਕਨ ਤਰਕਾਰੀ ਸੀ, ਜੋ ਕਈ ਦੇਸਾਂ ਦੇ ਖਾਣਿਆਂ ਨੂੰ ਮਿਲ਼ਾ ਕੇ ਬਣੀ ਸੀ। ਹਰੇ ਗੰਢਿਆਂ ਦੀਆਂ ਭੂਕਾਂ ਸਨ। ਜੈਤੂਨ ਦੇ ਤੇਲ ਨਾਲ਼ ਤਰੌਂਕਿਆ ਚਕੰਦਰ, ਟਮਾਟਰ ਤੇ ਹਰੇ ਪੱਤਿਆਂ ਦਾ ਸਲਾਦ ਸੀ।

ਖਾਣਾ ਖਾਂਦੇ ਹੋਏ ਬਹੁਤੀਆਂ ਗੱਲਾਂ ਕ੍ਰਿਸ਼ਨਾ ਮੈਨਨ ਬਾਰੇ ਹੀ ਹੋਈਆਂ। ਦਸ ਵੱਜ ਗਏ।

ਜਿਮ ਨੇ ਆਖਿਆ, "ਅੱਜ ਇੱਥੇ ਅਤਾਲਵੀ ਲੋਕਾਂ ਦਾ ਧਾਰਮਿਕ ਮੇਲਾ ਹੈ। ਜੇ ਆਖੋ ਤਾਂ ਉੱਥੇ ਚੱਲੀਏ ?"

ਮੈਂ ਖ਼ੁਸ਼ੀ ਨਾਲ਼ ਤਿਆਰ ਹੋ ਗਿਆ।

ਗਲ਼ੀ ਲੰਘ ਕੇ ਅਸੀਂ ਪਹਿਲਾਂ ਬਲੀਕਰ ਸਟ੍ਰੀਟ ਵਿੱਚ ਆਏ ਤੇ ਇੱਥੋਂ ਫਟਦੀਆਂ ਕਈ ਗਲ਼ੀਆਂ ਵਿੱਚ ਘੁੰਮਦੇ ਫਿਰੇ।

ਗਰੀਨਿਚ ਵਿਲੇਜ, ਜਿਸ ਨੂੰ ਆਮ ਅਮਰੀਕਨ "ਪਿੰਡ" ਆਖਦਾ ਹੈ, ਅਸਲ ਵਿੱਚ ਪਿੰਡ ਨਹੀਂ ਸਗੋਂ ਇੱਕ ਵਿਕਸਿਤ ਕਲਾਤਮਿਕ, ਭਿੰਨ-ਭਿੰਨ ਸ਼ੈਲੀਆਂ ਤੇ ਵੰਨਗੀਆਂ ਦੇ ਲੋਕਾਂ ਦੀ ਬਸਤੀ ਹੈ। ਇਸ ਦੇ ਇੱਕ ਪਾਸੇ ਅਮੀਰ ਬਜ਼ਾਰ ਫ਼ਿਫ਼ਥ ਐਵੇਨਿਊ ਆ ਕੇ ਮੁੱਕਦਾ ਹੈ, ਜਿੱਥੇ ਵਾਸ਼ਿੰਗਟਨ ਸੁਕੇਅਰ ਦਾ ਮਹਿਰਾਬੀ ਦਰਵਾਜ਼ਾ ਹੈ ਅਤੇ ਇੱਕ ਪਾਸੇ ਸ਼ੈਰੀਡਨ ਸੁਕੇਅਰ ਹੈ ਜੋ ਨਾਟ-ਘਰਾਂ, ਕਿਤਾਬਾਂ ਤੇ ਮੂਰਤੀ-ਕਲਾ ਦੀਆਂ ਹੱਟੀਆਂ ਅਤੇ ਖਾਣ-ਪੀਣ ਦਿਆਂ ਭੋਰਿਆਂ ਤੇ ਨਾਟ-ਘਰਾਂ ਨਾਲ਼ ਘਿਰਿਆ ਹੋਇਆ ਹੈ। ਵਿਚਕਾਰੋਂ ਛੇਵਾਂ ਐਵੇਨਿਊ ਲੰਘਦਾ ਹੈ। ਇਸ ਸਾਰੀ ਬਸਤੀ ਦੇ ਮਕਾਨ ਛੇ ਮੰਜ਼ਲਾਂ ਤੋਂ ਉੱਚੇ ਨਹੀਂ ਅਤੇ ਇਹ ਗੱਲ ਇਸ ਇਲਾਕੇ ਦੇ ਵਸਨੀਕਾਂ ਨੇ ਬੜੀ ਹਿੰਮਤ ਕਰਕੇ ਕਾਇਮ ਰੱਖੀ ਹੈ। ਚੁਫੇਰੀਂ ਉੱਚੀਆਂ-ਉੱਚੀਆਂ ਇਮਾਰਤਾਂ ਹਨ ਅਤੇ ਵਿਚਕਾਰ ਨਿੱਕੀਆਂ-ਨਿੱਕੀਆਂ ਵਲ਼ ਖਾਂਦੀਆਂ ਗਲ਼ੀਆਂ ਤੇ ਨਿੱਕੀਆਂ ਦੁਕਾਨਾਂ। ਇੱਥੇ ਬਹੁਤ ਸਾਰੇ ਬਾਹਰ ਦੇ ਲੋਕ ਆ ਕੇ ਵੱਸੇ ਹਨ—ਖ਼ਾਸ ਤੌਰ ਉੱਤੇ ਇਟਲੀ ਤੇ ਆਇਰਲੈਂਡ ਦੇ ਲੋਕ। ਗਲ਼ੀਆਂ ਦੀਆਂ ਗਲ਼ੀਆਂ ਅਤਾਲਵੀ ਲੋਕਾਂ ਨੇ ਮੱਲੀਆਂ ਹੋਈਆਂ ਹਨ। ਇਹਨਾਂ ਦਾ ਮਜ਼੍ਹਬ ਰੋਮਨ ਕੈਥੋਲਿਕ ਹੈ। ਅੱਜ ਸ਼ਾਮ ਇਹਨਾਂ ਦਾ ਹੀ ਇੱਕ ਧਾਰਮਿਕ ਮੇਲਾ ਸੀ।

ਗਰੀਨਿਚ ਵਿਲੇਜ ਰਾਤ ਵੇਲ਼ੇ ਜਾਗਦਾ ਹੈ। ਇੱਥੋਂ ਦੇ ਫ਼ੱਕਰ ਕਲਾਕਾਰ ਬਹੁਤ ਦਿਨ ਚੜ੍ਹੇ ਸੁੱਤੇ ਉੱਠਦੇ ਹਨ। ਬਹੁਤੇ ਰੈਸਟੋਰੈਂਟਾਂ ਦੇ ਬੂਹੇ ਦਿਨ ਦੇ 11 ਵਜੇ ਤੀਕ ਬੰਦ ਹੁੰਦੇ ਹਨ।

ਅਸੀਂ ਗਲ਼ੀਆਂ ਵਿੱਚ ਰਾਤ ਦੀ ਚਮਕ-ਦਮਕ ਦੇਖਦੇ ਹੋਏ ਜਾ ਰਹੇ ਸਾਂ। ਪਟੜੀ ਉੱਤੇ ਕੰਧ ਦੇ ਨਾਲ਼ ਬਹੁਤ ਸਾਰੇ ਫ਼ੱਕਰ ਚਿੱਤਰਕਾਰਾਂ ਨੇ ਪ੍ਰਦਰਸ਼ਨੀ ਲਾਈ ਹੋਈ ਸੀ। ਇੱਕ ਕੈਫ਼ੇ ਦੇ ਥੜ੍ਹੇ ਉੱਤੇ ਤਿੰਨ ਪਤਲੇ ਨੌਜਵਾਨ ਖੜ੍ਹੇ ਗਾ ਰਹੇ ਸਨ ਅਤੇ ਉਹਨਾਂ ਦੇ ਇਰਦ-ਗਿਰਦ ਮਜਮਾ ਲੱਗਿਆ ਹੋਇਆ ਸੀ। ਢਾਣੀਆਂ ਬੰਨ੍ਹੀ ਮੁੰਡੇ-ਕੁੜੀਆਂ ਝੂਮਦੇ ਹੋਏ ਤੁਰੇ ਜਾਂਦੇ ਸਨ। ਇੱਕ ਦੁਕਾਨ



Downloaded from https:// www.studiestoday.com

Downloaded from https:// www.studiestoday.com

ਵਿੱਚ ਬਹੁਤ ਸਾਰੀਆਂ ਮੂਰਤਾਂ ਤੇ ਬੁੱਤ ਖਿੰਡੇ ਪਏ ਸਨ। ਸਟੂਲ ਉੱਤੇ ਲੈਂਪ ਦੀ ਤੇਜ਼ ਰੋਸ਼ਨੀ ਵਿੱਚ ਇੱਕ ਔਰਤ ਬੈਠੀ ਸੀ ਜਿਸ ਦੀ ਮੂਰਤ ਇੱਕ ਬੁੱਢਾ ਚਿੱਤਰਕਾਰ ਛੇਤੀ-ਛੇਤੀ ਬਣਾ ਰਿਹਾ ਸੀ।

ਜਿਮ ਨੇ ਆਖਿਆ, "ਇਹ ਔਰਤ ਨਿਊਯਾਰਕ ਦੀ ਨਹੀਂ, ਕਿਸੇ ਕਸਬੇ ਤੋਂ ਆਈ ਹੈ। ਪੇਂਡੂਆਂ ਵਾਂਗ ਬੈਠੀ ਆਪਣੀ ਮੂਰਤ ਲੁਹਾ ਰਹੀ ਹੈ।"

ਤੁਰਦੇ-ਤੁਰਦੇ ਅਸੀਂ ਇੱਕ ਗਲ਼ੀ ਵਿੱਚ ਵੜੇ ਜਿੱਥੇ ਬਿਜਲੀ ਦੇ ਰੰਗ-ਬਰੰਗੇ ਲਾਟੂਆਂ ਦਾ ਦਰਵਾਜ਼ਾ ਬਣਿਆ ਹੋਇਆ ਸੀ। ਰੋਸ਼ਨੀਆਂ ਦੇ ਹਾਰ ਲਟਕ ਰਹੇ ਸਨ ਅਤੇ ਦੂਰ ਤੀਕ ਜਗਮਗਾਉਂਦੀਆਂ ਹੋਈਆਂ ਬਹੁ-ਰੰਗੀਆਂ ਬੱਤੀਆਂ ਦੀਆਂ ਕਤਾਰਾਂ ਸਨ। ਇੱਥੇ ਭੀੜ ਸੀ। ਅਸੀਂ ਇਸ ਭੀੜ ਵਿੱਚ ਦਾਖ਼ਲ ਹੋਏ। ਦੂਰ ਤੀਕ ਮੇਲਾ ਲੱਗਿਆ ਹੋਇਆ ਸੀ। ਗਿਰਜਾ-ਘਰ ਵਿੱਚ ਪ੍ਰਾਰਥਨਾ ਹੋ ਰਹੀ ਸੀ ਅਤੇ ਲਾਊਡਸਪੀਕਰ ਰਾਹੀਂ ਮੇਲੇ ਦੇ ਭਗਤਾਂ ਨੂੰ ਹਜ਼ਰਤ ਈਸਾ ਦੀ ਬਾਣੀ ਸੁਣਾਈ ਜਾ ਰਹੀ ਸੀ।

ਥਾਂ-ਥਾਂ ਭੱਠੀਆਂ ਉੱਤੇ ਕੜਾਹੀਆਂ ਚੜ੍ਹੀਆਂ ਹੋਈਆਂ ਸਨ। ਕਣਕਵੰਨੇ ਰੰਗ ਦੀਆਂ ਮੋਟੀਆਂ ਅਤਾਲਵੀ ਔਰਤਾਂ ਪਕੌੜੇ ਤੇ ਮੱਠੀਆਂ ਤਲ਼ ਰਹੀਆਂ ਸਨ। ਕੋਈ ਕੇਕੜੇ ਭੁੰਨ ਰਹੀ ਸੀ, ਕੋਈ ਸੰਘਾੜੇ, ਕੋਈ ਕਾਜੂ। ਲੋਹੇ ਦੀਆਂ ਪਰਾਤਾਂ ਵਿੱਚ ਫੇਣੀਆਂ ਤੇ ਸੇਵੀਆਂ ਪਈਆਂ ਸਨ। ਫ਼ਲੂਦਾ ਵਿਕ ਰਿਹਾ ਸੀ। ਗਰਮ-ਗਰਮ ਮਸਾਲੇ, ਚਟਣੀਆਂ ਤੇ ਤਲ਼ੇ ਹੋਏ ਮਾਸ ਦੇ ਪਕੌੜਿਆਂ ਦਾ ਧੂੰਆਂ ਉੱਠ ਰਿਹਾ ਸੀ। ਕਈ ਕੁੜੀਆਂ ਤਰਬੂਜ਼ ਕੱਟ ਕੇ ਵੇਚ ਰਹੀਆਂ ਸਨ ਅਤੇ ਨਾਲ਼-ਨਾਲ਼ ਬਾਈਬਲ ਦਾ ਪਾਠ ਕਰ ਰਹੀਆਂ ਸਨ। ਭਰਵੇਂ ਜਬਾੜ੍ਹਿਆਂ ਤੇ ਨੰਗੇ ਪਿੰਡਿਆਂ ਵਾਲ਼ੇ ਨਾਨਬਾਈ ਹਾਕਾਂ ਮਾਰ ਰਹੇ ਸਨ ਕਿ ਕੋਈ ਆ ਕੇ ਉਹਨਾਂ ਦੀਆਂ ਅਸਲੀ ਅਤਾਲਵੀ ਮਸਾਲੇਦਾਰ ਸੇਵੀਂਆਂ ਖਾਵੇ।

ਇਸ ਮੇਲੇ ਵਿੱਚ ਅਸੀਂ ਤਿੰਨੇ ਤਮਾਸ਼ਾਈ ਸਾਂ ਪਰ ਅਤਾਲਵੀ ਔਰਤਾਂ ਤੇ ਮਰਦ ਇਸ ਵਿੱਚ ਲੀਨ ਸਨ। ਦੁਕਾਨਦਾਰਾਂ ਦੇ ਹੋਕੇ, ਜੂਏਬਾਜ਼ਾਂ ਦੇ ਲਲਕਾਰੇ ਤੇ ਮੁੰਡੇ-ਕੁੜੀਆਂ ਦੀਆਂ ਅਵਾਜ਼ਾਂ। ਔਰਤਾਂ ਹੱਥ ਮਾਰਦੀਆਂ ਹੋਈਆਂ ਸੰਗੀਤਮਈ ਅਤਾਲਵੀ ਵਿੱਚ ਤੇਜ਼-ਤੇਜ਼ ਗੱਲਾਂ ਕਰਦੀਆਂ ਸਨ। ਸਿਰਫ਼ ਗਿਰਜਾ-ਘਰ ਵਿੱਚੋਂ ਪ੍ਰਾਚੀਨ ਲਾਤੀਨੀ ਭਾਸ਼ਾ ਸੁਣਾਈ ਦੇ ਰਹੀ ਸੀ।

ਜਿਮ ਤੇ ਮੈਂ ਗਿਰਜਾ-ਘਰ ਦੇ ਵੱਡੇ ਬੂਹੇ ਵਿੱਚੋਂ ਅੰਦਰ ਵੜੇ ਤਾਂ ਕਈ ਪਾਦਰੀ ਫੁੱਲ-ਪਤਾਸੇ ਵਰਗੀਆਂ ਗੋਲ਼ ਚਿੱਟੀਆਂ ਟੋਪੀਆਂ ਪਾਈ, ਲੰਮੇ ਚੋਲ਼ੇ ਪਹਿਨੀਂ, ਹੱਥ ਵਿੱਚ ਮਾਲ਼ਾ ਫੜੀ ਖੜ੍ਹੇ ਸਨ। ਪਸ਼ਚਾਤਾਪ ਲਈ ਓਹਲੇ 'ਚ ਪੋਣੇ ਸਨ ਜਿੱਥੇ ਆਪਣੇ ਆਪ ਨੂੰ ਪਾਪੀ ਸਮਝਦੇ ਲੋਕ ਗੋਡੇ ਟੇਕ ਕੇ ਤੇ ਹੱਥ ਜੋੜ ਕੇ ਰੱਬ ਤੋਂ ਆਪਣੇ ਗੁਨਾਹ ਬਖ਼ਸ਼ਵਾ ਰਹੇ ਸਨ।

ਅਸੀਂ ਇੱਕ ਝਾਤ ਪਾਈ ਤੇ ਹਜ਼ਰਤ ਈਸਾ ਦੀ ਵੱਡੀ ਮੂਰਤੀ ਦੇ ਦਰਸ਼ਨ ਕਰ ਕੇ ਅਤੇ ਕੁਝ ਪੈਸੇ ਚੜ੍ਹਾ ਕੇ ਬਾਹਰ ਆ ਗਏ।

ਇਸ ਵਾਤਾਵਰਨ ਵਿੱਚ ਮੈਂ ਇਹ ਭੁੱਲ ਗਿਆ ਕਿ ਇਹ ਥਾਂ ਅੰਤਰਰਾਸ਼ਟਰੀ ਮਸ਼ੀਨੀ ਯੁੱਗ ਦੇ ਉਸਰੱਈਏ, ਨਿਊਯਾਰਕ ਦਾ ਇੱਕ ਹਿੱਸਾ ਹੈ। ਇਹ ਪੰਜਾਬ ਦੇ ਕਿਸੇ ਧਾਰਮਿਕ ਮੇਲੇ ਦੀ ਯਾਦ ਦਿਵਾਉਂਦੀ ਸੀ— ਗੁੱਗੇ ਪੀਰ ਦਾ ਮੇਲਾ ਜਨਮ-ਅਸ਼ਟਮੀ ਦਾ ਉਤਸਵ ਜਾਂ ਹੋਲਾ-ਮਹੱਲਾ !

ਹਰ ਐਤਵਾਰ ਨੂੰ ਵਾਸ਼ਿੰਗਟਨ ਸੁਕੇਅਰ ਵਿੱਚ ਗਰੀਨਿਚ ਵਿਲੇਜ ਦੇ ਵਸਨੀਕ ਆ ਕੇ ਗਾਉਂਦੇ ਤੇ ਨੱਚਦੇ ਹਨ। ਇਸ ਚੌੜੇ ਪਾਰਕ ਵਿੱਚ ਦਰਖ਼ਤਾਂ ਦੀ ਛਾਂ ਹੈ। ਪੱਕੀਆਂ ਪਗ-ਡੰਡੀਆਂ ਉੱਤੇ ਥਾਂ-ਥਾਂ ਬੈਂਚ ਪਏ ਹਨ, ਜਿਨ੍ਹਾਂ ਉੱਤੇ ਲੋਕ ਬੈਠੇ ਧੁੱਪ ਸੇਕਦੇ, ਤਾਸ਼ ਖੇਡਦੇ, ਪੜ੍ਹਦੇ ਤੇ ਗੱਪਾਂ ਮਾਰਦੇ ਹਨ। ਬੀਟਨਿਕ ਸ਼ਾਇਰਾਂ ਤੇ ਚਿੱਤਰਕਾਰਾਂ ਦੇ ਟੋਲੇ ਤੇ ਗੁਟਕਦੀਆਂ ਹੋਈਆਂ ਕੁੜੀਆਂ ਇੱਥੇ ਐਤਵਾਰ ਮਨਾਉਣ ਆਉਂਦੀਆਂ ਹਨ। ਕਈ ਬੈਂਚਾਂ ਅੱਗੇ ਸ਼ਤਰੰਜ ਖੇਡਣ ਲਈ ਪੱਥਰ ਦੀ ਬਸਾਤ ਵਿਛੀ ਹੋਈ ਹੈ। ਸ਼ੁਕੀਨ ਆਪਣੇ ਮੋਹਰੇ ਲੈ ਕੇ ਆਉਂਦੇ ਹਨ ਅਤੇ ਬਾਜ਼ੀ ਵਿੱਚ ਜੁਟ ਜਾਂਦੇ ਹਨ।

ਇਹ ਚੌਗਾਨ 1769 ਈ. ਵਿੱਚ ਸ਼ਹਿਰ ਦੇ ਘੁਮਿਆਰਾਂ ਲਈ ਮਿੱਟੀ ਪੁੱਟਣ ਵਾਲ਼ੀ ਥਾਂ ਸੀ। ਇਸ ਦੇ ਦਰਖ਼ਤਾਂ ਉੱਤੇ ਅਪਰਾਧੀਆਂ ਨੂੰ ਫਾਂਸੀ ਟੰਗਿਆ ਜਾਂਦਾ ਸੀ। ਉਸ ਜ਼ਮਾਨੇ ਦੇ ਕੁਝ ਕੁ ਦਰਖ਼ਤ ਹੁਣ ਵੀ ਖੜ੍ਹੇ ਹਨ। ਫਾਂਸੀ ਲੱਗਦੇ ਡਾਕੂਆਂ ਤੇ ਕਾਤਲਾਂ ਨੂੰ ਦੇਖਣ ਲਈ ਲੋਕ ਇਕੱਠੇ ਹੁੰਦੇ ਅਤੇ ਇੱਕ ਮੇਲਾ ਜਿਹਾ ਲੱਗ ਜਾਂਦਾ। 1823 ਈ. ਵਿੱਚ ਘੁਮਿਆਰਾਂ ਨੂੰ ਮਿੱਟੀ ਪੁੱਟਣ ਤੋਂ ਬੰਦ ਕਰ ਦਿੱਤਾ ਗਿਆ। ਚਾਰ ਸਾਲ ਪਿੱਛੋਂ ਇੱਥੇ ਇੱਕ ਪਾਰਕ ਬਣਾ ਦਿੱਤਾ ਗਿਆ, ਜਿਸ ਦੇ ਆਲ਼ੇ-ਦੁਆਲ਼ੇ ਉੱਚੀਆਂ ਇਮਾਰਤਾਂ ਖੜ੍ਹੀਆਂ ਹੋ ਗਈਆਂ।

ਭੱਦਰ-ਪੁਰਸ਼ਾਂ ਦੇ ਉੱਚੇ ਮਕਾਨਾਂ ਤੇ ਫ਼ੈਸ਼ਨੇਬਲ ਦੁਕਾਨਾਂ ਦੇ ਵਿਚਕਾਰ ਸ਼ਹਿਰ ਦੇ ਰੰਗੀਨ ਨੌਜਵਾਨ, ਮਸਤ ਕਲਾਕਾਰ ਅਤੇ ਗਾਉਣ ਤੇ ਨੱਚਣ ਵਾਲ਼ੇ ਅਤਾਲਵੀ ਵਸਨੀਕ ਇਸ ਥਾਂ ਆ ਜੁੜਦੇ ਹਨ। ਚਾਰ-ਛੇ ਜਣਿਆਂ ਦੀ ਟੋਲੀ ਬੈਂਜੋ ਵਜਾਉਂਦੀ ਹੋਈ ਗਾਉਣ ਲੱਗਦੀ ਹੈ ਤਾਂ ਬਾਕੀ ਦੇ ਲੋਕ ਵੀ ਰਲ਼ ਜਾਂਦੇ ਹਨ। ਸਮੂਹ-ਗਾਣ ਸ਼ੁਰੂ ਹੋ ਜਾਂਦਾ ਹੈ ਤੇ ਗਿੱਧਾ ਮੱਚਣ ਲਗਦਾ ਹੈ। ਸ਼ਕਤੀ ਭਰੇ ਜੁਸ਼ੀਲੇ ਨੌਜਵਾਨ ਮੁੰਡੇ-ਕੁੜੀਆਂ ਨੱਚਣ ਲੱਗਦੇ ਹਨ ਤਾਂ ਇਰਦ-ਗਿਰਦ ਦੇ ਰਸਤੇ ਰੁਕ ਜਾਂਦੇ ਹਨ।

ਉੱਚੀਆਂ ਇਮਾਰਤਾਂ ਵਿੱਚ ਰਹਿਣ ਵਾਲ਼ਿਆਂ ਨੇ ਵਿਲੇਜ ਦੇ ਇਸ ਨੱਚਣ-ਗਾਉਣ ਨੂੰ ਕੌੜੀ ਨਜ਼ਰ ਨਾਲ਼ ਦੇਖਿਆ।



Downloaded from https:// www.studiestoday.com

Downloaded from https:// www.studiestoday.com

ਉਤਲੀ ਸ਼੍ਰੇਣੀ ਦੀਆਂ ਔਰਤਾਂ ਨੇ ਨੱਕ ਚਾੜ੍ਹਿਆ, ਇਹਨਾਂ ਲੋਕਾਂ ਨੂੰ ਲੁੱਚੇ, ਗੁੰਡੇ ਤੇ ਅਵਾਰਾ ਕਹਿ ਕੇ ਭੰਡਿਆ ਅਤੇ ਇਹਨਾਂ ਦੇ ਨੱਚਣ-ਗਾਉਣ ਉੱਤੇ ਇਤਰਾਜ਼ ਕੀਤਾ।

ਰਾਤ ਨੂੰ ਵਿਲੇਜ ਦੇ ਲੋਕ ਦੇਰ ਤੀਕ ਗਾਉਂਦੇ ਤੇ ਨੱਚਦੇ ਸਨ। ਇਸ ਸ਼ੋਰ-ਸ਼ਰਾਬੇ ਨਾਲ਼ ਉੱਚੀਆਂ ਇਮਾਰਤਾਂ ਵਿੱਚ ਰਹਿਣ ਵਾਲ਼ਿਆਂ ਦੀ ਨੀਂਦ ਖ਼ਰਾਬ ਹੁੰਦੀ ਸੀ। ਕੁਝ ਧਨਾਢ ਇਸ ਗੱਲ ਦੀ ਵਿਉਂਤ ਘੜ ਰਹੇ ਸਨ ਕਿ ਫ਼ਿਫ਼ਥ ਐਵੇਨਿਊ ਨੂੰ ਵਿਲੇਜ ਦੇ ਵਿਚਕਾਰ ਦੀ ਸਿੱਧਾ ਹੋਰ ਅੱਗੇ ਲਿਆਇਆ ਜਾਵੇ ਅਤੇ ਇਸ ਉੱਤੇ 30-30 ਮੰਜ਼ਲੇ ਮਕਾਨ ਤੇ ਦੁਕਾਨਾਂ ਉਸਾਰ ਕੇ ਇਸ ਨੂੰ ਇੱਕ ਵਪਾਰਿਕ ਬਜ਼ਾਰ ਬਣਾਇਆ ਜਾਵੇ। ਉਹਨਾਂ ਨੇ ਵਿਲੇਜ ਦੇ ਬੇਕਨੂੰਨੇ ਤੇ ਬੇਨਿਯਮੇ ਲੋਕਾਂ ਦੀ ਰਹਿਣੀ-ਬਹਿਣੀ ਉੱਤੇ ਇਤਰਾਜ਼ ਕੀਤਾ ਅਤੇ ਗਲ਼ੀਆਂ ਵਿੱਚ ਨੱਚਣ ਤੇ ਗਾਉਣ ਉੱਤੇ ਪਾਬੰਦੀ ਲਾਉਣ ਲਈ ਮਾਮਲੇ ਨੂੰ ਕਚਹਿਰੀ ਤੀਕ ਪਹੁੰਚਾਇਆ। ਇਹ ਅਮੀਰ ਲੋਕ ਅਸਰ-ਰਸੂਖ਼ ਵਾਲ਼ੇ ਸਨ। ਇਹਨਾਂ ਨੇ ਨਿਊਯਾਰਕ ਦੀ ਨਗਰ-ਸਭਾ ਤੋਂ ਕਨੂੰਨ ਪਾਸ ਕਰਵਾ ਦਿੱਤਾ, ਜਿਸ ਅਨੁਸਾਰ ਇਹ ਲੋਕ ਵਾਸ਼ਿੰਗਟਨ ਸੁਕੇਅਰ ਵਿੱਚ ਐਤਵਾਰ ਨੂੰ ਨੱਚ ਤੇ ਗਾ ਨਹੀਂ ਸਨ ਸਕਦੇ।

ਵਿਲੇਜ ਦੇ ਝਿੱਕੇ ਮਕਾਨਾਂ ਵਿੱਚ ਰਹਿਣ ਵਾਲ਼ੇ ਗ਼ਰੀਬ ਲੋਕਾਂ ਤੇ ਕਲਾਕਾਰਾਂ ਵਿੱਚ ਰੌਲ਼ਾ ਪੈ ਗਿਆ। ਇਹ ਉਹਨਾਂ ਦੀ ਸ਼ਹਿਰੀ ਅਜ਼ਾਦੀ ਉੱਤੇ ਚੋਟ ਸੀ, ਵਿਲੇਜ ਦੀ ਪਰੰਪਰਾ ਤੇ ਇਸ ਦੇ ਰਾਂਗਲੇ ਜੀਵਨ ਉੱਤੇ ਹਮਲਾ।

ਦੋਹਾਂ ਧਿਰਾਂ ਵਿੱਚ ਭਾਰੀ ਟੱਕਰ ਹੋ ਗਈ। ਅਖ਼ਬਾਰਾਂ ਵਿੱਚ ਇਸ ਕਨੂੰਨ ਦੇ ਖ਼ਿਲਾਫ਼ ਚਿੱਠੀਆਂ ਛਪਣੀਆਂ ਸ਼ੁਰੂ ਹੋ ਗਈਆਂ। ਵਿਲੇਜ ਦੇ ਵਾਸੀ ਥੋੜ੍ਹੇ ਸਨ ਅਤੇ ਇਹਨਾਂ ਦੇ ਵਿਰੁੱਧ ਬੜੇ-ਬੜੇ ਧਨਾਢ । ਵੱਡੇ-ਵੱਡੇ ਅਖ਼ਬਾਰ ਵੀ ਕਰੋੜਪਤੀਆਂ ਦੀ ਹੀ ਮਲਕੀਅਤ ਸਨ। ਇੱਕ ਪਾਸੇ ਟੁੱਟੇ ਖੁੱਸੇ ਕਲਾਕਾਰ ਸਨ ਤੇ ਦੂਜੇ ਪਾਸੇ, ਪੈਸੇ ਦੀ ਤਾਕਤ।

ਅਖ਼ਬਾਰਾਂ ਵਿੱਚ ਸ਼ਹਿਰੀ ਅਜ਼ਾਦੀ ਤੇ ਸ਼ਖ਼ਸੀ ਅਜ਼ਾਦੀ ਉੱਤੇ ਵੱਡੇ-ਵੱਡੇ ਲੇਖ ਛਪੇ, ਰੇਡੀਓ ਉੱਤੇ ਧੂੰਆਂਧਾਰ ਤਕਰੀਰਾਂ ਹੋਈਆਂ ਅਤੇ ਸਾਰਾ ਸ਼ਹਿਰ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਸ਼ਖ਼ਸੀ ਅਜ਼ਾਦੀ ਦੇ ਸਵਾਲ ਉੱਤੇ ਲੋਕ ਇਸ ਤਰ੍ਹਾਂ ਵੱਡੇ-ਵੱਡੇ ਅਮੀਰਾਂ ਦੇ ਖ਼ਿਲਾਫ਼ ਇਕੱਠੇ ਹੋ ਗਏ ਕਿ ਨਗਰ-ਸਭਾ ਨੂੰ ਆਪਣਾ ਕਨੂੰਨ ਬਦਲਣਾ ਪਿਆ। ਵਿਲੇਜ ਦੇ ਵਾਸੀਆਂ ਨੂੰ ਵਾਸ਼ਿੰਗਟਨ ਸੁਕੇਅਰ ਵਿੱਚ ਮੁੜ ਨੱਚਣ ਤੇ ਗਾਉਣ ਦੀ ਖੁੱਲ੍ਹ ਮਿਲ਼ ਗਈ।

ਇਸ ਜਿੱਤ ਪਿੱਛੋਂ ਵਾਸ਼ਿੰਗਟਨ ਸੁਕੇਅਰ ਵਿੱਚ ਇੱਕ ਭਰਵਾਂ ਮੇਲਾ ਲੱਗਿਆ। ਖ਼ੁਸ਼ੀ ਨਾਲ਼ ਟੋਪੀਆਂ ਉਛਾਲ਼ੀਆਂ ਗਈਆਂ ਅਤੇ ਇੱਥੋਂ ਦੇ ਮਨਚਲੇ ਕਵੀਆਂ ਤੇ ਸੰਗੀਤਕਾਰਾਂ ਨੇ ਤੁਰੰਤ ਆਪਣੀ ਜਿੱਤ ਦੇ ਗੀਤ ਰਚ ਕੇ ਗਾਏ।

**ਇਸ ਪਾਠ ਵਿੱਚ ਆਏ ਨਾਂ, ਥਾਂ ਅਤੇ ਵਿਸ਼ੇਸ਼ ਸ਼ਬਦ—**

**(ੳ) ਨਾਂ, ਥਾਂ—**ਨਿਊਯਾਰਕ (ਅਮਰੀਕਾ ਦਾ ਉੱਘਾ ਸ਼ਹਿਰ), ਗਰੀਨਿਚ ਵਿਲੇਜ (ਨਿਊਯਾਰਕ ਵਿੱਚ ਕਲਾਕਾਰ-ਬਸਤੀ ਦਾ ਨਾਂ), ਫ਼ਿਗਾਰੋ ਕੈਫ਼ੇ (ਗਰੀਨਿਚ ਵਿਲੇਜ ਵਿੱਚ ਇੱਕ ਕੈਫ਼ੇ ਦਾ ਨਾਂ), ਪ੍ਰੋਫ਼ੈਸਰ ਓ. ਪੀ. ਸ਼ਰਮਾ, ਕੇ. ਬੀ. ਵੈਦ (ਭਾਰਤ ਤੋਂ ਪ੍ਰਾਅਧਿਆਪਕ), ਟੌਮ ਪੇਨ (ਇੱਕ ਨਾਵਲਕਾਰ), ਫ਼੍ਰਾਂਸੀਸੀ, ਸਵੀਡਨ, ਜਨਮਨ ਐਡਗਰ ਐਲਨ ਪੋ (1809-49), ਅਮਰੀਕਾ ਦਾ ਪ੍ਰਸਿੱਧ ਕਹਾਣੀਕਾਰ ਅਤੇ ਆਲੋਚਕ), ਵਾਲਟ ਵਿਟਮੈਨ (ਅਮਰੀਕਾ ਦਾ ਇੱਕ ਉੱਘਾ ਕਵੀ, ਗੱਦ-ਕਵਿਤਾ ਦੇ ਮੋਢੀਆਂ ਵਿੱਚੋਂ ਇੱਕ ਕਵੀ), ਮਾਰਕ ਟਵੇਨ (1835-1910, ਅਮਰੀਕਾ ਦਾ ਉੱਘਾ ਹਾਸ-ਰਸ ਲਿਖਾਰੀ ਤੇ ਨਾਵਲਕਾਰ), ਜੌਨ ਮੈਸਫ਼ੀਲਡ (ਇੰਗਲੈਂਡ ਦੇ ਇੱਕ ਕਵੀ ਦਾ ਨਾਂ), ਯੂਜੀਨ ਓ ਨੀਲ (1888-1953, ਅਮਰੀਕਾ ਦਾ ਇੱਕ ਨਾਟਕਕਾਰ), ਈ. ਈ. ਕਮਿੰਗਜ਼ (ਇੱਕ ਕਵੀ ਦਾ ਨਾਂ), ਬਿੱਲ ਤੇ ਕੋਰਾ (ਪੁਤਲੀ-ਨਾਟ ਕਰਨ ਵਾਲ਼ੇ), ਏਸ਼ੀਅਨ ਸੁਸਾਇਟੀ (ਇੱਕ ਸੰਸਥਾ ਦਾ ਨਾਂ), ਮਿਸਜ਼ ਬੋਨੀ ਕ੍ਰਾਊਨ (ਏਸ਼ੀਆ ਸੁਸਾਇਟੀ ਦੇ ਪ੍ਰਕਾਸ਼ਨ ਵਿਭਾਗ ਦੀ ਡਾਇਰੈਕਟਰ), ਡਾਊਨਿੰਗ ਸਟ੍ਰੀਟ (ਨਿਊਯਾਰਕ ਦਾ ਇੱਕ ਇਲਾਕਾ) ਜਿਮ ਕ੍ਰਾਊਨ (ਮਿਸਜ਼ ਬੋਨੀ ਕ੍ਰਾਊਨ ਦਾ ਪਤੀ), ਕ੍ਰਿਸ਼ਨਾ ਮੈਨਨ (ਭਾਰਤ ਦਾ ਇੱਕ ਨੇਤਾ ਜੋ ਜਵਾਹਰ ਲਾਲ ਨਹਿਰੂ ਦੇ ਮੰਤਰੀ-ਮੰਡਲ ਵਿੱਚ ਇੱਕ ਮੰਤਰੀ ਸੀ), ਬਲੀਕਰ ਸਟ੍ਰੀਟ, (ਨਿਊਯਾਰਕ ਦਾ ਇੱਕ ਇਲਾਕਾ), ਫ਼ਿਫ਼ਥ ਐਵੇਨਿਊ (ਇੱਕ ਬਜ਼ਾਰ ਦਾ ਨਾਂ), ਵਾਸ਼ਿੰਗਟਨ ਸੁਕੇਅਰ (ਇੱਕ ਜਗ੍ਹਾ ਦਾ ਨਾਂ), ਸ਼ੈਰੀਡਨ ਸੁਕੇਅਰ (ਇੱਕ ਜਗ੍ਹਾ ਦਾ ਨਾਂ) ਇਟਲੀ, ਆਇਰਲੈਂਡ ; ਕੈਥੋਲਿਕ (ਈਸਾਈ ਧਰਮ ਦੀ ਇੱਕ ਕਿਸਮ), ਹਜ਼ਰਤ ਈਸਾ (ਈਸਾਈ ਧਰਮ ਦੇ ਮੋਢੀ), ਅਤਾਲਵੀ (ਇਟਲੀ ਦੀ ਭਾਸ਼ਾ), ਲਾਤੀਨੀ (ਸੰਸਕ੍ਰਿਤ ਵਾਂਗ ਇੱਕ ਪ੍ਰਾਚੀਨ ਭਾਸ਼ਾ)।

**(ਅ) ਵਿਸ਼ੇਸ਼ ਸ਼ਬਦ—**ਕੈਫ਼ੇ (ਕਾਹਵਾਖ਼ਾਨਾ, ਕਾਫ਼ੀ ਹਾਊਸ), ਸੁਮੇਲ (ਢੁਕਵਾਂ ਮੇਲ਼), ਥਿਏਟਰ (ਨਾਟਸ਼ਾਲਾ), ਰੈੱਸਟੋਰੈਂਟ (ਰੈਸਤੋਰਾਂ, ਭੋਜਨਸ਼ਾਲਾ), ਝਿੱਕੀਆਂ (ਨੀਵੀਆਂ, ਨਿਵਾਣ ਵਾਲ਼ੀਆਂ), ਬਾਗ਼ੀਆਨਾ (ਬਾਗ਼ੀਆਂ ਵਾਲੀਆਂ), ਖ਼ਾਸੀਅਤ (ਵਿਸ਼ੇਸ਼ਤਾ), ਨਾਨ (ਤੰਦੂਰ ਉੱਤੇ ਪਕਾਈ ਜਾਂਦੀ ਖ਼ਮੀਰੇ ਮੈਦੇ ਦੀ ਰੋਟੀ), ਖ਼ਤਾਈ (ਇੱਕ ਪ੍ਰਕਾਰ ਦਾ ਬਿਸਕੁਟ) ਢੱਕ-ਮਕੌੜਾ (ਲੰਮੀਆਂ ਲੱਤਾਂ ਵਾਲ਼ਾ ਕੀੜਾ), ਜੁੰਡੀਆਂ (ਟੋਲੀਆਂ), ਅਹਾਤਾ (ਵਿਹੜਾ), ਹੋੜਾ (ਬੂਹੇ ਬੰਦ ਕਰਨ ਲਈ ਲੱਕੜ ਦਾ ਅਰਲ), ਮਿਜ਼ਾਜ (ਸੁਭਾਅ, ਪ੍ਰਕਿਰਤੀ, ਪਾਠ ਵਿੱਚ ਇਸ ਸ਼ਬਦ ਦਾ ਭਾਵ ਵਾਤਾਵਰਨ ਤੋਂ ਹੈ), ਸਾਲਣ (ਸਲੂਣਾ, ਨਮਕੀਨ), ਤਰਕਾਰੀ (ਭਾਜੀ, ਸਬਜ਼ੀ), ਤਰੌਂਕਣਾ (ਛਿੜਕਣਾ), ਵਿਕਸਿਤ (ਉੱਨਤ), ਭਿੰਨ-ਭਿੰਨ ਸ਼ੈਲੀਆਂ (ਇੱਥੇ ਭਾਵ ਹੈ ਵੱਖ-ਵੱਖ ਤਰਜ਼ ਦੀਆਂ), ਅਤਾਲਵੀ ਔਰਤਾਂ (ਇਟਲੀ ਦੀਆਂ ਔਰਤਾਂ), ਮਹਿਰਾਬ੍ਹਦਾਰ ਦਰਵਾਜ਼ਾ (ਗੋਲ਼ ਡਾਟਾਂ ਵਾਲ਼ਾ ਦਰਵਾਜ਼ਾ), ਭੋਰਾ (ਤਹਿਖ਼ਾਨਾ),

Downloaded from https:// www.studiestoday.com

Downloaded from https:// www.studiestoday.com

ਪ੍ਰਦਰਸ਼ਨੀ (ਨੁਮਾਇਸ਼), ਮਜਮਾ (ਕਿਸੇ ਥਾਂ ਇਕੱਠੇ ਹੋਏ ਲੋਕ), ਮੂਰਤ (ਤਸਵੀਰ), ਫੇਣੀਆਂ (ਸੇਵੀਂਆਂ ਦੀ ਇੱਕ ਕਿਸਮ), ਫ਼ਲੂਦਾ (ਇੱਕ ਤਰ੍ਹਾਂ ਦਾ ਪਕਵਾਨ), ਤਮਾਸ਼ਾਈ (ਤਮਾਸ਼ਾ ਵੇਖਣ ਵਾਲ਼ੇ), ਪਸ਼ਚਾਤਾਪ (ਪਛਤਾਵਾ), ਬਸਾਤ (ਫ਼ਰਸ਼ ਉੱਤੇ ਵਿਛਾਉਣ ਵਾਲ਼ਾ ਕੱਪੜਾ ਜਿਸ ਉੱਤੇ ਸ਼ਤਰੰਜ ਦੀ ਖੇਡ ਖੇਡੀ ਜਾਂਦੀ ਹੈ। ਪਾਠ ਵਿੱਚ ਬਸਾਤ ਪੱਥਰ ਦੀ ਹੈ), ਮੋਹਰਾ (ਸ਼ਤਰੰਜ ਦੀ ਖੇਡ ਦੀ ਗੋਟੀ), ਚੌਗਾਨ (ਖਿੱਦੋ-ਖੂੰਡੀ ਖੇਡਣ ਲਈ ਸਾਫ਼ ਮੈਦਾਨ), ਭੱਦਰਪੁਰਸ਼ (ਸਾਊ, ਕੁਲੀਨ ਪੁਰਸ਼), ਧਨਾਢ (ਅਮੀਰ), ਕੌੜੀ ਨਜ਼ਰ ਨਾਲ਼ ਵੇਖਣਾ, (ਗੁੱਸੇ ਤੇ ਨਫ਼ਰਤ ਨਾਲ਼ ਤੱਕਣਾ), ਨੱਕ ਚਾੜ੍ਹਨਾ (ਨਫ਼ਰਤ ਦੇ ਭਾਵ ਪ੍ਰਗਟ ਕਰਨਾ), ਖ਼ਿਲਾਫ਼ (ਵਿਰੁੱਧ)।

## ਪਾਠ-ਅਭਿਆਸ

*1. ਵਸਤੂਨਿਸ਼ਠ ਪ੍ਰਸ਼ਨ—*

(ੳ) 'ਕਲਾਕਾਰਾਂ ਦੀ ਬਸਤੀ' ਸਫ਼ਰਨਾਮਾ-ਅੰਸ਼ ਦੇ ਲੇਖਕ ਦਾ ਨਾਂ ਦੱਸੋ।

(ਅ) ਕਿਸੇ ਵੀ ਸ਼ਹਿਰ ਵਿੱਚ ਜਾ ਕੇ ਲੇਖਕ ਸਭ ਤੋਂ ਪਹਿਲਾਂ ਕੀ ਲੱਭਦਾ ਹੈ ?

(ੲ) ਨਿਊਯਾਰਕ ਵਿੱਚ ਲੇਖਕ ਨੂੰ ਜਿਹੜਾ ਕੈਫ਼ੇ ਪਸੰਦ ਆਇਆ, ਉਸਦਾ ਨਾਂ ਲਿਖੋ।

(ਸ) 'ਗਰੀਨਿਚ ਵਿਲੇਜ' ਦੀਆਂ ਗਲ਼ੀਆਂ ਕਿਹੋ-ਜਿਹੀਆਂ ਹਨ ?

(ਹ) ਲੇਖਕ ਨੂੰ ਕਿਸ ਨੇ ਖਾਣੇ ਉੱਤੇ ਸੱਦਿਆ ?

(ਕ) ਜਿਮ ਕ੍ਰਾਊਨ ਕਿਸ ਉੱਤੇ ਕਿਤਾਬ ਲਿਖ ਰਿਹਾ ਸੀ ?

(ਖ) 'ਗਰੀਨਿਚ ਵਿਲੇਜ' ਦੇ ਮਕਾਨ ਕਿੰਨੀਆਂ ਮੰਜ਼ਲਾਂ ਤੋਂ ਉੱਚੇ ਨਹੀਂ ਹਨ ?

(ਗ) ਲੇਖਕ ਨੇ ਗਰੀਨਿਚ ਵਿਲੇਜ ਵਿੱਚ ਕਿਹੜਾ ਮੇਲਾ ਵੇਖਿਆ ?

*2. ਦੱਸੋ—*

(ੳ) ਗਰੀਨਿਚ ਵਿਲੇਜ ਕਿਸ ਪ੍ਰਕਾਰ ਦੀ ਬਸਤੀ ਹੈ ?

(ਅ) ਲੇਖਕ ਨੇ ਫ਼ਿਗਾਰੋ ਕੈਫ਼ੇ ਬਾਰੇ ਆਪਣੇ ਕੀ ਅਨੁਭਵ ਦੱਸੇ ਹਨ ?

(ੲ) ਲੇਖਕ ਅਨੁਸਾਰ ਗਰੀਨਿਚ ਵਿਲੇਜ ਨਾਲ਼ ਕਿਹੜੇ-ਕਿਹੜੇ ਸਾਹਿਤਕਾਰ ਤੇ ਕਲਾਕਾਰ ਸੰਬੰਧਿਤ ਰਹੇ ਹਨ ?

(ਸ) ਲੇਖਕ ਨੇ ਅਤਾਲਵੀ ਧਾਰਮਿਕ ਮੇਲੇ ਬਾਰੇ ਕੀ ਅਨੁਭਵ ਦੱਸੇ ਹਨ ?

(ਹ) ਗਰੀਨਿਚ ਵਿਲੇਜ ਦੇ ਲੋਕਾਂ ਨੇ ਕਿਹੜੀ ਜਿੱਤ ਹਾਸਲ ਕੀਤੀ ਅਤੇ ਕਿਵੇਂ ?

*3. ਸਾਰ*

ਇਸ 'ਪਾਠ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

♦♦♦♦♦



Downloaded from https:// www.studiestoday.com

Downloaded from https:// www.studiestoday.com

*ਸਫ਼ਰਨਾਮਾ—ਲੇਖਕ*

# ਸੰਤੋਖ ਸਿੰਘ ਧੀਰ

*(1920-2010)*

| | | |
|---|---|---|
| ਮਾਤਾ ਜੀ | : | ਸ੍ਰੀਮਤੀ ਜਮਨਾ ਦੇਵੀ |
| ਪਿਤਾ ਜੀ | : | ਗਿਆਨੀ ਈਸ਼ਰ ਸਿੰਘ ਦਰਦ |
| ਜਨਮ-ਮਿਤੀ | : | 2 ਦਸੰਬਰ, 1920 |
| ਜਨਮ-ਸਥਾਨ | : | ਬਸੀ ਪਠਾਣਾ (ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ) (ਨਾਨਕੇ ਘਰ) |
| ਵਿੱਦਿਆ | : | ਮੈਟ੍ਰਿਕ, ਗਿਆਨੀ। |
| ਕਿੱਤਾ | : | ਸਾਹਿਤਕਾਰੀ |
| ਦਿਹਾਂਤ | : | 8 ਫਰਵਰੀ, 2010 |
| **ਮੁੱਖ ਰਚਨਾਵਾਂ** | | |
| ਕਾਵਿ-ਸੰਗ੍ਰਹਿ | : | ਗੁੱਡੀਆਂ ਪਟੋਲੇ, ਪਹੁ ਫੁਟਾਲਾ, ਧਰਤੀ ਮੰਗਦੀ ਮੀਂਹ ਵੇ, ਪੱਤ ਝੜੇ ਪੁਰਾਣੇ, ਬਿਰਹੜੇ, ਅੱਗ ਦੇ ਪੱਤੇ, ਕਾਲੀ ਬਰਛੀ, ਸੰਜੀਵਨੀ, ਸਿੰਘਾਵਲੀ, ਆਉਣ ਵਾਲ਼ਾ ਸੂਰਜ, ਜਦੋਂ ਅਸੀਂ ਆਵਾਂਗੇ। |
| ਕਹਾਣੀ-ਸੰਗ੍ਰਹਿ | : | ਸਿੱਟਿਆਂ ਦੀ ਛਾਂ, ਸਵੇਰ ਹੋਣ ਤੱਕ, ਸਾਂਝੀ ਕੰਧ, ਸ਼ਰਾਬ ਦਾ ਗਲਾਸ, ਊਸ਼ਾ ਭੈਣ ਜੀ ਚੁੱਪ ਸਨ, ਪੱਖੀ, ਸ਼ੇਰਾਂ ਦੀ ਆਵਾਜ਼। |
| ਨਾਵਲ | : | ਸ਼ਰਾਬੀ, ਯਾਦਗਾਰ, ਮੈਨੂੰ ਇਕ ਸੁਫਨਾ ਆਇਆ, ਹਿੰਦੋਸਤਾਂ ਹਮਾਰਾ। |
| ਚਿੱਠੀਆਂ | : | ਫੁੱਲਾਂ ਨਾਲ ਗੱਲਾਂ। |
| ਸਾਹਿਤਿਕ ਸ੍ਵੈਜੀਵਨੀ | : | ਮੇਰੀ ਕਲਮ |
| ਹੋਰ | : | ਲੋਕ ਗੀਤਾਂ ਬਾਰੇ, ਪੰਜਾਬ ਦੀਆਂ ਲੋਕ ਕਹਾਣੀਆਂ, ਮੇਰੀਆਂ ਸ੍ਰੇਸ਼ਟ ਕਹਾਣੀਆਂ, ਮੇਰੀ ਪ੍ਰਤਿਨਿਧ ਰਚਨਾ। |
| ਅਨੁਵਾਦ | : | ਕਬੀਰ ਵਚਨਾਵਲੀ |

ਸੰਤੋਖ ਸਿੰਘ ਧੀਰ ਜੂਨ, 1974 ਈ. ਤੋਂ ਜੂਨ 1975 ਈ. ਤੱਕ ਲਗ-ਪਗ ਇੱਕ ਸਾਲ ਇੰਗਲੈਂਡ ਵਿੱਚ ਰਹੇ। ਉਹਨਾਂ ਨੇ ਆਪਣੇ ਇਸ ਯਾਤਰਾ ਦੇ ਅਨੁਭਵ 'ਮੇਰੀ ਇੰਗਲੈਂਡ ਯਾਤਰਾ' ਨਾਂ ਦੇ ਸਫ਼ਰਨਾਮੇ ਵਿੱਚ ਅੰਕਿਤ ਕੀਤੇ ਹਨ। ਇੰਗਲੈਂਡ ਦੇ ਜੀਵਨ ਬਾਰੇ ਲੇਖਕ ਨੇ ਜੋ ਪ੍ਰਭਾਵ ਗ੍ਰਹਿਣ ਕੀਤੇ, ਉਹਨਾਂ ਨੂੰ ਭਾਰਤ ਦੇ ਜੀਵਨ ਨਾਲ਼ ਤੁਲਨਾਉਂਦੇ ਹੋਏ, ਇਸ ਸਫ਼ਰਨਾਮੇ ਦੇ ਇੱਕ ਕਾਂਡ 'ਇੰਗਲੈਂਡ ਅਤੇ ਭਾਰਤ' ਵਿੱਚ ਦਰਜ ਕੀਤੇ ਹਨ। ਇਸ ਪਾਠ-ਪੁਸਤਕ ਲਈ ਚੁਣਿਆ ਪਾਠ ਉਪਰੋਕਤ ਕਾਂਡ ਦਾ ਸੰਖੇਪ ਰੂਪ ਹੈ।



Downloaded from https:// www.studiestoday.com

Downloaded from https:// www.studiestoday.com

# ਇੰਗਲੈਂਡ ਅਤੇ ਭਾਰਤ

ਇੰਗਲੈਂਡ ਵਿੱਚ ਮੇਰੀ ਅੱਖ ਆਮ ਅੰਗਰੇਜ਼ ਨੂੰ ਦੇਖਣ-ਸਮਝਣ ਵੱਲ ਹੀ ਲੱਗੀ ਰਹੀ ਹੈ। ਆਮ ਅੰਗਰੇਜ਼ ਸਾਡੇ ਵਾਂਗ ਮਿਹਨਤਕਸ਼ ਇਨਸਾਨ ਹੀ ਹੈ। ਓਹੀਓ ਉਸਦੇ ਜਜ਼ਬੇ ਤੇ ਓਹੀਓ ਹੀ ਉਦਗਾਰ ਹਨ। ਜੇ ਕੋਈ ਕਿਧਰੇ ਫ਼ਰਕ ਹੈ ਤਾਂ ਇਸਦਾ ਕਾਰਨ ਕਿਸੇ ਕੌਮ ਦਾ ਆਪਣੇ ਖ਼ਾਸ ਸੁਭਾਅ ਜਾਂ ਰਹਿਣ-ਸਹਿਣ ਦਾ ਢੰਗ ਹੀ ਹੈ। ਨਹੀਂ ਤਾਂ ਲਗ-ਪਗ ਮੁਢਲੇ ਜਜ਼ਬੇ ਹਰ ਇਨਸਾਨ ਦੇ ਇੱਕੋ ਹਨ।

ਆਮ ਅੰਗਰੇਜ਼ ਸਾਡੇ ਵਾਂਗ ਹੀ ਸਿੱਧਾ-ਸਾਦਾ ਤੇ ਭੋਲ਼ਾ ਹੈ। ਨਿੱਕੇ-ਨਿੱਕੇ ਚਾਅ ਹਨ ਤੇ ਨਿੱਕੇ-ਨਿੱਕੇ ਮਨ-ਪਰਚਾਵੇ। ਜਿਵੇਂ ਸਾਡੇ ਕਈਆਂ ਲੋਕਾਂ ਨੇ ਦਿੱਲੀ ਨਹੀਂ ਦੇਖੀ ਹੁੰਦੀ, ਕਈ ਅੰਗਰੇਜ਼ ਅਜਿਹੇ ਹਨ ਜਿਨ੍ਹਾਂ ਨੇ ਲੰਡਨ ਨਹੀਂ ਦੇਖਿਆ। ਸਾਡੇ ਵਾਂਗੂੰ ਉਹਨਾਂ ਲਈ ਵੀ ਆਪਣਾ ਪਿੰਡ ਤੇ ਆਲ਼ਾ-ਦੁਆਲ਼ਾ ਹੀ ਉਹਨਾਂ ਦੀ ਦੁਨੀਆਂ ਹੁੰਦਾ ਹੈ।

ਖ਼ਾਸ ਕਰਕੇ ਪਿੰਡਾਂ ਦੇ ਅੰਗਰੇਜ਼ ਬਹੁਤ ਹੀ ਭੋਲ਼ੇ ਹਨ। ਇੰਗਲੈਂਡ ਵਿੱਚ ਵੀ ਪੇਂਡੂਆਂ ਅਤੇ ਸ਼ਹਿਰੀਆਂ ਵਿੱਚ ਕੁਝ ਫ਼ਰਕ ਹੈ। ਪੇਂਡੂ ਸਿੱਧੇ-ਸਾਦੇ ਅਤੇ ਨਿਰਛਲ ਮੰਨੇ ਜਾਂਦੇ ਹਨ ਤੇ ਸ਼ਹਿਰੀ ਕਦਰੇ ਚੁਸਤ-ਚਲਾਕ।

ਅੰਗਰੇਜ਼ ਬਹੁਤ ਗ਼ਰੀਬ ਵੀ ਹੈ। ਬਹੁਤੇ ਅੰਗਰੇਜ਼ ਅਜਿਹੇ ਹਨ ਜਿਨ੍ਹਾਂ ਕੋਲ਼ ਆਪਣੇ ਘਰ ਨਹੀਂ ਹੁੰਦੇ, ਕੌਂਸਲ ਦੇ ਮਕਾਨਾਂ ਵਿੱਚ ਹੀ ਰਹਿੰਦੇ ਤੁਰੇ ਜਾਂਦੇ ਹਨ। ਇਸ ਦਾ ਕਾਰਨ ਇਹ ਵੀ ਹੈ ਕਿ ਉਹ ਭਵਿਖ ਲਈ ਨਹੀਂ ਸੋਚਦੇ, ਗੁਜ਼ਰ ਹੁੰਦੀ ਰਹਿੰਦੀ ਹੈ ਤੇ ਇਹੋ ਹੀ ਉਹ ਚਾਹੁੰਦੇ ਹਨ।

ਸਾਰੇ ਅੰਗਰੇਜ਼ ਪੜ੍ਹੇ-ਲਿਖੇ ਜਾਂ ਬੁੱਧੀਮਾਨ ਨਹੀਂ ਹੁੰਦੇ ਪਰ ਕਈ ਸਧਾਰਨ ਪੱਧਰ ਤੋਂ ਵੀ ਬਹੁਤ ਨੀਵੇਂ ਹੁੰਦੇ ਹਨ। ਅੱਖਰ ਭਾਵੇਂ ਜਾਣਦੇ ਹਨ, ਪਰ ਕਈ ਵਾਰ ਉਹ ਮਨੀਆਰਡਰ ਫ਼ਾਰਮ ਵੀ ਆਪ ਭਰਨ ਦੇ ਯੋਗ ਨਹੀਂ ਹੁੰਦੇ। ਕਈ ਵਾਰ ਉਹ ਮਨੀਆਰਡਰ ਆਪਣੇ ਏਸ਼ਿਆਈ ਸਾਥੀ ਵਰਕਰਾਂ ਪਾਸੋਂ ਭਰਵਾਉਂਦੇ ਹਨ। ਅਖ਼ਬਾਰ ਵੀ ਘੱਟ ਹੀ ਪੜ੍ਹਦੇ ਹਨ। ਖ਼ਰੀਦਦੇ ਜ਼ਰੂਰ ਹਨ ਪਰ ਉਹਨਾਂ ਦੀ ਦਿਲਚਸਪੀ ਬਹੁਤ ਆਮ ਅਤੇ ਸਥਾਨਿਕ ਜਿਹੀਆਂ ਖ਼ਬਰਾਂ ਨਾਲ਼ ਹੀ ਹੁੰਦੀ ਹੈ ਜਾਂ ਖੇਡਾਂ ਅਤੇ ਮੈਚਾਂ ਆਦਿ ਦੇ ਕਾਲਮ ਬਹੁਤਾ ਪੜ੍ਹਦੇ ਹਨ।

ਨਿਰਸੰਦੇਹ ਆਮ ਅੰਗਰੇਜ਼ ਬਹੁਤ ਹੀ ਆਲ਼ੇ-ਮੋਲ਼ੇ ਹਨ। ਕੱਪੜੇ ਚੰਗੇ ਹੁੰਦੇ ਹਨ, ਪਰ ਸਿਲੇ ਹੋਏ ਚੰਗੇ ਨਹੀਂ ਹੁੰਦੇ। ਕਈ ਵਾਰ ਤਾਂ ਬਹੁਤੇ ਕੱਪੜੇ ਸਹੀ ਮੇਚ ਵੀ ਨਹੀਂ ਹੁੰਦੇ। ਕਮੀਜ਼ ਦਾ ਕਫ਼ ਕੋਟ ਤੋਂ ਇੰਚ ਕੁ ਬਾਹਰ ਹੋਣਾ ਚਾਹੀਦਾ ਹੈ, ਪਰ ਸਾਰਾ ਕਫ਼ ਵੀ ਬਾਹਰ ਹੋਵੇ ਤਾਂ ਉਹਨਾਂ ਲਈ ਇਹ ਠੀਕ ਹੀ ਹੈ। ਅਸਲ ਵਿੱਚ ਇਹ ਮਿਹਨਤਕਸ਼ ਤੇ ਸਿੱਧੇ-ਸਾਦੇ ਅੰਗਰੇਜ਼ ਹਨ। ਰਾਜ, ਤਰਖਾਣ, ਮੋਚੀ, ਨਾਈ, ਗਧੇ ਹਿੱਕਣ ਵਾਲ਼ੇ ਤੇ ਘੋੜਾ-ਗੱਡੀ ਜੋਣ ਵਾਲ਼ੇ, ਫੈਕਟਰੀਆਂ ਦੇ ਵਰਕਰ, ਮਛੇਰੇ, ਕਿਸਾਨ। ਅਜਿਹੇ ਲੋਕ ਸਿੱਧੇ-ਸਾਦੇ ਅੰਗਰੇਜ਼ ਹਨ।

ਲੋਕ ਹੱਸ ਕੇ ਕਹਿੰਦੇ ਹਨ, ਇੰਗਲੈਂਡ ਵਿੱਚ ਤਿੰਨ ਡਬਲਿਊ (W) ਬੜੇ ਹੀ ਬੇਇਤਬਾਰੇ ਹਨ। Weather (ਮੌਸਮ), Work (ਕੰਮ), (Woman) (ਔਰਤ)। ਜਿੱਥੋਂ ਤੱਕ ਪਹਿਲੇ ਡਬਲਿਊ ਮੌਸਮ ਦਾ ਸੰਬੰਧ ਹੈ, ਇਹ ਗੱਲ ਬਿਲਕੁਲ ਸਹੀ ਹੈ। ਹੁਣੇ ਮੌਸਮ ਖ਼ੁਸ਼ਕ ਹੈ ਤੇ ਹੁਣੇ ਮੀਂਹ ਵਰ੍ਹ ਰਿਹਾ ਹੈ। ਦੂਜੇ ਡਬਲਿਊ ਬਾਰੇ ਵੀ ਇਹ ਨਿਰਨਾ ਕਾਫ਼ੀ ਠੀਕ ਹੈ। ਕੰਮ ਦਾ ਇੰਗਲੈਂਡ ਵਿੱਚ ਵੀ, ਨਿਰਸੰਦੇਹ ਭਰੋਸਾ ਨਹੀਂ। ਅੱਜ ਹੈ ਤੇ ਕੱਲ੍ਹ ਨਹੀਂ। ਇੰਗਲੈਂਡ ਵਿੱਚ ਮਹਿੰਗਾਈ ਹੀ ਨਹੀਂ, ਬੇਰੁਜ਼ਗਾਰੀ ਵੀ ਬੜੀ ਹੈ। ਆਖ਼ਰ ਅਰਥਚਾਰੇ ਦੀ ਬੁਨਿਆਦ ਤਾਂ ਪੂੰਜੀਵਾਦ ਹੀ ਹੈ। ਕੰਮ ਦੀ ਗਰੰਟੀ ਤਾਂ ਸਮਾਜਵਾਦ ਹੀ ਦਿੰਦਾ ਹੈ ਪਰ ਜਿੱਥੇ ਤੀਕਰ ਤੀਜੇ ਡਬਲਿਊ ਔਰਤ ਦਾ ਸੰਬੰਧ ਹੈ, ਇਹ ਗੱਲ ਸਹੀ ਨਹੀਂ ਹੈ। ਮੈਨੂੰ ਇਸ ਅਖਾਣ ਦੇ ਪਿੱਛੇ ਔਰਤ ਦੇ ਵਿਰੋਧ ਦਾ ਜਗੀਰੂ ਅਤੇ ਪਿਛਾਂਹ-ਖਿਚੂ ਸਿਧਾਂਤ ਹੀ ਨਜ਼ਰ ਆਉਂਦਾ ਹੈ।

ਇੰਗਲੈਂਡ ਦੀ ਔਰਤ ਜਾਤੀ ਬਾਰੇ ਅਸੀਂ ਭਾਰਤੀ ਬੜੇ ਅਜੀਬ ਜਿਹੇ ਲੱਖਣ ਲਾਉਂਦੇ ਰਹਿੰਦੇ ਹਾਂ। ਪਰ ਇਹ ਲੱਖਣ ਗ਼ਲਤ ਹਨ। ਇੰਗਲੈਂਡ ਦੀ ਔਰਤ ਉਸੇ ਤਰ੍ਹਾਂ ਹੀ ਸੁਘੜ ਅਤੇ ਸੁਸ਼ੀਲ ਹੈ, ਜਿਵੇਂ ਭਾਰਤੀ ਨਾਰੀ ਹੈ —ਉਸੇ ਤਰ੍ਹਾਂ ਇੰਗਲੈਂਡ ਦੀ ਔਰਤ ਬੱਚੇ ਪੈਦਾ ਕਰਦੀ ਤੇ ਉਹਨਾਂ ਦੀ ਪਾਲਣਾ ਕਰਦੀ ਹੈ। ਉਹ ਬੜੀ ਚੰਗੀ ਮਾਂ ਵੀ ਹੈ ਤੇ ਬੜੀ ਚੰਗੀ ਪਤਨੀ ਵੀ। ਉਹ ਧੀ ਵੀ ਹੈ ਤੇ ਭੈਣ ਵੀ। ਫ਼ਰਕ ਕੇਵਲ ਭਾਰਤ ਅਤੇ ਇੰਗਲੈਂਡ ਦੀ ਰਹਿਣੀ-ਬਹਿਣੀ ਦਾ ਹੈ। ਅਸੀਂ ਅਜੇ ਸੱਭਿਆਚਾਰਿਕ ਪੱਖ ਤੋਂ ਕਾਫ਼ੀ ਨੀਵੇਂ ਹਾਂ, ਇੰਗਲੈਂਡ ਦਾ ਸਤਰ ਉੱਚਾ ਹੈ। ਇੰਗਲੈਂਡ ਦੀ ਔਰਤ, ਨਿਰਸੰਦੇਹ ਨਰੋਏ ਆਚਰਨ ਦੀ ਮਾਲਕ ਹੈ।

ਮੇਮਾਂ ਸੱਭੇ ਸੋਹਣੀਆਂ ਜਾਂ ਸੱਭੇ ਪਰੀਆਂ ਨਹੀਂ ਹੁੰਦੀਆਂ, ਬੱਸ ਜਿਵੇਂ ਦੁਨੀਆਂ ਵਿੱਚ ਆਮ ਔਰਤਾਂ ਹੁੰਦੀਆਂ ਹਨ, ਉਵੇਂ ਹੀ ਮੇਮਾਂ ਹੁੰਦੀਆਂ ਹਨ। ਮੇਮਾਂ ਨਾਲ਼ੋਂ ਆਮ ਪੰਜਾਬੀ ਔਰਤ ਜ਼ਿਆਦਾ ਸੋਹਣੀ ਹੈ। ਠੀਕ ਹੈ, ਮੇਮਾਂ ਦਾ ਰੰਗ ਗੋਰਾ ਜਾਂ ਚਿੱਟਾ ਹੁੰਦਾ ਹੈ, ਪਰ ਚਿੱਟਾ ਰੰਗ ਇਕੱਲਾ ਹੀ ਸੁਹੱਪਣ ਦੀ ਨਿਸ਼ਾਨੀ ਨਹੀਂ।



Downloaded from https:// www.studiestoday.com

Downloaded from https:// www.studiestoday.com

ਅਸੀਂ ਹਿੰਦੁਸਤਾਨ ਵਿੱਚ ਅੰਗਰੇਜ਼ ਦੇ ਰਾਜ ਵੇਲ਼ੇ ਜਿਹੜੀਆਂ ਮੇਮਾਂ ਦੇਖੀਆਂ ਹੋਈਆਂ ਹਨ, ਉਹ ਬਹੁਤ ਸੋਹਣੀਆਂ ਹੁੰਦੀਆਂ ਸਨ। ਪਰ ਉਹ ਮੇਮਾਂ ਹੋਰ ਸਨ। ਉਹ ਸ਼ਾਹੀ ਖ਼ਾਨਦਾਨਾਂ ਦੀਆਂ ਰਾਣੀਆਂ, ਮਲਿਕਾਵਾਂ ਸਨ। ਪਰ ਇਹ ਮੇਮਾਂ ਕਿਰਤਣਾਂ, ਗ੍ਰਿਸਤਣਾਂ, ਘਰ-ਬਾਰਨਾਂ, ਬੱਚੇ ਪਾਲਣ ਵਾਲ਼ੀਆਂ ਤੇ ਬੱਚਿਆਂ ਸਣੇ ਭੱਜ-ਭੱਜ ਕੇ ਬੱਸਾਂ ਫੜਨ ਵਾਲ਼ੀਆਂ ਹਨ। ਇਕ ਬੱਚਾ ਗੋਦੀ ਹੈ, ਇੱਕ ਉਂਗਲ਼ੀ ਲੱਗਾ ਹੈ, ਕੋਲ਼ ਇੱਕ ਪ੍ਰਾਮ ਹੈ। ਪ੍ਰਾਮ ਅਤੇ ਬੱਚਿਆਂ ਸਣੇ ਪਹਿਲਾਂ ਬੱਸ ਵਿੱਚ ਚੜ੍ਹਨਾ ਤੇ ਫੇਰ ਅੱਗੇ ਲਹਿਣਾ ਹੈ। ਇਹ ਉਹ ਅੰਗਰੇਜ਼ ਹੈ ਜਿਸ ਨੂੰ ਅਸੀਂ ਆਪਣੇ ਮਿਹਨਤਕਸ਼ਾਂ ਦਾ ਸਾਥੀ ਕਹਿੰਦੇ ਹਾਂ।

ਅੰਗਰੇਜ਼ ਕੌਮ ਦੀਆਂ ਕੁਝ ਇੱਕ ਗੱਲਾਂ ਸਿਫ਼ਤ ਕਰਨ ਦੇ ਯੋਗ ਹਨ। ਸਭ ਤੋਂ ਚੰਗੀ ਸਿਫ਼ਤ ਹੈ, ਕੰਮ ਦੀ ਵਡਿਆਈ ਜਾਂ ਉੱਤਮਤਾ ਤੇ ਗੌਰਵ ਦੀ। ਅੰਗਰੇਜ਼ਾਂ ਲਈ ਕੋਈ ਵੀ ਕੰਮ ਛੋਟਾ ਜਾਂ ਨਿਗੂਣਾ ਨਹੀਂ। ਕੂੜਾ ਢੋਣ ਵਾਲ਼ੇ, ਟੱਟੀਆਂ ਸਾਫ਼ ਕਰਨ ਵਾਲ਼ੇ, ਸਬਜ਼ੀ-ਭਾਜੀ ਵੇਚਣ ਵਾਲ਼ੇ, ਚੌਕੀਦਾਰ, ਸਿਪਾਹੀ, ਅਖ਼ਬਾਰਾਂ ਵੇਚਣ ਵਾਲ਼ੇ ਆਦਿ ਸਭ ਦਾ ਕੰਮ ਉੱਤਮ ਹੈ। ਅਸੀਂ ਅਜਿਹੇ ਬਹੁਤੇ ਕੰਮਾਂ ਨੂੰ ਛੋਟਾ ਕੰਮ ਕਹਿ ਦਿੰਦੇ ਹਾਂ। ਇੰਗਲੈਂਡ ਵਿੱਚ ਇਹ ਉੱਕਾ ਨਹੀਂ। ਉੱਥੇ ਇੱਕ ਭੰਗੀ ਵੀ ਸਮਾਜ ਦੀਆਂ ਨਜ਼ਰਾਂ ਵਿੱਚ ਸਤਿਕਾਰ ਦਾ ਓਨਾ ਹੀ ਪਾਤਰ ਹੈ, ਜਿੰਨਾ ਇੱਕ ਅਧਿਆਪਕ ਜਾਂ ਹੋਰ ਕੋਈ ਕਿੱਤਾ ਕਰਨ ਵਾਲ਼ਾ। ਉੱਥੇ ਧਨ ਦੇ ਪੱਖੋਂ ਤਾਂ ਛੁਟਿਆਈ ਜਾਂ ਵਡਿਆਈ ਹੈ, ਕੰਮ ਦੇ ਪੱਖੋਂ ਨਹੀਂ ਹੈ।

ਅੰਗਰੇਜ਼ ਆਪਣੇ ਘਰ ਦਾ ਕੰਮ ਵੀ ਆਪਣੇ ਹੱਥੀਂ ਕਰਦੇ ਹਨ। ਸਮਾਨ ਆਪ ਚੁੱਕਦੇ ਹਨ। ਇੰਗਲੈਂਡ ਵਿੱਚ ਕਿਤੇ ਵੀ ਕੋਈ ਕੁਲੀ ਨਜ਼ਰ ਨਹੀਂ ਆਵੇਗਾ। 'ਕੁਲੀ' ਆਖ ਕੇ ਕਿਸੇ ਨੂੰ ਹਾਕ ਮਾਰਨ ਦਾ ਸਵਾਲ ਹੀ ਨਹੀਂ, ਕਿਉਂਕਿ ਕਿਸੇ ਨੇ ਆਉਣਾ ਹੀ ਨਹੀਂ।

ਸਾਡੇ ਆਮ ਜੀਵਨ ਵਿੱਚ ਸ਼ੋਰ-ਸ਼ਰਾਬਾ ਬਹੁਤ ਹੈ। ਸਾਡੇ ਹਿੰਦੁਸਤਾਨ ਵਿੱਚ, ਕਿਸੇ ਨੂੰ ਵੀ, ਕਿਸੇ ਵੇਲ਼ੇ ਵੀ, ਸ਼ੋਰ ਪਾ ਦੇਣ ਦਾ ਹੱਕ ਹੈ। ਜਦੋਂ ਵੀ ਕੋਈ ਚਾਹੁੰਦਾ ਹੈ, ਗਲ਼ੀ ਜਾਂ ਬਜ਼ਾਰ ਵਿੱਚ ਡੁਗਡੁਗੀ ਖੜਕਾਉਂਦਾ ਤੇ ਸ਼ੋਰ ਪਾਉਣ ਲੱਗ ਜਾਂਦਾ ਹੈ। ਸਾਡੇ ਚੋਣਾਂ ਹੁੰਦੀਆਂ ਹਨ, ਜਿਵੇਂ ਸਾਰੇ ਮੁਲਕ ਵਿੱਚ ਹੀ ਇੱਕ ਕੁਹਰਾਮ ਮੱਚ ਜਾਂਦਾ ਹੈ। ਇਹ ਮੇਰਾ ਲਾਊਡਸਪੀਕਰ ਹੈ, ਇਹ ਉਸਦਾ ਲਾਊਡਸਪੀਕਰ ਹੈ, ਜਿਵੇਂ ਸਾਰੇ ਮੁਲਕ ਨੂੰ ਹੀ ਉੱਚਾ ਸੁਣਨ ਲੱਗ ਜਾਂਦਾ ਹੈ। ਇੰਗਲੈਂਡ ਵਿੱਚ ਇਹ ਉੱਕਾ ਨਹੀਂ। ਉੱਥੇ ਵਾਯੂ-ਮੰਡਲ ਉਵੇਂ ਹੀ ਸ਼ਾਂਤ ਬਣਿਆ ਰਹਿੰਦਾ ਹੈ। ਪ੍ਰਚਾਰ-ਮੁਹਿੰਮਾਂ ਉੱਥੇ ਵੀ ਉਮੀਦਵਾਰਾਂ ਦੀਆਂ ਹੁੰਦੀਆਂ ਹਨ ਪਰ ਸਾਡੇ ਵਾਂਗੂੰ ਊਧਮ ਜਾਂ ਖਰੂਦ ਜਾਂ ਘੜਮੱਸ ਨਹੀਂ ਹੁੰਦਾ। ਅਸੀਂ ਤਾਂ "ਫੜ ਲਓ-ਮਾਰ ਲਓ" ਤੋਂ ਹੇਠਾਂ ਕਦੇ ਆਉਂਦੇ ਹੀ ਨਹੀਂ।

ਅੰਗਰੇਜ਼ ਗੱਲਾਂ ਵੀ ਕਰਦੇ ਹਨ ਪਰ ਉਹ ਗੱਲਾਂ ਇੱਕ-ਦੂਜੇ ਤੋਂ ਤੀਜੇ ਨੂੰ ਨਹੀਂ ਸੁਣਦੀਆਂ। ਅਸੀਂ ਬੱਸ ਜਾਂ ਰੇਲ ਵਿੱਚ ਜਦੋਂ ਗੱਲਾਂ ਕਰਦੇ ਹਾਂ ਤਾਂ ਸਾਡੀ ਗੱਲ ਨੂੰ ਬੱਸ ਜਾਂ ਰੇਲ ਦਾ ਸਾਰਾ ਡੱਬਾ ਸੁਣ ਸਕਦਾ ਹੈ। ਇਸ ਗੱਲੋਂ ਅੰਗਰੇਜ਼ਾਂ ਦੀ ਆਦਤ ਬੜੇ ਹੀ ਉੱਚ ਪਾਏ ਦੀ ਹੈ।

ਇਸੇ ਤਰ੍ਹਾਂ ਅੰਗਰੇਜ਼ ਕੌਮ ਦੀ ਮੁਸਕਰਾਉਣ ਦੀ ਆਦਤ ਹੈ। ਕਹਿੰਦੇ ਹਨ, ਇਹ ਮੁਸਕਰਾਹਟ ਦਿਲੋਂ ਉੱਠੀ ਹੋਈ ਨਹੀਂ ਹੁੰਦੀ। ਪਰ ਇਹ ਆਦਤ ਮਾੜੀ ਨਹੀਂ। ਜੇ ਇਨਸਾਨ ਇੱਕ-ਦੂਜੇ ਨੂੰ ਮੁਸਕਰਾ ਕੇ ਮਿਲ਼ਦਾ ਹੈ ਤਾਂ ਇਹ ਚੰਗੀ ਗੱਲ ਹੀ ਹੈ।

ਇੰਗਲੈਂਡ ਦੀ ਸਫ਼ਾਈ ਬਾਰੇ ਮੈਂ ਬਹੁਤ ਕੁਝ ਪੜ੍ਹਦਾ ਹੁੰਦਾ ਸਾਂ। ਇੰਗਲੈਂਡ ਬਹੁਤ ਸਾਫ਼ ਹੈ। ਪਰ ਇਹ ਨਹੀਂ ਕਿ ਕਿਤੇ ਕੋਈ ਚੀਜ਼ ਉੱਕਾ ਖਿੱਲਰੀ ਹੋਈ ਹੀ ਨਹੀਂ। ਕਈ ਥਾਂਈਂ ਮੈਂ ਸਾਡੇ ਵਾਂਗ ਹੀ ਕਾਗ਼ਜ਼ ਖਿੱਲਰੇ ਤੱਕੇ ਹਨ। ਹਾਂ ਇੰਗਲੈਂਡ ਭਾਰਤ ਦੇ ਮੁਕਾਬਲੇ ਵਿੱਚ ਸਾਫ਼ ਹੈ ਤੇ ਬਹੁਤ ਹੱਦ ਤੱਕ ਸਾਫ਼ ਹੈ।

ਅੰਗਰੇਜ਼ਾਂ ਵਿੱਚ ਨਿਗੂਣੀਆਂ ਭਾਵਨਾਵਾਂ ਦੀ ਵੀ ਘਾਟ ਨਹੀਂ। ਚੋਰੀ, ਉਧਾਲ਼ਾ, ਕਤਲ, ਜੂਆ, ਤੋੜ-ਫੋੜ, ਹੁੱਲੜ, ਸਾੜਾ, ਕੀਨਾ, ਜਹਾਲਤ, ਪਸ਼ੂਪਣ, ਸੱਭੋ ਕਮੀਆਂ-ਘਾਟਾਂ ਹਨ ਪਰ ਇਹਨਾਂ ਦੀ ਪ੍ਰਦਰਸ਼ਨੀ ਸਾਥੋਂ ਕੁਝ ਥੋੜ੍ਹੀ ਹੁੰਦੀ ਹੈ, ਪਰ ਜਿੱਥੇ ਕਿਧਰੇ ਹੁੰਦੀ ਹੈ, ਇਹ ਸਿਰੇ ਦੀ ਹੁੰਦੀ ਹੈ।

ਅੰਗਰੇਜ਼ ਦੀ ਮੈਂ ਹੌਲ਼ੀ ਬੋਲਣ ਦੀ ਕਾਫ਼ੀ ਸਿਫ਼ਤ ਕੀਤੀ ਹੈ। ਪਰ ਕਦੇ-ਕਦੇ ਅੰਗਰੇਜ਼ ਲੋਕ ਵੀ ਹੁੱਲੜਬਾਜ਼ੀ ਕਰਦੇ ਅਤੇ ਚੀਕ-ਚਿਹਾੜਾ ਪਾਉਂਦੇ ਹਨ, ਖ਼ਾਸ ਕਰਕੇ ਮੈਚਾਂ ਵੇਲ਼ੇ ਬਹੁਤ ਹੁੱਲੜ ਹੁੰਦਾ ਹੈ। ਮੈਚ ਹੋਏ, ਫ਼ਸਾਦ ਹੋਏ। ਅਜਿਹੇ ਸਮੇਂ ਅੰਗਰੇਜ਼ ਕੌਮ ਵੀ ਕਿਸੇ ਤੋਂ ਪਿੱਛੇ ਨਹੀਂ ਹੈ। ਕਿਤੇ ਮੈਚ ਹੁੰਦੇ ਹਨ ਤਾਂ ਨੇੜੇ-ਤੇੜੇ ਦੀਆਂ ਸਭ ਸਟ੍ਰੀਟਾਂ ਪੁਲਿਸ ਨਾਲ਼ ਭਰ ਜਾਂਦੀਆਂ ਹਨ ਕਿਉਂਕਿ ਵਾਪਸ ਮੁੜਨ ਵੇਲ਼ੇ ਕਈ ਵਾਰ ਅੰਗਰੇਜ਼ ਮੁੰਡੇ ਹਰ ਕਿਸੇ ਦੇ ਘਰ ਦੇ ਸ਼ੀਸ਼ੇ ਭੰਨਣੇ ਸ਼ੁਰੂ ਕਰ ਦਿੰਦੇ ਹਨ। ਤਾਂ ਵੀ ਹੌਲ਼ੀ ਬੋਲਣ ਦੀ ਸਿਫ਼ਤ ਅੰਗਰੇਜ਼ਾਂ ਦੀ ਵੱਡੀ ਸਿਫ਼ਤ ਹੈ। ਇਹ ਤਾਂ ਪਸੂਪਣਾ ਹੈ ਜੋ ਕਦੇ-ਕਦੇ ਕਿਸੇ ਵਿੱਚ ਵੀ ਆਪਣਾ ਸਿਰ ਚੁੱਕ ਸਕਦਾ ਹੈ। ਸਿਫ਼ਤ, ਸਿਫ਼ਤ ਹੀ ਰਹਿੰਦੀ ਹੈ।

ਮੰਗਤੇ ਵੀ, ਇੰਗਲੈਂਡ ਵਿੱਚ, ਨਿਰਸੰਦੇਹ ਬਥੇਰੇ ਹਨ ਪਰ ਭਾਰਤ ਨਾਲੋਂ ਥੋੜ੍ਹੇ ਹਨ। ਇਹ ਮੰਗਤੇ, ਸਾਡੇ ਵਾਂਗੂੰ ਘਰੋਂ-ਘਰੀਂ ਨਹੀਂ ਮੰਗਣ ਆਉਂਦੇ। ਸਾਂਝੀਆਂ ਜਨਤਕ ਥਾਂਵਾਂ ਉੱਤੇ ਬੈਠੇ ਸਾਜ਼ ਵਜਾਉਂਦੇ ਤੇ ਗੀਤ ਜਿਹੇ ਗਾਉਂਦੇ ਰਹਿੰਦੇ ਹਨ। ਲੋਕੀਂ ਆਪਣੀ ਮਰਜ਼ੀ ਨਾਲ਼ ਹੀ ਸਿੱਕੇ ਸੁੱਟਦੇ ਜਾਂਦੇ ਹਨ, ਜਿਵੇਂ ਉਹ ਉਸ ਦੇ ਗੀਤ ਦੇ ਬਦਲੇ ਇਹ ਕੁਝ ਅਰਪਣ ਕਰਦੇ ਹੋਣ। ਕਿਤੇ-



Downloaded from https:// www.studiestoday.com

Downloaded from https:// www.studiestoday.com

ਕਿਤੇ ਕੋਈ ਹੱਥ ਪਸਾਰ ਕੇ ਮੰਗਦਾ ਵੀ ਦਿਸ ਪੈਂਦਾ ਹੈ। ਮੈਨੂੰ ਇੱਕ ਅਜਿਹਾ ਮੰਗਤਾ ਲੰਦਨ ਦੇ ਇੱਕ ਅੰਡਰ-ਗ੍ਰਾਊਂਡ ਰੇਲ ਦੇ ਸਟੇਸ਼ਨ ਉੱਤੇ ਮੰਗਦਾ ਨਜ਼ਰ ਆਇਆ ਸੀ ਜੋ ਹਰ ਕਿਸੇ ਨੂੰ ਹੱਥ ਪਸਾਰ ਕੇ "ਗਿਵ ਮੀ-ਗਿਵ ਮੀ" ਆਖ ਰਿਹਾ ਸੀ। ਉਸ ਦੇ ਮੂੰਹੋਂ ਸ਼ਰਾਬ ਦੀ ਬੋ ਵੀ ਮੇਰੇ ਵੱਲ ਉੱਡ ਆਈ ਸੀ। ਉਹ ਢਲ਼ਦੀ ਉਮਰ ਦਾ ਕਰੜ-ਬਰੜੇ ਵਾਲ਼ਾ ਅੰਗਰੇਜ਼ ਸੀ ਪਰ ਇੱਕ ਗੱਲ ਜ਼ਰੂਰ ਸੀ, ਉਹ ਖਹਿੜੇ ਜਿਹਾ ਨਹੀਂ ਪੈਂਦਾ ਸੀ। "ਗਿਵ ਮੀ-ਗਿਵ ਮੀ" ਆਖਦਾ ਹੀ ਉਹ ਝੱਟ ਅੱਗੇ ਤੁਰ ਪੈਂਦਾ ਸੀ। ਸ਼ਾਇਦ ਸ਼ਰਾਬ ਦਾ ਨਸ਼ਾ ਹੀ ਉਸਨੂੰ ਅੱਗੇ ਵੱਲ ਲਈ ਜਾਂਦਾ ਹੋਵੇ।

ਇੰਗਲੈਂਡ ਬਹੁਤ ਸੋਹਣਾ ਹੈ, ਪਰ ਮੈਨੂੰ ਤਾਂ ਜੇ ਸੱਚ ਪੁੱਛੋ ਤਾਂ ਭਾਰਤ ਸੋਹਣਾ ਲੱਗਾ ਹੈ। ਮੈਂ ਇੰਗਲੈਂਡ ਨੂੰ ਨਿੰਦਦਾ ਨਹੀਂ, ਪਰ ਭਾਰਤ ਨੂੰ ਮੈਂ ਬਿਨਾਂ ਵਜ੍ਹਾ ਛੁਟਿਆਉਣਾ ਵੀ ਨਹੀਂ ਚਾਹਾਂਗਾ। ਇਹ ਇਨਸਾਫ਼ ਨਹੀਂ ਹੈ। ਇੰਗਲੈਂਡ ਵਿੱਚ ਜੋ ਚੰਗਾ ਹੈ, ਮੈਂ ਉਸ ਦਾ ਵਰਨਣ ਕੀਤਾ ਹੈ। ਸਾਨੂੰ ਆਪਣੇ ਗੁਣ ਵੀ ਨਜ਼ਰ-ਅੰਦਾਜ਼ ਨਹੀਂ ਕਰਨੇ ਚਾਹੀਦੇ।

ਪਹਿਲੀ ਗੱਲ ਤਾਂ ਇਹ ਹੈ ਕਿ ਜਿੰਨਾ ਸੋਹਣਾ ਤੇ ਵੱਡਾ ਸੂਰਜ ਭਾਰਤ ਨੂੰ ਪ੍ਰਾਪਤ ਹੈ, ਉਹੋ-ਜਿਹਾ ਇੰਗਲੈਂਡ ਨੂੰ ਨਹੀਂ। ਸਾਡੀਆਂ ਸਵੇਰਾਂ ਅਤੇ ਸ਼ਾਮਾਂ ਬਹੁਤ ਹੀ ਸੁੰਦਰ ਹਨ। ਇੰਗਲੈਂਡ ਦੀ ਸ਼ਾਮ ਪ੍ਰਸਿੱਧ ਹੈ ਪਰ ਜਿਵੇਂ ਚੜ੍ਹਦਾ ਤੇ ਡੁੱਬਦਾ ਸੂਰਜ ਸਾਨੂੰ ਦੇਖਣ ਨੂੰ ਮਿਲ਼ਦਾ ਹੈ, ਇੰਗਲੈਂਡ ਨੂੰ ਨਸੀਬ ਨਹੀਂ। ਇੰਗਲੈਂਡ ਦੇ ਅਕਾਸ਼ ਉੱਤੇ ਬੱਦਲ਼ ਉੱਡਦੇ ਰਹਿੰਦੇ ਹਨ ਪਰ ਇਹ ਬੱਦਲ਼ ਭਾਰਤ ਵਰਗੇ ਘਣੇ ਜਾਂ ਮੋਟੇ ਨਹੀਂ ਹੁੰਦੇ, ਪਤਲੇ-ਪਤਲੇ ਹੁੰਦੇ ਹਨ ਤੇ ਇਹਨਾਂ ਦਾ ਰੰਗ ਆਮ ਕਰਕੇ ਬਹੁਤਾ ਚਿੱਟਾ ਹੀ ਹੁੰਦਾ ਹੈ। ਠੀਕ ਹੈ, ਕਦੇ ਕੋਈ ਬੱਦਲ਼ ਨੀਲਾ ਜਾਂ ਭੂਰਾ ਵੀ ਹੁੰਦਾ ਹੈ ਪਰ ਭਾਰਤ ਵਰਗਾ ਫੇਰ ਵੀ ਨਹੀਂ। ਜਿਸ ਕਿਸਮ ਦੀਆਂ ਘੋਰ-ਘਟਾਵਾਂ ਸਾਡੇ ਚੜ੍ਹ-ਚੜ੍ਹ ਆਉਂਦੀਆਂ ਹਨ-"ਘਿਰ-ਘਿਰ ਆਈ ਬਦਰੀਆ ਕਾਰੀ"-ਇੰਗਲੈਂਡ ਵਿੱਚ ਉਹ ਉੱਕਾ ਨਹੀਂ। ਸਮੁੰਦਰ ਵਿੱਚੋਂ ਕੱਚੇ-ਪੱਕੇ ਜਿਹੇ ਜੋ ਵੀ ਬੱਦਲ਼ ਉੱਠਦੇ ਹਨ, ਇੰਗਲੈਂਡ ਉੱਤੇ ਆ ਜਾਂਦੇ ਹਨ। ਸਾਡੇ ਬੱਦਲ ਪੱਕ-ਪੱਕ, ਹੌਲ਼ੀ-ਹੌਲ਼ੀ ਉੱਠ-ਉੱਠ ਕੇ, ਆਪੋ ਵਿੱਚੀ ਘੁਲ਼-ਮਿਲ਼ ਕੇ, ਫੇਰ ਹੀ ਕਿਤੇ ਆਉਂਦੇ ਹਨ ਤੇ ਉਹ ਵੀ ਬੜਾ ਸੋਚ-ਸਮਝ ਕੇ ਵਰ੍ਹਨਾ ਸ਼ੁਰੂ ਕਰਦੇ ਹਨ। ਸਾਡੇ ਬੱਦਲ਼ ਡੂੰਘੇ ਅਤੇ ਗਹਿਰ-ਗੰਭੀਰ ਜਿਹੇ ਹੁੰਦੇ ਹਨ।

ਇੰਗਲੈਂਡ ਨਾਲ਼ੋਂ ਸਾਡਾ ਮੀਂਹ ਵੀ ਬਹੁਤ ਸੋਹਣਾ ਹੁੰਦਾ ਹੈ। ਕਦੇ ਜ਼ੋਰ ਨਾਲ਼ ਵਰ੍ਹਦਾ ਹੈ, ਕਦੇ ਹੌਲ਼ੀ ਤੇ ਇੱਕੋਤਾਰ। ਸਾਡੀ ਕਣੀ ਮੋਟੀ ਤੇ ਚਾਂਦੀ ਰੰਗੀ ਹੁੰਦੀ ਹੈ। ਇੰਗਲੈਂਡ ਦੀ ਕਣੀ ਆਮ ਕਰਕੇ ਮੱਖੀ ਤੇ ਮੱਛਰ ਦੇ ਵਿਚਕਾਰ ਦੀ ਬਹੁਤੀ ਹੁੰਦੀ ਹੈ।

ਨਿਰਸੰਦੇਹ, ਇੰਗਲੈਂਡ ਦੇ ਧਰਤ-ਦ੍ਰਿਸ਼ ਬਹੁਤ ਹੀ ਸੋਹਣੇ ਹਨ, ਪਰ ਸਾਡੇ ਧਰਤ-ਦ੍ਰਿਸ਼ ਵੀ ਕੋਈ ਥੋੜ੍ਹੇ ਸੋਹਣੇ ਨਹੀਂ ਹਨ। ਸਾਡੇ ਕੋਲ਼ ਹਿਮਾਲਾ ਹੈ, ਦੱਖਣ ਹੈ, ਪੰਜਾਬ ਹੈ। ਕਸ਼ਮੀਰ, ਜਿਸ ਨੂੰ ਸਾਰੀ ਦੁਨੀਆਂ ਜੰਨਤ ਆਖ ਰਹੀ ਹੈ, ਹਿੰਦੁਸਤਾਨ ਦਾ ਗਹਿਣਾ ਹੈ। ਕੀ ਇੰਗਲੈਂਡ ਦੇ ਧਰਤ-ਦ੍ਰਿਸ਼ ਕਸ਼ਮੀਰ ਤੋਂ ਬਹੁਤੇ ਸੋਹਣੇ ਹਨ ? ਪੰਜਾਬ ਦੀ ਸੁੰਦਰ ਧਰਤੀ ਉੱਤੇ ਸਾਰੇ ਦਰਿਆ ਕੋਲ਼ੋ-ਕੋਲ਼ ਦਿਸ ਪੈਂਦੇ ਹਨ। ਇਹ ਦਰਿਆ ਉਂਞ ਵੀ ਬੜੇ ਪਵਿੱਤਰ ਅਤੇ ਨੂਰੀ ਹਨ।

ਗੰਗਾ ਅਤੇ ਜਮਨਾ ਦਾ ਮੁਕਾਬਲਾ ਕੀ ਹੋ ਸਕਦਾ ਹੈ ? ਇੰਗਲੈਂਡ ਕੋਲ਼ ਇੱਕ ਥੇਮਜ਼ ਹੈ, ਪਰ ਗੰਗਾ ਅਤੇ ਜਮਨਾ ਦੇ ਮੁਕਾਬਲੇ ਵਿੱਚ ਉਹ ਕੁਝ ਵੀ ਨਹੀਂ।

ਸਾਡੇ ਕਈ ਮੌਸਮ ਹਨ। ਇੰਗਲੈਂਡ ਵਿੱਚ ਵੀ ਠੀਕ ਹੈ, ਮੌਸਮਾਂ ਦੀ ਵੰਨ-ਸਵੰਨਤਾ ਹੈ। ਪਰ ਸਾਡੇ ਲਗ-ਪਗ ਹਰ ਮਹੀਨਾ ਆਪਣੇ ਵਰਗਾ ਆਪ ਹੈ ਤੇ ਇਹ ਇੱਕ ਰੁੱਤ ਹੀ ਹੁੰਦਾ ਹੈ। ਇੱਥੋਂ ਤੱਕ ਕਿ ਪੋਹ ਅਤੇ ਮਾਘ ਦਾ ਵੀ ਫ਼ਰਕ ਹੈ ਤੇ ਫੱਗਣ ਅਤੇ ਚੇਤ ਦਾ ਵੀ। ਸਾਉਣ-ਭਾਦੋਂ ਵੀ ਵੱਖਰੇ ਹਨ ਤੇ ਅੱਸੂ ਅਤੇ ਕੱਤਕ ਵੀ। ਗਰਮੀ ਅਤੇ ਸਰਦੀ ਨੇ ਤਾਂ ਵੱਖੋ-ਵੱਖ ਹੋਣਾ ਹੀ ਹੈ।

ਇੰਗਲੈਂਡ ਨਾਲ਼ੋਂ ਸਾਡੀ ਧੁੱਪ ਦਾ ਰੰਗ ਵੀ ਸੋਹਣਾ ਹੁੰਦਾ ਹੈ। ਸਾਡੀ ਧੁੱਪ ਸੋਨਾ ਹੈ। ਇੰਗਲੈਂਡ ਦੀ ਧੁੱਪ ਪਿੱਤਲ਼ ਜਾਂ ਵਸਾਰ ਵਰਗੀ ਹੁੰਦੀ ਹੈ। ਖ਼ਾਸ ਕਰਕੇ ਸਰਦੀਆਂ ਵਿੱਚ ਇਸ ਧੁੱਪ ਦੇ ਰੰਗ ਵਿੱਚ ਕੁਝ ਓਪਰਾਪਣ ਆ ਜਾਂਦਾ ਹੈ। ਕਦੇ-ਕਦੇ ਇਹ ਸਾਡੇ ਵਰਗੀ ਝਲਕ ਵੀ ਦੇ ਜਾਂਦੀ ਹੈ। ਜਨਵਰੀ ਜਾਂ ਫ਼ਰਵਰੀ ਵਿੱਚ ਕਦੇ-ਕਦੇ ਬਸੰਤ ਰੁੱਤ ਦਾ ਝਾਉਲ਼ਾ ਵੀ ਪੈ ਜਾਂਦਾ ਹੈ ਤੇ ਕੁਝ ਦਿਨਾਂ ਲਈ ਫੱਗਣ ਵਰਗੀ ਰੁੱਤ ਵੀ ਬਣ ਜਾਂਦੀ ਹੈ। ਪੰਜਾਬ ਵਿੱਚ ਫੱਗਣ ਦੇ ਮਹੀਨੇ ਘੁੱਗੀ ਬੋਲਦੀ ਹੈ। ਸਿਆਲ਼ ਦੇ ਅਖੀਰ ਵਿੱਚ ਇੱਕ ਦਿਨ ਮੈਂ ਸਾਊਥਾਲ ਵਿੱਚ ਘੁੱਗੀ ਦੀ ਅਵਾਜ਼ ਵੀ ਸੁਣੀ।

ਅਸਲ ਵਿੱਚ ਭਾਰਤ ਉੱਤੇ ਸੂਰਜ ਵੱਲੋਂ ਵੀ ਕਾਫ਼ੀ ਕਿਰਪਾ-ਦ੍ਰਿਸ਼ਟੀ ਕੀਤੀ ਹੋਈ ਹੈ। ਇੰਗਲੈਂਡ ਦੇ ਫੁੱਲ ਪ੍ਰਸਿੱਧ ਹਨ ਪਰ ਜਿਵੇਂ ਸਾਡੇ ਹਰ ਫੁੱਲ ਵਿੱਚ ਆਪਣੀ ਮਹਿਕ ਹੁੰਦੀ ਹੈ, ਇੰਗਲੈਂਡ ਵਿੱਚ ਇਹ ਉੱਕਾ ਨਹੀਂ। ਰੰਗ ਬਹੁਤ ਹੀ ਸੋਹਣੇ ਹਨ, ਇੱਕ ਤੋਂ ਇੱਕ ਸੋਹਣੇ ਹਨ, ਪਰ ਫੁੱਲਾਂ ਵਿੱਚ ਮਹਿਕ ਵੀ ਅਵੱਸ਼ ਹੀ ਹੋਣੀ ਚਾਹੀਦੀ ਹੈ। ਫਲ਼ਾਂ ਵਿੱਚ ਵੀ ਸੂਰਜ ਹੀ ਮਿਠਾਸ ਪੈਦਾ ਕਰਦਾ ਹੈ। ਇਸੇ ਲਈ ਸਾਡੇ ਫਲ਼ ਮਿੱਠੇ ਅਤੇ ਰਸੀਲੇ ਹਨ।

ਸਾਡੀ ਕਣੀ ਜੇ ਸੋਹਣੀ ਹੈ ਤਾਂ ਇਹ ਵੀ ਸਾਡੇ ਸੂਰਜ ਦੀ ਹੀ ਦਇਆ-ਦ੍ਰਿਸ਼ਟੀ ਕਰਕੇ ਹੈ। ਸਾਡੀ ਕਣੀ ਨੂੰ ਮੋਟੀ ਅਤੇ ਚਾਂਦੀ ਵਰਗੀ ਕਰ ਦੇਣ ਵਿੱਚ ਸੂਰਜ ਦਾ ਹੀ ਹਿੱਸਾ ਹੈ।



Downloaded from https:// www.studiestoday.com

Downloaded from https:// www.studiestoday.com

ਇੰਗਲੈਂਡ ਵਿੱਚ ਬਿਰਛ ਬਹੁਤ ਹਨ, ਪਰ ਪਿੱਪਲ਼ ਵਰਗਾ ਸੋਹਣਾ, ਮੈਨੂੰ ਕੋਈ ਵੀ ਬਿਰਛ ਦਿਸਿਆ ਨਹੀਂ। ਪ੍ਰਾਚੀਨ ਕਿਤਾਬਾਂ ਵਿੱਚ ਵੀ ਪਿੱਪਲ਼ ਦਾ ਮਹੱਤਵ ਹੈ।

ਸਾਡਾ ਕੌਮੀ ਪੰਛੀ ਮੋਰ ਹੈ, ਅੰਬ ਸਾਡਾ ਕੌਮੀ ਫਲ਼, ਪਿੱਪਲ਼ ਸਾਡਾ ਕੌਮੀ ਬਿਰਛ। ਇੰਗਲੈਂਡ ਦਾ ਬਿਰਛ ਓਕ (ਸ਼ਾਹ-ਬਲੂਤ) ਹੈ। ਉੱਚਾ ਕਾਫ਼ੀ ਹੁੰਦਾ ਹੈ, ਪਰ ਪਿੱਪਲ਼..........

ਬਹਾਰ ਵਿੱਚ ਇੰਗਲੈਂਡ ਦੇ ਬਿਰਛ ਫੁੱਲਾਂ ਨਾਲ਼ ਭਰ ਜਾਂਦੇ ਹਨ। ਇੱਕ ਤੋਂ ਇੱਕ ਸੁੰਦਰ ਰੰਗ। ਇਹਨਾਂ ਵਿੱਚੋਂ ਇੱਕ ਬਿਰਛ ਤਾਂ ਕਾਫ਼ੀ ਸੋਹਣਾ ਹੁੰਦਾ ਹੈ। ਇਸਦੇ ਫੁੱਲ ਜੰਗਲ਼ੀ ਜਾਂ ਗੁਲਾਬੀ ਜਿਹੇ ਹੁੰਦੇ ਹਨ। ਗੁਲਾਬੀ ਹੁੰਦੇ ਹੋਏ ਵੀ ਗੁਲਾਬੀ ਪਰ ਇਹ ਨਹੀਂ ਹੁੰਦੇ। ਇਹਨਾਂ ਨੂੰ ਮੈਂ ਕੀ ਕਹਾਂ ? ਇਹਨਾਂ ਵਿੱਚ ਥੋੜ੍ਹਾ ਜਿਹਾ ਪਿਆਜ਼ ਦਾ ਰੰਗ ਹੁੰਦਾ ਹੈ ਤੇ ਥੋੜ੍ਹਾ ਜਿਹਾ ਗਾਜਰ ਦਾ ਪਰ ਹੁੰਦਾ ਬਹੁਤ ਹੀ ਸੋਹਣਾ ਹੈ। ਇਸ ਬਿਰਛ ਨੂੰ ਡਬਲ ਚੈਰੀ ਜਾਂ ਬਲਾਸਮ ਚੈਰੀ ਕਹਿੰਦੇ ਹਨ।

ਸਾਡੇ ਫੁੱਲ ਜਾਂ ਬਿਰਛ-ਬੂਟੇ ਮਹਿਕਾਂ ਦੀ ਹੱਟ ਲਾਉਂਦੇ ਹਨ, ਇੰਗਲੈਂਡ ਦੇ ਫੁੱਲ ਜਾਂ ਬਿਰਛ-ਬੂਟੇ ਰੰਗਾਂ ਦੀ ਹੱਟ ਲਾਉਂਦੇ ਹਨ। ਕਈ ਫੁੱਲ ਜਾਂ ਬਿਰਛ ਤਾਂ ਗੜੂੰਦ ਹੀ ਕਰ ਦਿੰਦੇ ਹਨ।

ਸਾਡਾ ਫੁੱਲ ਗੁਲਾਬ ਹੈ। ਵਰਡਜ਼ਵਰਥ ਨੇ ਡੈਫੋਡਿਲ ਦੀ ਬੜੀ ਹੀ ਮਹਿਮਾ ਕੀਤੀ ਹੈ, ਫੁੱਲ ਸੋਹਣਾ ਵੀ ਬਹੁਤ ਹੈ ਪਰ ਕਈ ਫੁੱਲ ਇੰਗਲੈਂਡ ਦੇ ਇਸ ਤੋਂ ਕਿਤੇ ਵਧੇਰੇ ਸੋਹਣੇ ਹੁੰਦੇ ਹਨ। ਅਸਲ ਵਿੱਚ ਇਹ ਕਵੀ ਦੀ ਅੱਖ ਨੂੰ ਜਚ ਜਾਣ ਦੀ ਗੱਲ ਵੀ ਹੈ। ਇੰਗਲੈਂਡ ਵਿੱਚ ਇੱਕ ਫੁੱਲ ਦੇ ਕਈ-ਕਈ ਰੰਗ ਵੀ ਹੁੰਦੇ ਹਨ ਤੇ ਰੰਗਾਂ ਦਾ ਸ਼ੁਮਾਰ ਵੀ ਨਹੀਂ ਪਰ ਡੈਫੋਡਿਲ ਨੇ ਵਰਡਜ਼ਵਰਥ ਨੂੰ ਫੇਰ ਵੀ ਧੂਹਾਂ ਪਾਈਆਂ ਹਨ। ਇਸ ਦੀ ਬਣਤਰ ਦੂਹਰੀ ਹੈ। ਹਲਕੇ ਪੀਲ਼ੇ ਰੰਗ ਦੀ ਇੱਕ ਬੜੀ ਹੀ ਸੋਹਣੀ ਕੌਲੀ ਜਾਂ ਗਲਾਸੀ ਬਣੀ ਹੋਈ ਹੈ ਤੇ ਉਸ ਵਿੱਚ ਇੱਕ ਛੋਟੀ ਜਿਹੀ ਕੌਲੀ ਹੋਰ ਬਣ ਗਈ ਹੈ ਜੋ ਗੂੜ੍ਹੇ ਪੀਲ਼ੇ ਰੰਗ ਦੀ ਹੈ। ਇਹ ਫੁੱਲ ਦੋ ਰੰਗ ਦੀਆਂ ਇੱਕ ਦੂਜੇ ਵਿੱਚ ਬੜੀਆਂ ਸੋਹਣੀਆਂ ਕੌਲੀਆਂ ਬਣੀਆਂ ਹੋਣੀਆਂ ਹਨ। ਫੁੱਲ ਬੜੀ ਹੀ ਸੋਹਣੀ ਅੱਖ ਨਾਲ਼ ਸਾਡੇ ਵੱਲ ਤੱਕ ਰਿਹਾ ਹੈ। ਇਸ ਨੂੰ ਸਾਡੀ ਦੇਸੀ ਬੋਲੀ ਵਿੱਚ ਪੀਲ਼ਾ ਨਰਗਸ ਕਹਿੰਦੇ ਹਨ।

ਇੱਕ ਕੌਲੀ ਵਿੱਚ ਕੁਦਰਤ ਵੱਲੋਂ ਦੂਜੀ ਛੋਟੀ ਕੌਲੀ ਰੱਖਣੀ ਬੜੀ ਹੀ ਅਦਭੁਤ ਲੀਲ੍ਹਾ ਹੈ। ਦੋਹਾਂ ਸੁੰਦਰ ਕੌਲੀਆਂ ਦੇ ਰੰਗ ਵੀ ਵੱਖੋ-ਵੱਖਰੇ ਹਨ। ਇੱਕ ਹਲਕਾ ਪੀਲ਼ਾ ਤੇ ਦੂਜਾ ਹਲਦੀ ਰੰਗਾ, ਗੂੜ੍ਹਾ।

ਇਸ ਫੁੱਲ ਦਾ ਕੱਦ-ਬੁੱਤ ਕੋਈ ਬਹੁਤਾ ਵੱਡਾ ਨਹੀਂ ਹੈ, ਸਾਡੇ ਗੇਂਦੇ ਵਰਗਾ ਹੈ। ਬਣਤਰ ਲਗ-ਪਗ ਕਾਸ਼ਨੀ ਦੇ ਫੁੱਲ ਵਾਂਗ ਲੰਬੂਤਰੀ ਹੈ-ਕਾਸ਼ਨੀ ਦਾ ਫੁੱਲ ਜੋ ਭਾਦੋਂ ਜਿਹੀ ਵਿੱਚ ਵਾੜਾਂ ਉੱਤੇ ਆਪੇ ਹੀ ਉੱਗ ਆਉਂਦਾ ਹੈ।

ਵਰਡਜ਼ਵਰਥ ਦੀ ਕਵਿਤਾ ਇੱਕ ਪਹਾੜੀ ਉੱਤੇ ਬੇਸ਼ੁਮਾਰ ਡੈਫ਼ੋਡਿਲਾਂ ਬਾਰੇ ਹੈ ਪਰ ਮੈਂ ਇਸ ਫੁੱਲ ਨੂੰ ਕਿਊ-ਗਾਰਡਨ ਵਿੱਚ ਤੱਕਿਆ ਸੀ। ਕਿਊ-ਗਾਰਡਨ ਲੰਦਨ ਦਾ ਇੱਕ ਬਹੁਤ ਪ੍ਰਸਿੱਧ ਬਾਗ਼ ਹੈ, ਜਿਸ ਦੇ ਪਿੱਛੇ ਜਾਣ ਬੁੱਝ ਕੇ ਜੰਗਲ਼ ਛੱਡਿਆ ਹੋਇਆ ਹੈ। ਇਸ ਜੰਗਲ਼ ਦੇ ਝੁੰਡਾਂ ਵਿੱਚ ਡੈਫ਼ੋਡਿਲ ਇੱਕ ਪਾਸੇ ਜਿਹੇ ਇਕੱਲਾ ਹੀ ਖਲੋਤਾ ਸੀ ਤੇ ਅੱਜ ਵੀ ਵਰਡਜ਼ਵਰਥ ਵਰਗੀ ਅੱਖ ਨੂੰ ਤਾਂਘ ਰਿਹਾ ਸੀ। ਨਿਰਸੰਦੇਹ ਸੁਹੱਪਣ ਨੂੰ ਵੀ ਕਵੀ ਦੀ ਲੋੜ ਹੁੰਦੀ ਹੈ। ਕਵੀਆਂ ਬਿਨਾਂ ਸੁਹੱਪਣ ਦਾ ਪ੍ਰਗਟਾਵਾ ਕੌਣ ਕਰ ਸਕਦਾ ਹੈ ?

ਇੰਗਲੈਂਡ ਅਤੇ ਭਾਰਤ ਦੋ ਮਹਾਨ ਦੇਸ ਜਾਂ ਕੌਮਾਂ ਹਨ। ਨਿਰਸੰਦੇਹ ਦੋਹਾਂ ਵਿੱਚ ਹੀ ਗੁਣ ਅਤੇ ਚੰਗਿਆਈਆਂ ਹਨ। ਸਾਨੂੰ ਬੜੇ ਹੀ ਖੁੱਲ੍ਹੇ ਦਿਲ ਨਾਲ਼ ਇੱਕ ਦੂਜੇ ਦੀਆਂ ਚੰਗੀਆਂ ਗੱਲਾਂ ਗ੍ਰਹਿਣ ਕਰ ਲੈਣੀਆਂ ਚਾਹੀਦੀਆਂ ਹਨ।

**ਇਸ ਪਾਠ ਵਿੱਚ ਆਏ ਨਾਂ, ਥਾਂ ਅਤੇ ਵਿਸ਼ੇਸ਼ ਸ਼ਬਦ—**



Downloaded from https:// www.studiestoday.com

Downloaded from https:// www.studiestoday.com

**(ੳ) ਨਾਂ, ਥਾਂ—**ਹਿਮਾਲਾ, ਪੰਜਾਬ, ਕਸ਼ਮੀਰ, (ਹਿੰਦੁਸਤਾਨ) ; ਥੇਮਜ਼ (ਇੰਗਲੈਂਡ ਦਾ ਇੱਕ ਦਰਿਆ ਜੋ ਲੰਦਨ ਸ਼ਹਿਰ ਕੋਲ਼ੋਂ ਲੰਘਦਾ ਹੈ), ਸਾਉਣ, ਭਾਦੋਂ, ਅੱਸੂ, ਕੱਤਕ (ਚਾਰ ਦੇਸੀ ਮਹੀਨਿਆਂ ਦੇ ਨਾਂ, ਸਾਉਣ ਜਾਂ ਸਾਵਣ ਲਗ-ਪਗ ਅੱਧ ਜੁਲਾਈ ਤੋਂ ਸ਼ੁਰੂ ਹੁੰਦਾ ਹੈ, ਇਵੇਂ ਹੀ ਕੱਤਕ ਲਗ-ਪਗ ਅੱਧ ਨਵੰਬਰ 'ਚ ਖ਼ਤਮ ਹੁੰਦਾ ਹੈ), ਪੋਹ, ਮਾਘ, ਫੱਗਣ, ਚੇਤ (ਚਾਰ ਦੇਸੀ ਮਹੀਨੇ, ਪੋਹ ਲਗ-ਪਗ ਅੱਧ ਦਸੰਬਰ ਵਿੱਚ ਸ਼ੁਰੂ ਹੁੰਦਾ ਹੈ, ਇਸੇ ਕ੍ਰਮ ਵਿੱਚ ਚੱਲਦੇ ਹੋਏ ਚੇਤ ਦਾ ਮਹੀਨਾ ਅੰਗਰੇਜ਼ੀ ਦੇ ਅਪਰੈਲ ਮਹੀਨੇ ਦੇ ਲਗ-ਪਗ ਅੱਧ ਵਿੱਚ ਮੁੱਕ ਜਾਂਦਾ ਹੈ), ਸਾਊਥਾਲ (ਇੰਗਲੈਂਡ ਦਾ ਇੱਕ ਇਲਾਕਾ), ਓਕ (oak), ਡੈਫ਼ੋਡਿਲ (daffodil), ਵਰਡਜ਼ਵਰਥ (ਪ੍ਰਸਿੱਧ ਅੰਗਰੇਜ਼ ਕਵੀ ਜਿਸ ਨੇ ਡੈਫ਼ੋਡਿਲਜ਼ ਨਾਂ ਦੀ ਮਸ਼ਹੂਰ ਕਵਿਤਾ ਲਿਖੀ, ਜੀਵਨ-ਕਾਲ 1770-1850), ਕਿਉ-ਗਾਰਡਨ (ਇੱਕ ਬਾਗ਼ ਦਾ ਨਾਂ)।

**(ਅ) ਵਿਸ਼ੇਸ਼ ਸ਼ਬਦ—**ਉਦਗਾਰ (ਜਜ਼ਬੇ, ਮਨ ਦੇ ਉਬਾਲ਼), ਕਦਰੇ (ਭਾਵ ਮੁਕਾਬਲਤਨ), ਕੌਂਸਲ (ਇੰਗਲੈਂਡ ਦੀ ਇੱਕ ਸੰਸਥਾ), ਗੁਜ਼ਰ (ਗੁਜ਼ਾਰਾ), ਜੋਣਾ (ਜੋਤਣਾ), ਆਲ਼ੇ-ਮੋਲ਼ੇ (ਆਲ਼ੇ-ਭੋਲ਼ੇ, ਭੋਲ਼ੇ-ਭਾਲ਼ੇ), ਜਗੀਰੂ (ਜਗੀਰਦਾਰੀ), ਆਰਥਿਕ ਪ੍ਰਬੰਧ ਨਾਲ਼ ਸੰਬੰਧਿਤ), ਲੱਖਣ (ਅਨੁਮਾਨ), ਕੁਹਰਾਮ (ਹਾਹਾਕਾਰ), ਊਧਮ (ਉਪੱਦਰ, ਫ਼ਸਾਦ), ਖਰੂਦ (ਖਰਊਧਮ, ਝਗੜਾ), ਕੀਨਾ (ਵੈਰ), ਜਹਾਲਤ (ਬੇਸਮਝੀ, ਅਵਿੱਦਿਆ) ਅਰਪਣ (ਭੇਟ), ਪਸਾਰਨਾ (ਫੈਲਾਉਣਾ), ਨਜ਼ਰ-ਅੰਦਾਜ਼ (ਅੱਖੋਂ ਓਹਲੇ), ਜੰਨਤ (ਸੁਰਗ), ਨੂਰ (ਚਾਨਣ, ਪ੍ਰਕਾਸ਼), ਵਸਾਰ (ਹਲਦੀ), ਬਦਰੀਆ ਕਾਰੀ (ਕਾਲ਼ੀ ਬੱਦਲ਼ੀ), ਮਹਿਕ (ਸੁਗੰਧੀ), ਅਵੱਸ਼ (ਜ਼ਰੂਰ), ਬਿਰਛ (ਬਿਰਖ, ਦਰਖ਼ਤ), ਸ਼ੁਮਾਰ (ਗਿਣਤੀ), ਧੂਹਾਂ (ਖਿੱਚਾਂ), ਅਦਭੁਤ (ਅਜੀਬ)।

## ਪਾਠ-ਅਭਿਆਸ

*1. ਵਸਤੂਨਿਸ਼ਠ ਪ੍ਰਸ਼ਨ—*

(ੳ) ਇੰਗਲੈਂਡ ਵਿੱਚ ਲੇਖਕ ਦੀ ਨਜ਼ਰ ਕਿਸ ਨੂੰ ਦੇਖਣ-ਸਮਝਣ ਵਿੱਚ ਲੱਗੀ ਰਹੀ ?

(ਅ) ਇੰਗਲੈਂਡ ਵਿੱਚ ਕਿਹੜੇ ਤਿੰਨ ਡਬਲਿਉ ਬੇਇਤਬਾਰੇ ਮੰਨੇ ਜਾਂਦੇ ਹਨ ?

(ੲ) ਇੰਗਲੈਂਡ ਦੇ ਅਰਥਚਾਰੇ ਦੀ ਬੁਨਿਆਦ ਕੀ ਹੈ ?

(ਸ) ਅੰਗਰੇਜ਼ ਲੋਕ ਕਦੋਂ ਜ਼ਿਆਦਾ ਹੁੱਲੜਬਾਜ਼ੀ ਕਰਦੇ ਹਨ ?

(ਹ) ਲੇਖਕ ਨੇ ਇਕ ਸ਼ਰਾਬੀ ਮੰਗਤਾ ਕਿੱਥੇ ਦੇਖਿਆ ?

(ਕ) ਵਰਡਜ਼ਵਰਥ ਨੇ ਕਿਹੜੇ ਫੁੱਲ ਦੀ ਮਹਿਮਾ ਕੀਤੀ ਹੈ ?

(ਖ) ਲੇਖਕ ਨੂੰ ਇੰਗਲੈਂਡ ਅਤੇ ਭਾਰਤ ਵਿੱਚੋਂ ਕਿੱਥੋਂ ਦੇ ਬੱਦਲ਼ ਅਤੇ ਸੂਰਜ ਜ਼ਿਆਦਾ ਸੋਹਣੇ ਲੱਗਦੇ ਹਨ ?

(ਗ) ਇੰਗਲੈਂਡ ਦੇ ਕੌਮੀ ਬਿਰਖ ਦਾ ਨਾਂ ਦੱਸੋ।

(ਘ) ਲੇਖਕ ਨੇ ਇੰਗਲੈਂਡ ਵਿੱਚ ਘੁੱਗੀ ਦੀ ਅਵਾਜ਼ ਕਿੱਥੇ ਸੁਣੀ ?

(ਙ) ਲੰਦਨ ਦੇ ਕਿਹੜੇ ਬਾਗ਼ ਦੇ ਪਿੱਛੇ ਜਾਣ-ਬੁੱਝ ਕੇ ਜੰਗਲ਼ ਛੱਡਿਆ ਹੋਇਆ ਹੈ ?

*2. ਦੱਸੋ—*

(ੳ) ਲੇਖਕ ਨੇ ਆਮ ਅੰਗਰੇਜ਼ ਦੀਆਂ ਕਿਹੜੀਆਂ ਵਿਸ਼ੇਸ਼ਤਾਵਾਂ ਦੱਸੀਆਂ ਹਨ ?

(ਅ) ਅੰਗਰੇਜ਼ਾਂ ਦੀ ਕੰਮ ਸੰਬੰਧੀ ਕੀ ਧਾਰਨਾ ਹੈ ?

(ੲ) ਅੰਗਰੇਜ਼ ਅਤੇ ਭਾਰਤੀ ਔਰਤ ਬਾਰੇ ਲੇਖਕ ਨੇ ਕੀ ਦੱਸਿਆ ਹੈ ?

(ਸ) ਲੇਖਕ ਨੇ ਅੰਗਰੇਜ਼ ਕੌਮ ਦੀਆਂ ਕਿਹੜੀਆਂ ਵੱਡੀਆਂ ਸਿਫ਼ਤਾਂ ਦੱਸੀਆਂ ਹਨ ?

(ਹ) ਲੇਖਕ ਨੇ ਇੰਗਲੈਂਡ ਅਤੇ ਭਾਰਤ ਦੀ ਪ੍ਰਕਿਰਤੀ ਬਾਰੇ ਕੀ ਵਿਚਾਰ ਦਿੱਤੇ ਹਨ ?

(ਕ) ਇੰਗਲੈਂਡ ਦੇ ਫੁੱਲਾਂ ਬਾਰੇ ਲੇਖਕ ਨੇ ਇਸ ਪਾਠ ਵਿੱਚ ਕੀ ਜਾਣਕਾਰੀ ਦਿੱਤੀ ਹੈ ?



Downloaded from https:// www.studiestoday.com

Downloaded from https:// www.studiestoday.com

*3. ਸਾਰ*

ਇਸ 'ਪਾਠ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

♦♦♦♦♦



Downloaded from https:// www.studiestoday.com

Downloaded from https:// www.studiestoday.com

*ਸਫ਼ਰਨਾਮਾ—ਲੇਖਕ*

# ਅਤਰਜੀਤ ਕੌਰ ਸੂਰੀ

*(1903-1935)*

| | | |
|---|---|---|
| ਮਾਤਾ ਜੀ | : | ਸ੍ਰੀਮਤੀ ਈਸ਼ਰ ਕੌਰ |
| ਪਿਤਾ ਜੀ | : | ਕੈਪਟਨ ਕਰਤਾਰ ਸਿੰਘ |
| ਜਨਮ-ਮਿਤੀ | : | 19 ਮਾਰਚ, 1935 |
| ਜਨਮ-ਸਥਾਨ | : | ਪਿਸ਼ਾਵਰ (ਪਾਕਿਸਤਾਨ) |
| ਵਿੱਦਿਆ | : | ਐੱਮ. ਏ. (ਪੰਜਾਬੀ) |
| ਕਿੱਤਾ | : | ਅਧਿਆਪਨ (ਮੁਖੀ ਪੰਜਾਬੀ ਵਿਭਾਗ ਖ਼ਾਲਸਾ ਕਾਲਜ ਫ਼ਾਰ ਵਿਮਨ, ਅੰਮ੍ਰਿਤਸਰ ਤੋਂ ਸੇਵਾ-ਮੁਕਤ) |
| **ਮੁੱਖ ਰਚਨਾਵਾਂ** | : | ਅਚਿੰਤੇ ਬਾਜ ਪਏ, ਹਨੇਰੇ ਤੋਂ ਚਾਨਣ ਤੱਕ, ਅਣ-ਖੁੱਲ੍ਹਿਆ ਜੰਦਰਾ (ਕਹਾਣੀ ਸੰਗ੍ਰਹਿ), ਮੇਰੇ ਬਾਊ ਜੀ, ਰਵਿੰਦਰ ਨਾਥ ਟੈਗੋਰ (ਜੀਵਨੀ), ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ, ਮੇਰੀ ਅਮਰੀਕਾ ਫੇਰੀ, ਮੇਰੀ ਸਾਊਥ ਅਫ਼ਰੀਕਾ ਫੇਰੀ ਤੇ ਮੇਰੀ ਤਨਜ਼ਾਨੀਆ ਫੇਰੀ (ਸਫ਼ਰਨਾਮਾ) ਅਤੇ ਬਹੁਤ ਸਾਰੀਆਂ ਪੁਸਤਕਾਂ ਦਾ ਅਨੁਵਾਦ ਵੀ ਕੀਤਾ ਹੈ। ਹਥਲੀ ਪਾਠ-ਪੁਸਤਕ ਵਿੱਚ ਉਹਨਾਂ ਦੇ ਸਫ਼ਰਨਾਮੇ 'ਮੇਰੀ ਤਨਜ਼ਾਨੀਆ ਫੇਰੀ' ਵਿੱਚੋਂ 'ਨੈਸ਼ਨਲ ਮਕੂੰਮੀ ਪਾਰਕ' ਪਾਠ ਚੁਣਿਆ ਗਿਆ ਹੈ। ਇਸ ਵਿੱਚ ਲੇਖਕਾ ਨੇ 'ਮਕੂੰਮੀ ਪਾਰਕ' ਦਾ ਵਰਨਣ ਬਖ਼ੂਬੀ ਕੀਤਾ ਹੈ। |

# ਮੇਰੀ ਤਨਜ਼ਾਨੀਆ ਫੇਰੀ

### (ਨੈਸ਼ਨਲ ਮਕੂੰਮੀ ਪਾਰਕ)

ਤਨਜ਼ਾਨੀਆ ਦੀ ਰਾਜਧਾਨੀ ਦਾਰ-ਅਸ-ਸਲਾਮ ਤੋਂ ਦੋ ਹਾਈਵੇ ਸੜਕਾਂ ਵੱਖ-ਵੱਖ ਦਿਸ਼ਾਵਾਂ ਵਿੱਚ ਜਾਂਦੀਆਂ ਹਨ। ਇੱਕ ਹਾਈਵੇ ਦਾਰ-ਅਸ-ਸਲਾਮ ਤੋਂ ਅਰੂਸ਼ਾਂ ਹੁੰਦੀ ਹੋਈ ਗਆਂਢੀ ਦੇਸ ਕੀਨੀਆ ਨੂੰ ਜਾਂਦੀ ਹੈ ਤੇ ਦੂਜੀ ਕੌਮੀ ਹਾਈਵੇ ਮੋਰੋਗੋਰੋ ਨਗਰ ਤੇ ਮਕੂੰਮੀ ਨੈਸ਼ਨਲ ਪਾਰਕ ਲੰਘ ਕੇ ਤਨਜ਼ਾਨੀਆ ਦੇ ਗੁਆਂਢੀ ਦੇਸ 'ਜ਼ਿੰਬਾਬਵੇ' ਨੂੰ ਜਾਂਦੀ ਹੈ। ਅਸੀਂ ਜ਼ਿੰਬਾਬਵੇ ਵੱਲ ਜਾਂਦੀ ਨੈਸ਼ਨਲ ਹਾਈਵੇ ਉੱਤੇ ਡ੍ਰਾਈਵ ਕਰਦੇ ਹੋਏ ਚਾਰ ਘੰਟੇ ਵਿੱਚ ਮੋਰੋਗੋਰੋ ਨਗਰ ਦੇ ਇੱਕ ਗੁਜਰਾਤੀ ਹੋਟਲ ਵਿੱਚ ਜਾ ਮੁਕਾਮ ਕੀਤਾ। ਦੁਪਹਿਰ ਦਾ ਭੋਜਨ ਕਰਨ ਉਪਰੰਤ ਅਸੀਂ ਮਕੂੰਮੀ ਲਈ ਚਾਲੇ ਪਾ ਦਿੱਤੇ। ਮੋਰੋਗੋਰੋ ਤੋਂ ਮਕੂੰਮੀ ਨੈਸ਼ਨਲ ਪਾਰਕ 130 ਕਿਲੋਮੀਟਰ ਦੂਰ ਹੈ।

ਸ਼ਾਮੀਂ ਚਾਰ ਵਜੇ ਅਸੀਂ ਮਕੂੰਮੀ ਨੈਸ਼ਨਲ ਪਾਰਕ ਦੇ ਇਲਾਕੇ ਵਿੱਚ ਪ੍ਰਵੇਸ਼ ਕੀਤਾ। ਪਾਰਕ ਤੋਂ 20 ਕਿਲੋਮੀਟਰ ਪਹਿਲਾਂ ਹੀ ਸੜਕ ਉੱਤੇ ਨੈਸ਼ਨਲ ਮਕੂੰਮੀ ਪਾਰਕ ਦਾ ਏਰੀਆ ਸ਼ੁਰੂ ਹੋਣ ਦੇ ਆਦੇਸ਼ ਲਿਖੇ ਹੋਏ ਹਨ। ਵਾਈਲਡ ਲਾਈਫ਼ ਏਰੀਆ (Wild Life Area) ਹੋਣ ਕਾਰਨ ਇੱਥੇ ਕੋਈ ਵੀ ਵਾਹਨ 20 ਕਿਲੋਮੀਟਰ ਦੀ ਰਫ਼ਤਾਰ ਤੋਂ ਤੇਜ਼ ਚਲਾਉਣ ਦੀ ਮਨਾਹੀ ਹੈ। ਇਸ ਲਈ ਬੋਰਡ ਪੜ੍ਹਨ ਉਪਰੰਤ ਕਾਰ ਦੀ ਸਪੀਡ ਹੌਲ਼ੀ ਕੀਤੀ। ਸੜਕ ਦੇ ਦੋਹੀਂ ਪਾਸੀਂ ਦੂਰ-ਦੂਰ ਤਕ ਘਾਹ ਦੇ ਮੈਦਾਨ ਤੇ ਟਾਂਵੇਂ-ਟਾਂਵੇਂ ਕੰਡਿਆਲ਼ੇ ਬਿਰਖ ਤੇ ਝਾੜੀਆਂ, ਕਿਤੇ ਪੁਲ਼ ਹੇਠੋਂ ਵਗਦੀ ਪਾਣੀ ਦੀ ਕੂਲ੍ਹ। ਸੱਜੇ ਪਾਸੇ ਸੈਂਕੜੇ ਹਿਰਨਾਂ ਦਾ ਝੁੰਡ ਘਾਹ ਚਰਦਾ ਵਿਖਾਈ ਦਿੱਤਾ। ਘੜੀ ਕੁ ਕਾਰ ਰੋਕ ਕੇ ਉਹਨਾਂ ਨੂੰ ਵੇਖਿਆ। ਫਿਰ ਖੱਬੇ ਪਾਸੇ ਅਨੇਕਾਂ ਜ਼ੈਬਰੇ ਮਨ ਦੀ ਮੌਜ ਵਿੱਚ ਇੱਧਰ-ਉੱਧਰ ਘੁੰਮਦੇ ਵਿਖਾਈ ਦਿੱਤੇ। ਇਹ ਜੰਗਲ਼ੀ ਜੀਵ ਬੜਾ ਸੁੰਦਰ ਤੇ ਤੰਦਰੁਸਤ ਹੁੰਦਾ ਹੈ। ਇਸ ਦੀਆਂ ਕਾਲ਼ੇ ਰੰਗ ਦੀਆਂ ਚੌੜੀਆਂ ਧਾਰੀਆਂ ਇਉਂ ਲੱਗਦੀਆਂ ਹਨ, ਜਿਵੇਂ ਕਿਸੇ ਚਿੱਤਰਕਾਰ ਨੇ ਫ਼ੀਤਾ ਰੱਖ ਕੇ ਬੜੀ ਨਿਪੁੰਨਤਾ ਨਾਲ਼ ਬਣਾਈਆਂ ਹੋਣ। ਰਤਾ ਅੱਗੇ ਗਏ ਤਾਂ ਜੰਗਲ਼ੀ ਹਾਥੀਆਂ ਦਾ ਝੁੰਡ ਦਿਖਾਈ ਦਿੱਤਾ। ਸੜਕ ਦੇ ਨੇੜੇ ਹੀ ਕੁਝ ਹਾਥੀ ਘਾਹ ਖਾ ਰਹੇ ਸਨ ਤੇ ਕੁਝ ਕੋਲ਼ ਵਗਦੀ ਕੂਲ੍ਹ ਤੋਂ ਪਾਣੀ ਪੀ ਰਹੇ ਸਨ। ਗੱਲ ਕੀ, ਪਾਰਕ ਵਿੱਚ ਪਹੁੰਚਣ ਤੋਂ ਪਹਿਲਾਂ ਹੀ ਜੰਗਲ਼ੀ ਜੀਵਨ (Wild Life) ਵੇਖ ਕੇ ਸਾਡੀ ਉਤਸੁਕਤਾ ਹੋਰ ਵੀ ਵਧ ਗਈ।

ਮਕੂੰਮੀ ਪਾਰਕ ਦੇ ਗੇਟ ਉੱਤੇ ਪਹੁੰਚ ਕੇ ਨਵਦੀਪ ਨੇ ਛੇ ਟਿਕਟਾਂ ਲਈਆਂ। ਪੰਦਰਾਂ ਡਾਲਰ ਪ੍ਰਤਿ ਜੀਅ ਤੇ ਪੰਜ ਡਾਲਰ



Downloaded from https:// www.studiestoday.com

Downloaded from https:// www.studiestoday.com

ਪ੍ਰਤਿ ਬੱਚਾ। ਕੁੱਲ ਸੌ ਡਾਲਰ ਦੀਆਂ ਟਿਕਟਾਂ ਲੈ ਕੇ ਅਸੀਂ ਮਕੂੰਮੀ ਨੈਸ਼ਨਲ ਪਾਰਕ ਦਾ ਫਾਟਕ ਲੰਘੇ। ਗੇਟ ਉੱਤੇ ਖੜ੍ਹੇ ਕਰਮਚਾਰੀ ਨੂੰ ਸਾਡੇ ਡ੍ਰਾਈਵਰ ਨੇ ਪੁੱਛਿਆ ਕਿ ਸ਼ੇਰ ਕਿਸ ਪਾਸੇ ਹੋਣਗੇ ? ਉਸ ਨੇ ਦੱਸਿਆ ਕਿ ਪਾਰਕ ਦੀ ਸੜਕ ਤੋਂ ਲੰਘਦੇ ਹੋਏ ਪਹਿਲਾਂ ਅਸੀਂ ਸੱਜੇ ਹੱਥ ਤੇ ਫਿਰ ਖੱਬੇ ਹੱਥ ਮੁੜੀਏ।

ਮਕੂੰਮੀ ਨੈਸ਼ਨਲ ਪਾਰਕ ਦੇ ਅੰਦਰ ਜਾਣ ਲਈ ਕੱਚੀਆਂ ਸੜਕਾਂ ਹਨ। ਅਸੀਂ ਉਸ ਰਾਹੋਂ ਜਾਂਦੇ ਹੋਏ ਆਪਣੀਆਂ ਨਜ਼ਰਾਂ ਸੜਕ ਦੇ ਦੋਂਹਾਂ ਪਾਸਿਆਂ ਉੱਤੇ ਗੱਡੀਆਂ ਹੋਈਆਂ ਸਨ।

ਸੜਕ ਦੇ ਸੱਜੇ ਹੱਥ ਬੇਸ਼ੁਮਾਰ ਜ਼ੈਬਰੇ ਇਕੱਠੇ ਖੜ੍ਹੇ ਵਿਖਾਈ ਦਿੱਤੇ। ਸਾਨੂੰ ਵੇਖ ਕੇ ਉਹ ਭੱਜ ਉੱਠੇ ਪਰ ਉਹਨਾਂ ਦਾ ਇੱਕ ਸਾਥੀ ਸੜਕ ਵਿਚਕਾਰ ਖਲੋ ਕੇ ਸਾਡੀ ਨੀਅਤ ਨੂੰ ਭਾਂਪ ਰਿਹਾ ਸੀ। ਜਾਨਵਰ ਵੀ ਨਜ਼ਰ ਨਾਲ਼ ਨਜ਼ਰ ਮਿਲ਼ਾ ਕੇ ਤੁਹਾਡੇ ਇਰਾਦੇ ਨੂੰ ਸਮਝ ਜਾਂਦਾ ਹੈ। ਜੇਕਰ ਤੁਸੀਂ ਕੇਵਲ ਉਹਨਾਂ ਨੂੰ ਦੇਖਣ ਦੀ ਇੱਛਾ ਨਾਲ਼ ਆਏ ਹੋ ਤਾਂ ਉਹ ਇੱਕ ਪਾਸੇ ਖਲੋ ਕੇ ਤੁਹਾਨੂੰ ਵੇਖਦੇ ਰਹਿੰਦੇ ਹਨ, ਨਹੀਂ ਤਾਂ ਆਦਮੀ ਨੂੰ ਆਉਂਦਿਆਂ ਵੇਖ ਕੇ ਉਹ ਦੂਰੋਂ ਹੀ ਭੱਜ ਉੱਠਦੇ ਹਨ। ਅਸੀਂ ਥੋੜ੍ਹਾ ਅੱਗੇ ਗਏ ਤਾਂ ਸੜਕ ਦੇ ਦੋਂਹੀਂ ਪਾਸੀਂ ਦੋ ਸੁੱਕੇ ਦਰਖ਼ਤਾਂ ਉੱਤੇ ਗਿਰਝਾਂ ਬੈਠੀਆਂ ਵਿਖਾਈ ਦਿੱਤੀਆਂ। ਮੈਂ ਕਿਹਾ ਕਿ ਇੱਥੇ ਜ਼ਰੂਰ ਕੋਈ ਜਾਨਵਰ ਮਰਿਆ ਹੈ।

ਅਸੀਂ ਅਜੇ ਦਸ ਕੁ ਕਦਮ ਹੀ ਅੱਗੇ ਗਏ ਸਾਂ ਕਿ ਡ੍ਰਾਈਵਰ ਨੇ ਗੱਡੀ ਰੋਕ ਦਿੱਤੀ। ਸੜਕ ਦੇ ਸੱਜੇ ਪਾਸੇ ਘਾਹ ਵਿੱਚ ਇੱਕ ਸ਼ੇਰਨੀ ਘੂਕ ਸੁੱਤੀ ਪਈ ਵੇਖੀ। ਸਾਡੇ ਸਾਹ ਸੁੱਕ ਗਏ। ਉਤਸੁਕਤਾ ਵਿੱਚ ਅਸੀਂ ਆਸੇ-ਪਾਸੇ ਵੇਖਣ ਲੱਗੇ। ਕੁਝ ਕਦਮਾਂ ਦੀ ਵਿੱਥ ਉੱਤੇ ਦਰਖ਼ਤ ਹੇਠ ਇੱਕ ਜਾਨਵਰ ਅੱਧਾ ਕੁ ਖਾਧਾ ਹੋਇਆ ਪਿਆ ਸੀ। ਉਸ ਤੋਂ ਰਤਾ ਪਰੇ ਇੱਕ ਬੱਬਰ ਸ਼ੇਰ ਘਾਹ ਵਿੱਚ ਲੇਟਿਆ ਵਿਖਾਈ ਦਿੱਤਾ। ਉਸ ਦਾ ਕੇਵਲ ਮੂੰਹ ਹੀ ਦਿਖਾਈ ਦੇ ਰਿਹਾ ਸੀ। ਸਾਡੇ ਵੱਲ ਉਹ ਇੱਕ ਅੱਖ ਨਾਲ਼ ਵੇਖ ਰਿਹਾ ਸੀ। ਲੱਗਦਾ ਸੀ, ਉਹ ਵੀ ਨੀਂਦਰ ਵਿੱਚ ਸੀ।

ਨਵਦੀਪ ਨੇ ਕੈਮਰਾ ਕੱਢਿਆ। ਕਾਰ ਦੀ ਖਿੜਕੀ ਦਾ ਸ਼ੀਸ਼ਾ ਖੋਲ੍ਹ ਕੇ ਉਸ ਨੇ ਫੋਟੋਆਂ ਖਿੱਚੀਆਂ। ਫਿਰ ਕਾਰ ਦੇ ਉੱਪਰ ਵੱਲ ਦਰਵਾਜ਼ੇ ਵਿੱਚ ਖਲੋ ਕੇ ਵੀਡੀਓ ਲਈ। ਕੁਝ ਦੇਰ ਉੱਥੇ ਹੀ ਖੜ੍ਹੋ ਅਸੀਂ ਜੰਗਲ਼ ਦੇ ਰਾਜੇ ਬੱਬਰ ਸ਼ੇਰ ਤੇ ਉਸਦੀ ਸਾਥਣ ਸ਼ੇਰਨੀ ਨੂੰ ਨਿਹਾਰਦੇ ਰਹੇ। ਦੋਵੇਂ ਜੀਅ ਸ਼ਿਕਾਰ ਨਾਲ਼ ਰੱਜ ਕੇ ਸੁੱਤੇ ਪਏ ਸਨ। ਸ਼ੇਰਨੀ ਤਾਂ ਏਨੀ ਘੂਕ ਸੁੱਤੀ ਪਈ ਸੀ ਕਿ ਉਸਨੂੰ ਸਾਡੇ ਉੱਥੇ ਹੋਣ ਦੀ ਕੋਈ ਸੁਰਤ ਨਹੀਂ ਸੀ। ਡ੍ਰਾਈਵਰ ਨੇ ਹੌਲ਼ੀ ਜਿਹੇ ਗੱਡੀ ਸਟਾਰਟ ਕੀਤੀ ਮਤੇ ਗੱਡੀ ਦੀ ਅਵਾਜ਼ ਸੁਣ ਕੇ ਉਹ ਉੱਠ ਪਏ। ਸ਼ੇਰਨੀ ਨੇ ਪਾਸਾ ਪਰਤਿਆ। ਉਹ ਪਾਸੇ ਭਾਰ ਹੋ ਕੇ ਮੁੜ ਨਿਸ਼ਚਿੰਤ ਹੋ ਕੇ ਸੌਂ ਗਈ। ਬੱਬਰ ਸ਼ੇਰ ਉਸੇ ਤਰ੍ਹਾਂ ਸਾਨੂੰ ਕਣੱਖੀਏਂ ਦੇਖ ਰਿਹਾ ਸੀ। ਸਾਡੇ ਕੋਲ਼ੋਂ ਉਹ ਕੇਵਲ 10-15 ਫ਼ੁੱਟ ਦੀ ਦੂਰੀ 'ਤੇ ਸਨ। ਦੋਂਹਾਂ ਨੂੰ ਕੁਦਰਤੀ ਵਾਤਾਵਰਨ ਵਿੱਚ ਇੰਞ ਬੇਫ਼ਿਕਰ ਵਿਚਰਦੇ ਵੇਖ ਕੇ ਅਸੀਂ ਸਾਰੇ ਖ਼ੁਸ਼ ਸਾਂ। ਸਾਨੂੰ ਯਕੀਨ ਨਹੀਂ ਸੀ ਹੋ ਰਿਹਾ ਕਿ ਮਕੂੰਮੀ ਪਾਰਕ ਵਿੱਚ ਵੜਦਿਆਂ ਹੀ ਸਾਨੂੰ ਸ਼ੇਰ ਤੇ ਸ਼ੇਰਨੀ ਇਕੱਠੇ ਦਿਸ ਪੈਣਗੇ।

ਪਾਰਕ ਦਾ ਚੱਕਰ ਲਾਉਣ ਲਈ ਅੱਗੇ ਗਏ ਤਾਂ ਜ਼ੈਬਰੇ ਤੇ ਵਾਈਲਡ ਬੀਸਟ ਜੰਗਲ਼ੀ ਗਾਂਵਾਂ ਦੇ ਝੁੰਡ ਵਿਖਾਈ ਦਿੱਤੇ। ਜ਼ੈਬਰੇ ਤਾਂ ਸਾਨੂੰ ਵੇਖ ਕੇ ਉੱਥੇ ਹੀ ਖਲੋ ਗਏ ਪਰ ਵਾਈਲਡ ਬੀਸਟ ਇੱਕ ਡਰਪੋਕ ਜਾਨਵਰ ਹੋਣ ਕਾਰਨ ਓਪਰੇ ਲੋਕਾਂ ਨੂੰ ਵੇਖ ਕੇ ਭੱਜ ਉੱਠਦਾ ਹੈ। ਜ਼ੈਬਰਾ-ਗ੍ਰੋਹ ਦਾ ਮੁਖੀ ਬਾਕੀਆਂ ਨਾਲ਼ੋਂ ਵੱਖ ਹੋ ਕੇ ਸਾਰੀ ਸਥਿਤੀ ਨੂੰ ਭਾਂਪਦਾ ਹੈ। ਜੰਗਲ਼ੀ ਜੀਵ ਆਪਣੀ ਹੋਂਦ ਪ੍ਰਤਿ ਬੜੇ ਚੁਕੰਨੇ ਰਹਿੰਦੇ ਹਨ। ਜਦੋਂ ਉਹਨਾਂ ਨੂੰ ਸਾਡੇ ਵਰਗੇ ਸੈਲਾਨੀਆਂ ਨੂੰ ਵੇਖ ਕੇ ਅਹਿਸਾਸ ਹੋ ਜਾਂਦਾ ਹੈ ਤਾਂ ਉਹ ਉੱਥੇ ਹੀ ਇਤਮਿਨਾਨ ਨਾਲ਼ ਖਲੋ ਜਾਂਦੇ ਹਨ। ਇਸ ਹਾਲਤ ਦਾ ਲਾਭ ਉਠਾਉਂਦਿਆਂ ਸਾਡੇ ਬੱਚਿਆਂ ਨੇ ਵੈਨ 'ਚੋਂ ਥੱਲੇ ਉੱਤਰ ਕੇ ਉਹਨਾਂ ਨਾਲ਼ ਫੋਟੋਆਂ ਵੀ ਖਿਚਵਾਈਆਂ। ਹਾਲਾਂਕਿ ਥੋੜ੍ਹੀ ਹੀ ਵਿੱਥ ਉੱਤੇ ਸ਼ੇਰ ਤੇ ਸ਼ੇਰਨੀ ਨੂੰ ਅਸੀਂ ਪਿੱਛੇ ਛੱਡ ਕੇ ਆਏ ਸਾਂ।

ਵਾਈਲਡ ਬੀਸਟ ਅਥਵਾ ਜੰਗਲ਼ੀ ਗਾਂ ਨਾਂ ਦਾ ਜਾਨਵਰ ਗੂੜ੍ਹੇ ਸਲੇਟੀ ਰੰਗ ਦਾ ਹੁੰਦਾ ਹੈ। ਉਸਦੀ ਧੌਣ ਅਤੇ ਸਾਰੇ ਜਿਸਮ ਉੱਤੇ ਕਾਲ਼ੇ ਰੰਗ ਦੀਆਂ ਧਾਰੀਆਂ ਹੁੰਦੀਆਂ ਹਨ। ਗਰਦਨ ਉੱਤੇ ਥੋੜ੍ਹੇ ਵਾਲ਼ ਅਤੇ ਸਿਰ ਉੱਤੇ ਸਿੰਗ ਹੁੰਦੇ ਹਨ। ਇਹ ਬੜਾ ਸੁਡੌਲ ਤੇ ਤੰਦਰੁਸਤ ਜੀਵ ਹੈ।

ਅਸੀਂ ਸਾਹਮਣੇ ਪਾਸਿਓਂ ਆਉਂਦੀ ਹਿਰਨਾਂ ਦੀ ਡਾਰ ਵੇਖ ਕੇ ਖਲੋ ਗਏ। ਘਾਹ ਦੇ ਮੈਦਾਨ ਉੱਤੇ ਕੁਝ ਹਿਰਨ ਘਾਹ ਚਰਦੇ, ਕੁਝ ਚੁੰਗੀਆਂ ਭਰਦੇ ਕਦੀ-ਕਦੀ ਸਾਡੇ ਵੱਲ ਵੀ ਮਸੂਮ ਤੇ ਮਨਮੋਹਣੀਆਂ ਅੱਖਾਂ ਚੁੱਕ ਕੇ ਵੇਖ ਲੈਂਦੇ। ਅਸੀਂ ਇਹਨਾਂ ਮਲੂਕ ਤੇ ਨਿਮਾਣੇ ਜੀਵਾਂ ਨੂੰ ਨਿਹਾਰਦੇ ਪ੍ਰਸੰਨ-ਚਿੱਤ ਸਾਂ। ਖੱਬੇ ਪਾਸਿਓਂ ਗਿਆਰਾਂ ਵੱਡੇ ਕੱਦਾਵਰ ਹਾਥੀ ਤੇ ਵਿਚਕਾਰ ਉਹਨਾਂ ਦੇ ਬੱਚੇ ਖਲੋਤੇ ਵਿਖਾਈ ਦਿੱਤੇ। ਹਾਥੀ ਜੰਗਲ਼ ਦਾ ਸਭ ਤੋਂ ਵੱਡਾ ਜੀਵ ਹੈ। ਅਫ਼ਰੀਕਾ ਦੇ ਜੰਗਲ਼ਾਂ ਦੇ ਹਾਥੀ ਵਿਸ਼ਵ ਭਰ ਦੇ ਹਾਥੀਆਂ ਨਾਲ਼ੋਂ ਵਧੇਰੇ ਰਿਸ਼ਟ-ਪੁਸ਼ਟ ਤੇ ਕੱਦਾਵਰ ਮੰਨੇ ਜਾਂਦੇ ਹਨ। ਇਹ ਜੰਗਲ਼ੀ ਜੀਵ ਜਿੰਨਾ ਤਾਕਤਵਰ ਹੈ, ਓਨਾ ਹੀ ਬੁੱਧੀਮਾਨ ਵੀ ਹੈ। ਇੱਥੋਂ ਤਕ ਕਿ ਸ਼ੇਰ ਵੀ ਹਾਥੀ ਨਾਲ਼ ਪੰਗਾ ਲੈਣੋਂ ਡਰਦਾ ਹੈ। ਕਹਿੰਦੇ ਹਨ ਕਿ ਹਾਥੀ ਆਪਣੇ ਬੱਚਿਆਂ ਦੀ ਪਰਵਰਿਸ਼ ਅਤੇ ਦੇਖ-ਭਾਲ਼ ਦਾ ਬਹੁਤ ਧਿਆਨ ਰੱਖਦੇ ਹਨ।

ਮਕੂੰਮੀ ਨੈਸ਼ਨਲ ਪਾਰਕ ਕੋਈ ਸੰਘਣਾ ਜੰਗਲ਼ ਨਹੀਂ। ਇਹ ਸਾਰਾ ਮੈਦਾਨੀ ਇਲਾਕਾ ਹੈ। ਦੂਰ ਪਿੱਛੇ ਪਰਬਤੀ ਚੋਟੀਆਂ ਵਿਖਾਈ ਦੇਂਦੀਆਂ ਹਨ। ਸੈਂਕੜੇ ਮੀਲਾਂ ਵਿੱਚ ਫੈਲਿਆ ਇਹ ਸਫ਼ਾਰੀ ਪਾਰਕ ਤਨਜ਼ਾਨੀਆ ਦਾ ਇੱਕ ਦਰਮਿਆਨਾ ਜਿਹਾ ਕੌਮੀ



Downloaded from https:// www.studiestoday.com

Downloaded from https:// www.studiestoday.com

ਨੈਸ਼ਨਲ ਪਾਰਕ ਹੈ। ਸਾਰੇ ਪਾਸੇ ਘਾਹ ਦੇ ਮੈਦਾਨ ਤੇ ਟਾਂਵੇਂ-ਟਾਂਵੇਂ ਬਿਰਖ ਹਨ। ਕਿਤੇ ਘਾਹ ਛੋਟਾ ਹੈ ਤੇ ਕਿਤੇ ਪੰਜ ਫੁੱਟ ਤੱਕ ਉੱਚਾ। ਵੱਡਾ ਘਾਹ ਹਾਥੀ ਖਾਂਦੇ ਹਨ। ਉਹਨਾਂ ਪਿੱਛੋਂ ਬਾਕੀ ਛੋਟੇ ਜੀਵ ਜ਼ੈਬਰੇ, ਗਾਂਵਾਂ, ਹਿਰਨ ਆਦਿ ਆਪਣੀ ਉਦਰ-ਪੂਰਤੀ ਕਰਦੇ ਹਨ। ਜੰਗਲ਼ ਦਾ ਆਪਣਾ ਕਨੂੰਨ ਹੈ। ਕਿਤੇ-ਕਿਤੇ ਸੈਲਾਨੀਆਂ ਦੀ ਸੁਵਿਧਾ ਲਈ ਉੱਚੇ ਘਾਹ ਨੂੰ ਅੱਗ ਲਾ ਕੇ ਸਾੜ ਦਿੱਤਾ ਜਾਂਦਾ ਹੈ ਤਾਂਕਿ ਜਾਨਵਰ ਦਿਸਦੇ ਰਹਿਣ।

ਸਾਡਾ ਸਾਰਿਆਂ ਦਾ ਧਿਆਨ ਇੱਕ ਵਾਰੀ ਫਿਰ ਬੱਬਰ ਸ਼ੇਰ ਤੇ ਸ਼ੇਰਨੀ ਨੂੰ ਦੇਖਣ ਦਾ ਸੀ। ਅਸੀਂ ਫਿਰ ਉੱਥੇ ਹੀ ਵਾਪਸ ਪਹੁੰਚੇ। ਕਾਰ ਰੋਕੀ, ਕੀ ਦੇਖਦੇ ਹਾਂ ਕਿ ਸ਼ੇਰਨੀ ਜਾਗ ਚੁੱਕੀ ਹੈ। ਅੰਗੜਾਈਆਂ ਲੈਣ ਪਿੱਛੋਂ ਉਹ ਹੌਲ਼ੀ-ਹੌਲ਼ੀ ਉੱਠੀ। ਲੰਮੀ ਉਬਾਸੀ ਲਈ, ਫਿਰ ਉਹ ਚੁਕੰਨੀ ਹੋ ਕੇ ਸਾਨੂੰ ਵੇਖਣ ਲੱਗ ਪਈ। ਅਸੀਂ ਬੰਦ ਵੈਨ ਵਿੱਚ ਹੀ ਆਪਣੇ ਕੈਮਰੇ ਸੰਭਾਲ਼ੀ ਸੁਚੇਤ ਹੋ ਗਏ। ਜਾਂਦੀ ਵਾਰੀ ਦੋਵੇਂ ਪ੍ਰਾਣੀ ਸਾਨੂੰ ਪੂਰੀ ਤਰ੍ਹਾਂ ਵਿਖਾਈ ਨਹੀਂ ਦਿੱਤੇ। ਪਰ ਹੁਣ ਸ਼ੇਰਨੀ ਆਪਣੀ ਸ਼ਹਾਨਾ ਤੋਰ ਤੁਰਦੀ ਹੋਈ ਦਰਖ਼ਤ ਹੇਠ ਪਏ ਸ਼ਿਕਾਰ ਨੂੰ ਖਾਣ ਲਈ ਆਈ। ਏਧਰ-ਓਧਰ ਚੱਕਰ ਕੱਟ ਕੇ ਪਹਿਲਾਂ ਉਸ ਨੇ ਬੱਬਰ ਸ਼ੇਰ ਦੀ ਟੋਹ ਲਾਈ। ਉਸ ਵੱਲੋਂ ਨਿਸ਼ਚਿੰਤ ਹੋ ਕੇ ਅਜੇ ਉਸਨੇ ਸ਼ਿਕਾਰ ਨੂੰ ਮੂੰਹ ਲਾਇਆ ਹੀ ਸੀ ਕਿ ਘਾਹ ਵਿਚੋਂ ਉੱਠ ਕੇ ਸ਼ੇਰ ਦਹਾੜਦਾ ਹੋਇਆ ਉਸ ਵੱਲ ਆਇਆ। ਸ਼ੇਰਨੀ ਮਾਯੂਸ ਹੋ ਕੇ ਦੋ-ਤਿੰਨ ਗਜ਼ ਦੀ ਵਿੱਥ ਉੱਤੇ ਜਾ ਬੈਠੀ। ਹੁਣ ਸ਼ੇਰ ਦਾ ਮੂੰਹ ਸਾਡੇ ਵੱਲ ਸੀ। ਉਹ ਸ਼ਿਕਾਰ ਖਾਣ ਲੱਗਾ, ਵਿੱਚ-ਵਿੱਚ ਮੂੰਹ ਉੱਚਾ ਕਰਕੇ ਸਾਨੂੰ ਵੀ ਵੇਖ ਲੈਂਦਾ। ਅਸੀਂ ਹੈਰਾਨੀਜਨਕ ਹਾਲਤ ਵਿੱਚ ਉਸਨੂੰ ਮਾਸ ਖਾਂਦਿਆਂ ਵੇਖਣ ਲੱਗੇ। ਫੋਟੋਆਂ ਖਿੱਚੀਆਂ, ਵੀਡੀਓ ਲਈ, ਪਰ ਨਾਲ਼ ਹੀ ਸਾਨੂੰ ਡਰ ਸੀ ਕਿ ਸ਼ੇਰ ਕਿਤੇ ਗ਼ੁੱਸਾ ਹੀ ਨਾ ਖਾ ਜਾਏ।

ਮਨੀ ਕਹਿਣ ਲੱਗੀ—"ਮੰਮੀ, ਕੁਝ ਨਹੀਂ ਹੁੰਦਾ। ਉਸ ਨੂੰ ਪਤਾ ਏ ਕਿ ਅਸੀਂ ਉਹਨੂੰ ਤੰਗ ਨਹੀਂ ਕਰ ਰਹੇ, ਇਸ ਲਈ ਉਹ ਸਾਡੇ ਵੱਲੋਂ ਬੇਫ਼ਿਕਰ ਹੈ।"

ਅਸੀਂ ਕਿੰਨਾ ਚਿਰ ਬੱਬਰ ਸ਼ੇਰ ਨੂੰ ਮਾਸ ਖਾਂਦਿਆਂ ਵੇਖਦੇ ਰਹੇ। ਪਰ ਕੀ ਮਜਾਲ ਜੁ ਉਸਨੇ ਸ਼ੇਰਨੀ ਨੂੰ ਨੇੜੇ ਆਉਣ ਦਿੱਤਾ ਹੋਵੇ। ਬੱਬਰ ਸ਼ੇਰ ਆਪਣੀ ਸਰਦਾਰੀ ਜਿਤਾਉਣ ਲਈ ਇਕੱਲਾ ਹੀ ਸ਼ਿਕਾਰ ਖਾ ਰਿਹਾ ਸੀ। ਸ਼ਿਕਾਰ ਹੋਏ ਜਾਨਵਰ ਜੰਗਲ਼ੀ ਗਾਂ ਦੇ ਸਿੰਗ ਨਜ਼ਰ ਆ ਰਹੇ ਸਨ। ਦੋਵੇਂ ਜੀਅ ਰੱਜ ਕੇ ਖਾਣ ਪਿੱਛੋਂ ਬਾਕੀ ਬਚੇ ਮਾਸ ਦੀ ਰਖਵਾਲੀ ਕਰ ਰਹੇ ਸਨ। ਦਰਖ਼ਤਾਂ ਉੱਤੇ ਬੈਠੀਆਂ ਗਿਰਝਾਂ ਕਰੰਗ ਫਰੋਲਣ ਦੀ ਉਡੀਕ ਵਿੱਚ ਸਨ ਕਿ ਕਦੋਂ ਉਹ ਦੋਵੇਂ ਉੱਥੋਂ ਜਾਣ ਤੇ ਕਦੋਂ ਉਹ ਰਹਿੰਦ-ਖੂੰਹਦ ਸਾਂਭਣ। ਸ਼ਾਮ ਹੋ ਰਹੀ ਸੀ। ਸੂਰਜ ਪਰਬਤ ਓਹਲੇ ਛਿਪ ਰਿਹਾ ਸੀ। ਸਾਢੇ ਛੇ ਵਜੇ ਪਾਰਕ ਬੰਦ ਹੋ ਜਾਂਦਾ ਹੈ ਇਸ ਲਈ ਸਵੇਰੇ ਫਿਰ ਆਉਣ ਲਈ ਅਸੀਂ ਵਾਪਸ ਮੋਰੋਗੋਰੋ ਨਗਰ ਲਈ ਰਵਾਨਾ ਹੋਏ। ਅਗਲੀ ਸਵੇਰ ਸੂਰਜ ਚੜ੍ਹਨ ਤੋਂ ਪਹਿਲਾਂ ਅਸੀਂ ਮੋਰੋਗੋਰੋ ਹੋਟਲ ਤੋਂ ਮਕੂੰਮੀ ਨੈਸ਼ਨਲ ਪਾਰਕ ਲਈ ਚੱਲੇ। ਹਾਈਵੇ ਦੀ ਸੜਕ ਖ਼ਾਲੀ ਸੀ। ਵੈਨ ਦੀ ਰਫ਼ਤਾਰ ਤੇਜ਼ ਸੀ ਪਰ ਜਿਉਂ ਹੀ ਅਸੀਂ ਮਕੂੰਮੀ ਪਾਰਕ ਦੇ ਬਾਹਰਲੇ ਘੇਰੇ ਵਿੱਚ ਪ੍ਰਵੇਸ਼ ਕੀਤਾ ਤਾਂ ਸੜਕ ਦੇ ਇੱਕ ਪਾਸੇ ਅਣਗਿਣਤ ਜ਼ੈਬਰੇ ਵਿਖਾਈ ਦਿੱਤੇ। ਥੋੜ੍ਹਾ ਅੱਗੇ ਜਾ ਕੇ ਡ੍ਰਾਈਵਰ ਨੇ ਕਾਰ ਰੋਕੀ। ਕੀ ਵੇਖਦੇ ਹਾਂ ਕਿ ਖੱਬੇ ਹੱਥ ਸੜਕ ਦੇ ਨੇੜੇ ਦਰਜਨਾਂ ਜਿਰਾਫ਼ ਖੜ੍ਹੇ ਹਨ। ਪਹਿਲੇ ਦਿਨ ਕੇਵਲ ਇੱਕ ਹੀ ਜਿਰਾਫ਼ ਦੂਰੋਂ ਵਿਖਾਈ ਦਿੱਤਾ ਪਰ ਦੂਜੇ ਦਿਨ ਅਚਾਨਕ ਏਨੇ ਸਾਰੇ ਜਿਰਾਫ ਇਕੱਠੇ ਵੇਖ ਕੇ ਅਸੀਂ ਬਹੁਤ ਖ਼ੁਸ਼ ਹੋਏ। ਸਾਨੂੰ ਸੰਸਾ ਸੀ ਕਿ ਪੈਂਤੀ ਸੌ ਵਰਗ ਕਿਲੋਮੀਟਰ ਵਿੱਚ ਫੈਲਿਆ ਹੋਇਆ ਇਹ ਪਾਰਕ, ਪਤਾ ਨਹੀਂ ਸੜਕ ਉੱਤੋਂ ਲੰਘਦਿਆਂ ਕੋਈ ਜਿਰਾਫ਼ ਵਿਖਾਈ ਦੇਵੇ ਜਾਂ ਨਾ। ਪਰ ਇਹ ਕੀ ? ਏਨੀ ਛੇਤੀ ਸਾਡੀ ਮੁਰਾਦ ਪੂਰੀ ਹੋ ਜਾਵੇਗੀ ! ਏਨੀ ਲੰਮੀ ਧੌਣ ਵਾਲ਼ੇ ਤੇ ਏਨੇ ਉੱਚੇ-ਲੰਮੇ ਜੰਗਲ਼ੀ ਜੀਵ ਨੂੰ ਉਸਦੇ ਪ੍ਰਕਿਰਤਿਕ ਆਲ਼ੇ-ਦੁਆਲ਼ੇ ਵਿੱਚ ਵਿਚਰਦੇ ਵੇਖਣਾ ਸਾਡੇ ਲਈ ਇੱਕ ਅਨੋਖਾ ਅਨੁਭਵ ਸੀ — ਸੜਕ ਦੇ ਏਨੇ ਨੇੜੇ ਕੇਵਲ ਦਸ—ਪੰਦਰਾਂ ਗਜ਼ ਦੀ ਦੂਰੀ ਉੱਤੋਂ ਉਹਨਾਂ ਨੂੰ ਕੰਡਿਆਲ਼ੇ ਦਰਖ਼ਤਾਂ ਦੇ ਪੱਤਿਆਂ ਨੂੰ ਖਾਂਦਿਆਂ ਵੇਖਣਾ।

ਜਿਰਾਫ਼ ਦੀ ਨਸਲ ਕੇਵਲ ਅਫ਼ਰੀਕਾ ਦੇ ਜੰਗਲ਼ਾਂ ਵਿੱਚ ਹੀ ਵੇਖਣ ਨੂੰ ਮਿਲ਼ਦੀ ਹੈ ਕਿਉਂਕਿ ਅਕੇਸ਼ੀਆ ਨਾਂ ਦੇ ਕੰਡਿਆਲ਼ੇ ਬਿਰਖ ਕੇਵਲ ਇਸ ਇਲਾਕੇ ਵਿੱਚ ਹੀ ਉੱਗਦੇ ਹਨ। ਇਸ ਲਈ ਜਿਰਾਫ਼ ਵੀ ਦੁਨੀਆਂ ਦੇ ਇਸ ਖਿੱਤੇ ਦੀ ਪੈਦਾਇਸ਼ ਹੈ। ਇਹ ਜਾਨਵਰ ਏਨਾ ਪੇਟੂ ਹੈ ਕਿ ਇੱਕ ਦਿਨ ਵਿੱਚ ਤਕਰੀਬਨ 75 ਕਿਲੋ ਹਰਿਆਵਲ ਖਾ ਜਾਂਦਾ ਹੈ। ਜਿੰਨੀ ਛੇਤੀ ਇਹ ਦਰਖ਼ਤ ਰੁੰਡ-ਮਰੁੰਡ ਕਰਦੇ ਹਨ, ਓਨੀ ਛੇਤੀ ਹੀ ਇਹ ਮੁੜ ਹਰੇ ਹੋ ਜਾਂਦੇ ਹਨ। ਇਹਨਾਂ ਦੀਆਂ ਲੰਮੀਆਂ ਗਰਦਨਾਂ ਤੇ ਨਿੱਕਾ ਜਿਹਾ ਮੂੰਹ ਇਹਨਾਂ ਨੂੰ ਦਰਖ਼ਤ ਦੀਆਂ ਉੱਪਰਲੀਆਂ ਟਾਹਣੀਆਂ ਤੱਕ ਪਹੁੰਚਣ ਵਿੱਚ ਸਹਾਈ ਹੁੰਦਾ ਹੈ। ਜਿਰਾਫ਼ ਦੇ ਨਿੱਕੇ-ਨਿੱਕੇ ਕੰਨ, ਗੂੜ੍ਹੇ ਨਸਵਾਰੀ ਰੰਗ ਦੇ ਸਾਰੇ ਸਰੀਰ ਉੱਤੇ ਧੱਬੇ, ਹਲਕਾ ਕਿਰਮਚੀ ਰੰਗ, ਲੰਮੀਆਂ-ਲੰਮੀਆਂ ਲੱਤਾਂ—ਇਹ ਅਜਬ ਕਿਸਮ ਦਾ ਭੋਲ਼ਾ-ਭਾਲ਼ਾ ਤੇ ਸੁੰਦਰ ਜੰਗਲੀ ਜੀਵ ਆਪਣੇ ਹਾਲ ਵਿੱਚ ਮਸਤ ਰਹਿੰਦਾ ਹੈ। ਜਿੱਥੇ ਇਸ ਨੂੰ ਖ਼ੁਰਾਕ ਮਿਲ਼ੇ, ਉੱਥੇ ਹੀ ਇਸਦਾ ਬਸੇਰਾ ਹੈ। ਖ਼ੂੰਖ਼ਾਰ ਜੀਵਾਂ ਤੋਂ ਇਹ ਬੜਾ ਡਰਦਾ ਹੈ। ਆਪਣੇ ਬੱਚਿਆਂ ਨੂੰ ਵੀ ਉਹਨਾਂ ਤੋਂ ਸਾਵਧਾਨ ਰੱਖਦਾ ਹੈ। ਅਸੀਂ ਇਹਨਾਂ ਮਸੂਮ ਜੀਵਾਂ ਨੂੰ ਕੁਝ ਚਿਰ ਨਿਹਾਰਨ ਪਿੱਛੋਂ ਅੱਗੇ ਚੱਲ ਪਏ।

ਥੋੜ੍ਹਾ ਅੱਗੇ ਗਏ ਤਾਂ ਸੱਜੇ ਹੱਥ ਇੱਕ ਵੱਡਾ ਹਾਥੀ ਸੜਕ ਦੇ ਨੇੜੇ ਖੜ੍ਹਾ ਸੀ। ਪਹਿਲੇ ਦਿਨ ਜੋ ਕੁਝ ਦੂਰੋਂ ਦਿਸਿਆ ਸੀ, ਅਗਲੇ ਦਿਨ ਪਾਰਕ ਦੇ ਬਾਹਰਵਾਰ ਹੀ ਦਿਸ ਪਿਆ। ਇਸਦੇ ਵੱਡੇ-ਵੱਡੇ ਦੰਦ ਇਸ ਦੀ ਸੁੰਦਰਤਾ ਨੂੰ ਚਾਰ ਚੰਨ ਲਾ ਰਹੇ ਸਨ। ਅਫ਼ਰੀਕਾ ਦੇ ਹਾਥੀ ਭਾਰਤ ਦੇ ਹਾਥੀਆਂ ਨਾਲ਼ੋਂ ਵਧੇਰੇ ਤੰਦਰੁਸਤ ਤੇ ਕੱਦਾਵਰ ਹੁੰਦੇ ਹਨ। ਇਹਨਾਂ ਦੀ ਬੜੀ ਵੱਡੀ ਗਿਣਤੀ ਹੋਣ ਕਾਰਨ ਹਾਥੀ-ਦੰਦ ਬਾਹਰਲੇ ਮੁਲਕਾਂ ਨੂੰ ਬਰਾਮਦ ਕੀਤਾ ਜਾਂਦਾ ਹੈ।

ਅਸੀਂ ਖ਼ੁਸ਼-ਖ਼ੁਸ਼ ਮਕੂੰਮੀ ਨੈਸ਼ਨਲ ਪਾਰਕ ਅੰਦਰ ਦਾਖ਼ਲ ਹੋਏ। ਕਹਿੰਦੇ ਹਨ ਕਿ ਗੇਮ ਪਾਰਕ ਦੇਖਣਾ ਹੋਵੇ ਤਾਂ ਸਵੇਰੇ ਜਾਂ



Downloaded from https:// www.studiestoday.com

Downloaded from https:// www.studiestoday.com

ਸ਼ਾਮੀਂ ਜਾਓ। ਸਵੇਰੇ ਜੰਗਲ਼ੀ ਜੀਵ ਬਾਹਰ ਨਿਕਲ਼ਦੇ ਹਨ। ਧੁੱਪ ਵੇਲ਼ੇ ਰੱਜ ਕੇ ਘਾਹ ਵਿੱਚ ਜਾਂ ਬਿਰਖਾਂ ਦੀ ਛਾਂ ਵਿੱਚ ਅਰਾਮ ਕਰ ਰਹੇ ਹੁੰਦੇ ਹਨ। ਦਿਨ ਢਲਣ ਵੇਲ਼ੇ ਵੀ ਉਹ ਬਾਹਰ ਤੁਰਦੇ-ਫਿਰਦੇ ਦਿਖਾਈ ਦੇਂਦੇ ਹਨ। ਦੁਪਹਿਰ ਸਮੇਂ ਸਾਰੇ ਜੀਵ ਅਰਾਮ ਦੇ ਆਲਮ ਵਿੱਚ ਹੁੰਦੇ ਹਨ।

ਅਸੀਂ ਸੜਕੋ-ਸੜਕੀ ਹੌਲ਼ੀ-ਹੌਲ਼ੀ ਗੱਡੀ ਤੋਰੀ। ਸਾਡੀਆਂ ਨਜ਼ਰਾਂ ਦੋਂਹੀਂ ਪਾਸੀਂ ਜੀਵ-ਜੰਤੂਆਂ ਨੂੰ ਲੱਭ ਰਹੀਆਂ ਸਨ। ਜ਼ੈਬਰਾ ਤੇ ਜੰਗਲ਼ੀ ਗਾਂਵਾਂ ਦੀ ਹਰ ਪਾਸੇ ਭਰਮਾਰ ਸੀ ਪਰ ਸਾਡਾ ਧਿਆਨ ਕੱਲ੍ਹ ਵਾਲ਼ੀ ਜਗ੍ਹਾ ਉੱਤੇ ਕੇਂਦਰਿਤ ਸੀ, ਜਿੱਥੇ ਅਸੀਂ ਸ਼ੇਰ ਤੇ ਸ਼ੇਰਨੀ ਦਾ ਜੋੜਾ ਵੇਖਿਆ ਸੀ। ਭਾਵੇਂ ਸਾਨੂੰ ਪਤਾ ਸੀ ਕਿ ਜੰਗਲ਼ੀ ਜੀਵ ਸਾਰਾ ਵਕਤ ਇੱਕੋ ਥਾਂ ਨਹੀਂ ਬੈਠੇ ਰਹਿੰਦੇ ਫਿਰ ਵੀ ਸਾਡੀ ਉਤਸੁਕਤਾ ਸਾਨੂੰ ਉੱਥੇ ਲੈ ਗਈ। ਇੱਕ ਗਿਰਝ ਕਰੰਗ ਫਰੋਲ਼ ਰਹੀ ਸੀ। ਬਾਕੀ ਗਿਰਝਾਂ ਉੱਥੋਂ ਉੱਡ ਚੁੱਕੀਆਂ ਸਨ ਪਰ ਪਿੰਜਰ ਦਾ ਜੋ ਹਾਲ ਅਸੀਂ ਵੇਖਿਆ, ਉੱਥੇ ਜੰਗਲ਼ੀ ਗਾਂ ਦੀਆਂ ਦੋ-ਤਿੰਨ ਹੱਡੀਆਂ ਤੋਂ ਸਿਵਾ ਕੁਝ ਵੀ ਨਹੀਂ ਸੀ।

ਅੱਗੇ ਜਾਂਦਿਆਂ ਸੜਕ ਦੇ ਦੋਵੇਂ ਪਾਸੇ ਸੈਂਕੜੇ ਜ਼ੈਬਰੇ, ਜੰਗਲ਼ੀ ਗਾਂਵਾਂ ਤੇ ਹਿਰਨਾਂ ਦੀਆਂ ਡਾਰਾਂ ਧੁੱਪੇ ਬਾਹਰ ਨਿਕਲ਼ੀਆਂ ਸਨ। ਦੂਰ-ਦੂਰ ਤਕ ਇਹ ਜੀਵ-ਜੰਤੂ ਇੱਧਰ-ਉੱਧਰ ਘੁੰਮ ਰਹੇ ਸਨ। ਘਾਹ ਦੀਆਂ ਕਰੂੰਬਲ਼ਾਂ ਉੱਤੇ ਰੰਗ-ਬਰੰਗੀਆਂ ਸੈਂਕੜੇ ਚਿੜੀਆਂ ਬੈਠੀਆਂ ਸਨ। ਕਿਤੇ ਘਾਹ ਉੱਤੇ ਚਹਿਲ-ਕਦਮੀ ਕਰ ਰਹੇ ਸੁੰਦਰ ਪੰਛੀ, ਕਿਤੇ ਜੰਗਲ਼ੀ ਬਾਂਦਰਾਂ (Baboons) ਦੇ ਝੁੰਡ ਮਨ ਦੀ ਮੌਜ ਵਿੱਚ ਇੱਧਰ-ਉੱਧਰ ਛਲ਼ਾਂਗਾਂ ਮਾਰਦੇ ਇੱਕ ਦਰਖ਼ਤ ਤੋਂ ਦੂਜੇ ਵੱਲ ਜਾਂਦੇ ਮਸਤੀ ਦੇ ਮੂਡ ਵਿੱਚ ਸਨ।

ਕਹਿੰਦੇ ਨੇ ਉਂਞ ਤਾਂ ਹਰ ਜੰਗਲ਼ੀ ਜੀਵ ਆਪਣੇ ਬਚਾਅ ਲਈ ਚੁਕੰਨਾ ਰਹਿੰਦਾ ਹੈ ਪਰ ਬਾਂਦਰਾ ਨੂੰ ਕਿਸੇ ਆਉਣ ਵਾਲ਼ੀ ਬਿਪਤਾ ਦਾ ਸਭ ਤੋਂ ਪਹਿਲਾਂ ਪਤਾ ਲੱਗਦਾ ਹੈ। ਆਪ ਤਾਂ ਉਹ ਛਲ਼ਾਂਗ ਲਾ ਕੇ ਦਰਖ਼ਤ ਉੱਤੇ ਚੜ੍ਹ ਜਾਂਦੇ ਹਨ। ਬਾਕੀਆਂ ਨੂੰ ਆਪਣੀਆਂ ਅਵਾਜ਼ਾਂ ਨਾਲ ਸੁਚੇਤ ਕਰਦੇ ਹਨ।

ਖੱਬੇ ਹੱਥ ਹਾਥੀਆਂ ਦਾ ਝੁੰਡ ਆਪਣੀ ਮਸਤ ਚਾਲ ਚੱਲਦਾ ਹੋਇਆ ਆ ਰਿਹਾ ਸੀ। ਅਸੀਂ ਉੱਥੇ ਠਹਿਰ ਕੇ ਉਹਨਾਂ ਦੇ ਕੋਲ਼ੋਂ ਲੰਘਣ ਦੀ ਉਡੀਕ ਕਰਨ ਲੱਗੇ। ਇੰਨੀ ਦੇਰ ਨੂੰ ਸਾਡੇ ਕੋਲ਼ੋਂ ਇਕ ਕਾਰ ਲੰਘੀ। ਸੈਲਾਨੀਆਂ ਦੇ ਖਿੜੇ ਚਿਹਰੇ ਵੇਖ ਕੇ ਅਸੀਂ ਉਹਨਾਂ ਨੂੰ ਪੁੱਛਿਆ, "ਤੁਸੀਂ ਕੋਈ ਸ਼ੇਰ ਵੇਖਿਆ ਹੈ?"

"ਇੱਕ ਨਹੀਂ, ਇਕੱਠੇ ਤਿੰਨ। ਇੱਥੋਂ ਥੋੜ੍ਹਾ ਅੱਗੇ ਇੱਕ ਕਿਲੋਮੀਟਰ ਦੀ ਵਿੱਥ 'ਤੇ।"

ਫਿਰ ਸਾਡੇ ਕੋਲ਼ੋਂ ਲੰਘਣ ਵਾਲ਼ੀ ਹਰ ਕਾਰ ਦੇ ਸੈਲਾਨੀਆਂ ਨੇ ਸਾਨੂੰ ਇਹੀ ਸੂਚਨਾ ਦਿੱਤੀ।

ਅਸੀਂ ਦੋ-ਤਿੰਨ ਮਿੰਟ ਵਿੱਚ ਉੱਥੇ ਪੁੱਜ ਗਏ। ਕੀ ਵੇਖਿਆ ਕਿ ਤਿੰਨੇ ਸ਼ੇਰ ਧੁੱਪੇ ਲੰਮੇ ਪਏ ਸਨ। ਅਸੀਂ ਉਹਨਾਂ ਤੋਂ ਥੋੜ੍ਹੀ ਵਿੱਥ ਉੱਤੇ ਕਾਰ ਰੋਕੀ। ਦੋ ਬੱਬਰ ਸ਼ੇਰ ਤੇ ਇਕ ਸ਼ੇਰ-ਸ਼ੇਰਨੀ ਸਾਡੇ ਵੱਲ ਵੇਖ ਰਹੇ ਸਨ। ਇਕ ਬੱਬਰ ਸ਼ੇਰ ਨੇ ਲੰਮੀ ਉਬਾਸੀ ਲਈ। ਲੱਗਦਾ ਸੀ, ਸ਼ਿਕਾਰ ਨਾਲ਼ ਰੱਜੇ ਹੋਏ ਉਹ ਸੌਣਾ ਚਾਹੁੰਦੇ ਸਨ। ਅਸੀਂ ਉੱਥੇ ਹੀ ਕਾਰ ਵਿੱਚ ਬੈਠੇ ਉਹਨਾਂ ਨੂੰ ਵੇਖਦੇ ਰਹੇ। ਸਾਨੂੰ ਜਾਂਦੇ ਨਾ ਵੇਖ ਕੇ ਇਕ ਸ਼ੇਰ ਤੇ ਸ਼ੇਰਨੀ ਉੱਥੋਂ ਉੱਠੇ ਤੇ ਬੜੀ ਸ਼ਹਾਨਾ ਤੋਰ ਤੁਰਦੇ ਹੋਏ 20 ਕੁ ਗਜ਼ ਦੀ ਵਿੱਥ 'ਤੇ ਇੱਕ ਦਰਖ਼ਤ ਦੀ ਛਾਂ ਵਿੱਚ ਜਾ ਕੇ ਲੇਟ ਗਏ। ਇਹ ਜੋੜਾ ਏਨਾ ਸੋਹਣਾ ਤੇ ਸਿਹਤਮੰਦ ਸੀ ਕਿ ਚਿੜੀਆ-ਘਰ ਵਿਚ ਪਿੰਜਰੇ ਵਿੱਚ ਕੈਦ ਸ਼ੇਰ ਇਹਨਾਂ ਦੇ ਟਾਕਰੇ ਵਿੱਚ ਕੁਝ ਵੀ ਨਹੀਂ। ਜੋ ਮਸਤੀ ਤੇ ਮਜ਼ਾ ਅਜ਼ਾਦ ਫ਼ਿਜ਼ਾ ਵਿੱਚ ਰਹਿ ਕੇ ਆਪ ਸ਼ਿਕਾਰ ਮਾਰ ਕੇ ਖਾਣ ਵਿੱਚ ਹੈ, ਉਹ ਚਿੜੀਆ-ਘਰਾਂ ਦੇ ਜੰਗਲ਼ਿਆਂ ਵਿਚ ਬੇਵੱਸੀ ਦਾ ਜੀਵਨ ਬਿਤਾਉਂਦਿਆਂ ਕਿੱਥੇ ਮਿਲਣਾ ਹੈ?

ਤੇ ਮੈਂ ਸੋਚ ਰਹੀ ਸਾਂ ਕਿ ਅਜ਼ਾਦੀ ਤਾਂ ਹਰ ਜੀਵ-ਜੰਤੂ ਦਾ ਜਨਮ-ਸਿੱਧ ਅਧਿਕਾਰ ਹੈ, ਜਿਸਨੂੰ ਮਨੁੱਖ ਆਪਣੇ ਸੁਆਰਥ ਹਿੱਤ ਬੰਦੀ ਬਣਾ ਕੇ ਆਪਣੇ ਆਪ ਨੂੰ ਵਧੇਰੇ ਬਲਵਾਨ ਸਾਬਤ ਕਰਨਾ ਚਾਹੁੰਦਾ ਹੈ। ਜੰਗਲ਼ ਵਿੱਚ ਰਹਿੰਦੇ ਕਿਸੇ ਵੀ ਜੀਵ-ਜੰਤੂ ਨੂੰ ਵੇਖੋ, ਸੁਤੰਤਰਤਾ ਦੇ ਅਰਥ ਸਮਝ ਆ ਜਾਂਦੇ ਹਨ। ਕੋਈ ਜੰਗਲ਼ੀ ਜੀਵ ਸ਼ੇਰ ਜਿੰਨਾ ਸੁਆਰਥੀ, ਰੋਹਬਦਾਰ ਤੇ ਤਾਕਤਵਰ ਨਹੀਂ ਹੋ ਸਕਦਾ।

ਆਪਣੇ ਸਾਥੀਆਂ ਦੇ ਜਾਣ ਪਿੱਛੋਂ ਦੂਜਾ ਬੱਬਰ ਸ਼ੇਰ ਉੱਥੇ ਲੰਮਾ ਪਿਆ ਸਾਡੇ ਵੱਲ ਵੇਖ ਰਿਹਾ ਸੀ। ਉਸ ਨੂੰ ਵੀ ਨੀਂਦਰ ਆਈ ਹੋਈ ਸੀ। ਅਸੀਂ ਉਸ ਨੂੰ ਦੇਖਦੇ ਹੋਏ ਮਹਿਸੂਸ ਕਰ ਰਹੇ ਸਾਂ ਕਿ ਆਪਣੀ ਨੀਂਦਰ ਵਿੱਚ ਵਿਘਨ ਪੈਂਦਾ ਵੇਖ ਕੇ ਕਿਤੇ ਉਹ ਗ਼ੁੱਸੇ ਵਿੱਚ ਨਾ ਆ ਜਾਏ। ਫਿਰ ਸਾਡੇ ਵੇਖਦਿਆਂ-ਵੇਖਦਿਆਂ ਉਹ ਵੀ ਉੱਠਿਆ ਤੇ ਆਪਣੇ ਸਾਥੀਆਂ ਕੋਲ਼ ਜਾ ਕੇ ਲੇਟ ਗਿਆ। ਉਸ ਦੇ ਦੋਵੇਂ ਸਾਥੀ ਘੂਕ ਸੁੱਤੇ ਹੋਏ ਸਨ ਪਰ ਉਸ ਦਾ ਧਿਆਨ ਸਾਡੇ ਵੱਲ ਸੀ। ਮੇਰੇ ਵਾਰ-ਵਾਰ ਇਸਰਾਰ ਕਰਨ 'ਤੇ ਅਸੀਂ ਉੱਥੋਂ ਤੁਰੇ।

ਅਸੀਂ ਵੇਖਿਆ ਕਿ ਸ਼ੇਰਾਂ ਤੋਂ ਕੁਝ ਗਜ਼ ਦੀ ਦੂਰੀ ਉੱਤੇ ਸੈਂਕੜੇ ਜੀਵ ਬੇਫ਼ਿਕਰ ਹੋ ਕੇ ਘੁੰਮ ਰਹੇ ਸਨ। ਥੋੜ੍ਹਾ ਪਰੇ ਜ਼ੈਬਰਾ ਤੇ ਜੰਗਲ਼ੀ ਗਾਂਵਾਂ ਸੈਂਕੜਿਆਂ ਦੀ ਗਿਣਤੀ ਵਿੱਚ ਖੜ੍ਹੀਆਂ ਸਨ। ਸੂਰਜ ਦੀਆਂ ਸੁਨਹਿਰੀ ਰਿਸ਼ਮਾਂ ਉਹਨਾਂ ਦੇ ਆਕਰਸ਼ਣ ਵਿੱਚ ਵਾਧਾ ਕਰ ਰਹੀਆਂ ਸਨ। ਸਭਨਾਂ ਤੋਂ ਵੱਖ ਇੱਕ ਜੰਗਲ਼ੀ ਗਾਂ ਇਕੱਲੀ ਖੜ੍ਹੀ ਸੀ। ਉਹ ਡਰੀ-ਸਹਿਮੀ ਲਗਾਤਾਰ ਸਾਡੇ ਵੱਲ ਵੇਖ ਰਹੀ ਸੀ। ਉਸਨੂੰ ਦੇਖ ਕੇ ਇਉਂ ਲੱਗਾ ਜਿਵੇਂ ਉਸਦੇ ਸੰਗੀ-ਸਾਥੀਆਂ ਨੇ ਫ਼ੈਸਲਾ ਕਰ ਕੇ ਉਸਨੂੰ ਸ਼ੇਰਾਂ ਦਾ ਭੋਜਨ ਬਣਨ ਲਈ ਭੇਜ ਦਿੱਤਾ ਸੀ। ਸ਼ਾਇਦ ਜੰਗਲ਼ ਵਿੱਚ ਰਹਿੰਦੇ ਹਰ ਪ੍ਰਾਣੀ ਨੂੰ ਆਪਣੀ ਹੋਣੀ ਦਾ ਅਗਾਊਂ ਪਤਾ ਹੁੰਦਾ ਹੈ। ਉਤਪਤੀ ਤੇ ਵਿਨਾਸ਼ ਦਾ ਚੱਕਰ ਲਗਾਤਾਰ ਚੱਲਦਾ ਰਹਿੰਦਾ ਹੈ। ਪ੍ਰਕਿਰਤੀ ਦਾ ਸੰਤੁਲਨ ਕਾਇਮ ਰੱਖਣ ਲਈ ਵਾਰੋ-ਵਾਰੀ ਸਭਨਾਂ ਨੇ ਜਾਣਾ ਹੈ। ਸ਼ੇਰ



Downloaded from https:// www.studiestoday.com

Downloaded from https:// www.studiestoday.com

ਇਕੱਠੇ ਵੱਗ ਉੱਤੇ ਕਦੀ ਨਹੀਂ ਪੈਂਦਾ। ਉਸਨੂੰ ਤਾਂ ਆਪਣੀ ਭੁੱਖ ਮਿਟਾਉਣ ਲਈ ਕੇਵਲ ਇਕ ਜੀਅ ਦੀ ਲੋੜ ਹੁੰਦੀ ਹੈ। ਉਹ ਆਪਣੇ ਬਾਕੀ ਸਾਥੀਆਂ ਨਾਲ਼ ਵੰਡ ਕੇ ਖਾਂਦਾ ਹੈ। ਬਾਕੀ ਜੀਵ ਨਿਸ਼ਚਿੰਤ ਹੋ ਕੇ ਉੱਥੇ ਹੀ ਘੁੰਮਦੇ ਵਿਖਾਏ ਦੇਂਦੇ ਹਨ। ਵੱਗ ਵਿੱਚੋਂ ਜਿਹੜਾ ਜੀਅ ਪੱਛੜ ਜਾਂਦਾ ਹੈ, ਉਸਦੀ ਮੌਤ ਨਿਸ਼ਚਿਤ ਹੈ।

ਵਾਪਸੀ ਉੱਤੇ ਏਨੇ ਸੋਹਣੇ, ਸੁਨੱਖੇ ਤੇ ਤੰਦਰੁਸਤ ਹਿਰਨਾਂ ਦੀ ਡਾਰ ਵੇਖਣ ਨੂੰ ਮਿਲ਼ੀ ਕਿ ਬੱਸ ਵੇਖਦੇ ਹੀ ਰਹਿ ਜਾਓ। ਉਹਨਾਂ ਦੇ ਬਦਾਮੀ ਰੰਗ ਦੇ ਮੁਲਾਇਮ ਜੁੱਸੇ ਉੱਤੇ ਗੂੜ੍ਹੀਆਂ ਨਸਵਾਰੀ ਰੰਗ ਦੀਆਂ ਧਾਰੀਆਂ ਉਹਨਾਂ ਨੂੰ ਹੋਰ ਵੀ ਸੁੰਦਰ ਬਣਾਉਂਦੀਆਂ ਸਨ। ਵੱਡੀਆਂ ਖ਼ੂਬਸੂਰਤ ਅੱਖਾਂ ਨਿੱਕੀਆਂ-ਨਿੱਕੀਆਂ ਪੂਛਾਂ ਤੇ ਪਤਲਾ ਫੁਰਤੀਲਾ ਜਿਸਮ ਇਕ ਵਿਲੱਖਣ ਨਜ਼ਾਰਾ ਹੈ। ਖੜੋਂਦੇ ਹਨ ਤਾਂ ਕਤਾਰ ਬਣਾ ਕੇ। ਚੁੰਗੀਆਂ ਭਰਦੇ ਹਨ ਤਾਂ ਸਾਰੇ ਇਕੱਠੇ। ਹਿਰਨੀਆਂ ਦੇ ਕੰਨ ਖੜ੍ਹੇ ਰਹਿੰਦੇ ਹਨ। ਹਿਰਨਾਂ ਦੇ ਸਿੰਗ ਹੁੰਦੇ ਹਨ। ਸ਼ੇਰਾ ਤੇ ਹੋਰ ਮਾਸਖ਼ੋਰੇ ਜਾਨਵਰਾਂ ਵਿੱਚ ਰਹਿਣ ਵਾਲ਼ਾ ਇਹ ਮਸੂਮ ਜੀਵ ਏਨਾ ਸੋਹਣਾ ਹੈ ਕਿ ਰੱਬ ਦੀ ਬਣਾਈ ਕਾਇਨਾਤ ਵੱਲ ਅਚੇਤ ਹੀ ਧਿਆਨ ਚਲਾ ਜਾਂਦਾ ਹੈ।

ਮਕੁੰਮੀ ਨੈਸ਼ਨਲ ਪਾਰਕ ਦਾ ਚੱਕਰ ਕੱਟਦੇ ਹੋਏ ਅਸੀਂ ਹਿੱਪ-ਪੂਲ ਅਥਵਾ ਦਰਿਆਈ ਘੋੜਿਆਂ ਦੇ ਤਲਾਬ ਵੱਲ ਗਏ। ਕੁਦਰਤ ਦੇ ਰੰਗ ਵੇਖ-ਵੇਖ ਕੇ ਅਚੰਭਿਤ ਹੁੰਦੇ ਰਹੇ। ਇਹ ਜੀਵ ਏਨਾ ਵੱਡਾ ਤੇ ਭਾਰਾ ਹੈ ਕਿ ਦਿਨ ਦੀ ਗਰਮੀ ਤੋਂ ਆਪਣੇ ਆਪ ਨੂੰ ਰਾਹਤ ਦੇਣ ਲਈ ਸਾਰਾ ਦਿਨ ਪਾਣੀ ਵਿੱਚ ਰਹਿੰਦਾ ਹੈ ਤੇ ਰਾਤ ਨੂੰ ਬਾਹਰ ਘਾਹ ਖਾਣ ਲਈ ਨਿਕਲ਼ਦਾ ਹੈ। ਭੂਰੇ ਰੰਗਾ ਪਾਣੀ ਦਾ ਇਹ ਜੀਵ ਏਨਾ ਵੱਡਾ ਹੈ ਕਿ ਇੱਕ ਪਾਸੇ ਮੱਛੀਆਂ, ਮਗਰਮੱਛ ਤੇ ਹਜ਼ਾਰਾਂ ਕਿਸਮਾਂ ਦੇ ਪਾਣੀ ਦੇ ਜੀਵ ਤੇ ਦੂਜੇ ਪਾਸੇ ਇਹ ਦਰਿਆਈ ਘੋੜਾ, ਜਿਸ ਦਾ ਕਿਸੇ ਨਾਲ਼ ਕੋਈ ਵਾਸਤਾ ਨਹੀਂ, ਨ੍ਹਾਉਣਾ ਤੇ ਖਾਣਾ ਹੀ ਜਿਸਦਾ ਜੀਵਨ ਹੈ।

ਜੰਗਲ਼ ਵਿੱਚ ਲੱਖਾਂ ਪ੍ਰਾਣੀਆਂ ਦੀ ਪਾਲਣਹਾਰ ਕੁਦਰਤ ਨੂੰ ਅਸੀਂ ਨਮਸਕਾਰ ਕਰਦੇ ਰਹੇ। ਦਰਖ਼ਤਾਂ ਦੇ ਪੱਤੇ, ਕੰਡੇ, ਫਲ਼-ਫੁੱਲ, ਕੀੜੇ-ਮਕੌੜੇ, ਘਾਹ, ਪਾਣੀ, ਸ਼ਿਕਾਰ, ਹਵਾ, ਮੀਂਹ ਤੇ ਧੁੱਪ ਇੱਕੋ ਥਾਂ ਲੋੜ ਅਨੁਸਾਰ ਮਿਕਦਾਰ ਵਿੱਚ ਮੌਜੂਦ ਹਨ। ਕੋਈ ਕਿਸੇ ਜੀਵ ਦੀ ਦੇਖ ਭਾਲ਼ ਨਹੀਂ ਕਰਦਾ। ਇਹ ਜੀਵ ਇਉਂ ਸਭ ਪਾਸੇ ਤੋਂ ਬੇਫ਼ਿਕਰ ਆਪਣੇ ਚੁਗਿਰਦੇ ਵਿੱਚ ਰੱਬ ਦੇ ਰੰਗ ਵਿੱਚ ਮਸਤ ਹਨ ਕਿ ਗੁਰੂ ਨਾਨਕ ਸਾਹਿਬ ਦੀ ਬਾਣੀ ਯਾਦ ਆ ਰਹੀ ਸੀ—

ਬਲਿਹਾਰੀ ਕੁਦਰਤ ਵਸਿਆ ਤੇਰਾ ਅੰਤੁ ਨ ਜਾਇ ਲਖਿਆ॥

ਅਸੀਂ ਪਾਰਕ ਦਾ ਚੱਕਰ ਲਾ ਕੇ ਬੜੇ ਸੰਤੁਸ਼ਟ ਵਾਪਸ ਮੋਰੋਗੋਰੋ ਲਈ ਚੱਲੇ। ਦੁਪਹਿਰ ਦਾ ਖਾਣਾ ਖਾਣ ਪਿੱਛੋਂ ਦਾਰ-ਅਸ-ਸਲਾਮ ਲਈ ਵਾਪਸੀ ਦਾ ਸਫ਼ਰ ਅਰੰਭ ਕੀਤਾ।

ਇਸ ਪਾਠ ਵਿੱਚ ਆਏ ਨਾਂ, ਥਾਂ ਅਤੇ ਵਿਸ਼ੇਸ਼ ਸ਼ਬਦ—

**(ੳ) ਨਾਂ, ਥਾਂ-**

1. ਤਨਜ਼ਾਨੀਆ—ਅਫ਼ਰੀਕਾ ਦਾ ਇੱਕ ਸ਼ਹਿਰ
2. ਜ਼ਿੰਬਾਬਵੇ— ਇੱਕ ਦੇਸ
3. ਮੋਰੋਗੋਰੋ ਨਗਰ—ਇਕ ਜਗ੍ਹਾ ਦਾ ਨਾਂ (ਤਨਜ਼ਾਨੀਆ ਦਾ ਇੱਕ ਸ਼ਹਿਰ)
4. ਜਿਰਾਫ਼
5. ਅਕੇਸ਼ੀਆ—ਇੱਕ ਕੰਡਿਆਲ਼ਾ ਬਿਰਖ
6. ਨਵਦੀਪ—ਲੇਖਕਾ ਦੇ ਰਿਸ਼ਤੇਦਾਰ
7. ਮਨੀ—ਲੇਖਕਾ ਦੇ ਰਿਸ਼ਤੇਦਾਰ
8. ਵਾਈਲਡ ਬੀਸਟ—ਜੰਗਲ਼ੀ ਗਾਂ
9. ਬੈਬੂਨਸ—ਜੰਗਲ਼ੀ ਬਾਂਦਰ

**(ਅ) ਵਿਸ਼ੇਸ਼ ਸ਼ਬਦ-** ਮੁਕਾਮ-ਪੜਾਅ, ਠਹਿਰਨ ਦੀ ਥਾਂ। ਆਦੇਸ਼-ਹੁਕਮ, ਫ਼ਰਮਾਨ। ਉਤਸੁਕਤਾ-ਵਿਆਕੁਲਤਾ, ਤੀਬਰ-ਇੱਛਾ। ਇਤਮਿਨਾਨ-ਤਸੱਲੀ ਨਾਲ਼। ਕੱਣਖੀਏਂ-ਤਿਰਛੀ ਨਜ਼ਰ ਨਾਲ਼, ਟੇਢੀ ਨਜ਼ਰ ਨਾਲ਼। ਮਲੂਕ-ਕੋਮਲ, ਨਾਜ਼ਕ। ਮਾਯੂਸ-ਨਿਰਾਸ , ਬੇਉਮੀਦ, ਬੇਵੱਸ, ਲਾਚਾਰ। ਕਰੰਗ-ਪਿੰਜਰ, ਹੱਡੀਆਂ ਦਾ ਢਾਂਚਾ। ਆਲਮ-ਸੰਸਾਰ, ਦੁਨੀਆਂ। ਫ਼ਿਜ਼ਾ- ਮਾਹੌਲ, ਵਾਤਾਵਰਨ, ਇਸਰਾਰ-ਹਠ। ਜ਼ਿਦ, ਕਿਸੇ ਗੱਲ 'ਤੇ ਜ਼ੋਰ ਦੇਣ ਦਾ ਭਾਵ। ਮਿਕਦਾਰ-ਮਾਤਰਾ, ਅੰਦਾਜ਼ਾ।

# ਪਾਠ-ਅਭਿਆਸ

### *1. ਵਸਤੂਨਿਸ਼ਠ ਪ੍ਰਸ਼ਨ—*

(ੳ) ਤਨਜ਼ਾਨੀਆ ਦੀ ਰਾਜਧਾਨੀ ਦਾ ਨਾਂ ਦੱਸੋ।

(ਅ) ਮੋਰੋਗੋਰੋ ਤੋਂ ਮਕੁੰਮੀ ਨੈਸ਼ਨਲ ਪਾਰਕ ਕਿੰਨੀ ਦੂਰ ਹੈ ?

Downloaded from https:// www.studiestoday.com

Downloaded from https:// www.studiestoday.com

*ਸਫ਼ਰਨਾਮਾ-ਲੇਖਕ*

# ਗੁਰਬਚਨ ਸਿੰਘ ਭੁੱਲਰ

*(1937)*

| | | |
|---|---|---|
| ਮਾਤਾ ਜੀ ਦਾ ਨਾਂ | : | ਸ੍ਰੀਮਤੀ ਧੰਨ ਕੌਰ |
| ਪਿਤਾ ਜੀ ਦਾ ਨਾਂ | : | ਸ. ਹਜ਼ੂਰਾ ਸਿੰਘ |
| ਜਨਮ-ਮਿਤੀ | : | 18 ਮਾਰਚ, 1937 |
| ਜਨਮ-ਸਥਾਨ | : | ਪਿੰਡ ਪਿੱਥੋ, ਜ਼ਿਲ੍ਹਾ—ਬਠਿੰਡਾ |
| ਵਿੱਦਿਆ | : | ਐੱਮ. ਏ. (ਇਤਿਹਾਸ ਅਤੇ ਰਾਜਨੀਤਿਕ ਸ਼ਾਸਤਰ) |
| ਕਿੱਤਾ | : | ਸੇਵਾ-ਮੁਕਤ ਅਧਿਆਪਕ, ਲੇਖਣ, ਸੰਪਾਦਨ |
| **ਮੁਖ ਰਚਨਾਵਾਂ** | : | ਗੁਰਬਚਨ ਸਿੰਘ ਭੁੱਲਰ ਬਹੁ-ਪੱਖੀ ਸਾਹਿਤਿਕ ਪ੍ਰਤਿਭਾ ਦਾ ਮਾਲਕ ਹੈ। ਉਸਦਾ ਪੰਜਾਬੀ ਸਾਹਿਤ ਵਿੱਚ ਸਨਮਾਨਯੋਗ ਸਥਾਨ ਹੈ। 'ਵਖਤਾਂ ਮਾਰੇ', 'ਮੈਂ ਗਜ਼ਨਵੀਂ ਨਹੀਂ', 'ਦੀਵੇ ਵਾਂਗ ਬਲਦੀ ਅੱਖ' ਆਦਿ ਉਸ ਦੇ ਪ੍ਰਸਿੱਧ ਕਹਾਣੀ-ਸੰਗ੍ਰਹਿ ਪ੍ਰਸਿੱਧ ਹਨ। 'ਆਓ ਅਮਰੀਕਾ ਦਿਖਾਵਾਂ' ਉਹਨਾਂ ਦਾ ਪ੍ਰਸਿੱਧ ਪ੍ਰਾਪਤ ਸਫ਼ਰਨਾਮਾ ਹੈ। ਇਸ ਵਿੱਚੋਂ ਹੀ ਇਹ ਪਾਠ ਲਿਆ ਗਿਆ ਹੈ। ਇਸ ਪਾਠ ਵਿੱਚ ਭੁੱਲਰ ਸਾਹਿਬ ਨੇ ਕੈਲੇਫ਼ੋਰਨੀਆ ਦੇ ਵਿਸ਼ੇਸ਼ ਹਵਾਲੇ ਨਾਲ਼ ਅਮਰੀਕਾ ਅਤੇ ਭਾਰਤ ਵਿੱਚ ਸੜਕਾਂ 'ਤੇ ਚੱਲਣ ਵਾਲ਼ੇ ਨਿਯਮਾਂ ਦਾ ਅੰਤਰ-ਨਿਖੇੜ ਦਰਸਾ ਕੇ ਅਮਰੀਕਾ ਵਿੱਚ ਸੜਕਾਂ ਉੱਤੇ ਚੱਲਣ ਦੇ ਚੰਗੇ ਗੁਣਾਂ ਦੀ ਵਡਿਆਈ ਕੀਤੀ ਹੈ। |



Downloaded from https:// www.studiestoday.com

Downloaded from https:// www.studiestoday.com

## ਅਮਰੀਕਾ ਵਿੱਚ ਸੜਕਾਂ ਉੱਤੇ ਚੱਲਣ ਦਾ ਸੁਚੱਜ

ਅਮਰੀਕਾ ਦੇ ਇਲਾਕੇ ਕੈਲੀਫ਼ੋਰਨੀਆਂ ਵਿੱਚ ਅਸੀਂ ਚਾਰ ਮਹੀਨੇ ਰਹਿਣਾ ਸੀ। ਹਰ ਦੇਸ ਵਿੱਚ ਹੀ ਬਹੁਤ ਕੁਝ ਦੇਖਣ ਵਾਲ਼ਾ ਹੁੰਦਾ ਹੈ। ਅਮਰੀਕਾ ਵਿੱਚ ਵੀ ਦੇਖਣ ਵਾਲ਼ੀਆਂ ਅਣਗਿਣਤ ਥਾਂਵਾਂ ਅਤੇ ਚੀਜ਼ਾਂ ਹਨ। ਉਹ ਦੇਸ ਲੰਮਾ-ਚੌੜਾ ਵੀ ਬਹੁਤ ਹੈ। ਬਾਹਰੋਂ ਜਾ ਕੇ ਚਾਰ ਮਹੀਨਿਆਂ ਵਿੱਚ ਬਹੁਤ ਕੁਝ ਦੇਖਣਾ ਤਾਂ ਸੰਭਵ ਨਹੀਂ ਸੀ। ਅਸੀਂ ਫ਼ੈਸਲਾ ਕੀਤਾ, ਜੋ ਕੁੱਝ ਵੀ ਵੇਖਣ ਨੂੰ ਮਿਲ਼ਿਆ, ਉਹ ਅੱਖਾਂ ਖੁੱਲ੍ਹੀਆਂ ਰੱਖ ਕੇ ਦੇਖਣਾ ਹੈ, ਉਸਨੂੰ ਮਾਣਨਾ ਹੈ, ਉਸਨੂੰ ਸਮਝਣਾ ਹੈ, ਉਸ ਬਾਰੇ ਸੋਚਣਾ ਹੈ। ਅਸੀਂ ਕੋਈ ਵੀ ਥਾਂ, ਕੋਈ ਵੀ ਚੀਜ਼ ਤੁਰਦੀ-ਤੁਰਦੀ ਨਜ਼ਰ ਨਾਲ਼ ਨਹੀਂ ਸੀ ਦੇਖਣੀ। ਸੜਕਾਂ ਦੇ ਸੁਚੱਜ ਵਰਗੀਆਂ ਛੋਟੀਆਂ ਗੱਲਾਂ ਦੇਖਣੀਆਂ ਵੱਧ ਜ਼ਰੂਰੀ ਹੁੰਦੀਆਂ ਹਨ। ਵੱਡੀਆਂ ਗੱਲਾਂ ਆਪਣੀ ਥਾਂ ਵੱਡੀਆਂ ਹੁੰਦੀਆਂ ਹਨ। ਅਸਲ ਵਿੱਚ ਤਾਂ ਅਜਿਹੀਆਂ ਛੋਟੀਆਂ ਦਿਸਦੀਆਂ ਗੱਲਾਂ ਤੋਂ ਹੀ ਕਿਸੇ ਦੇਸ ਦੇ ਜੀਵਨ ਦਾ ਅਤੇ ਲੋਕਾਂ ਦਾ ਪਤਾ ਲੱਗਦਾ ਹੈ।

ਅਮਰੀਕਾ ਰਹਿੰਦੇ ਰਿਸ਼ਤੇਦਾਰਾਂ ਅਤੇ ਦੋਸਤਾਂ ਤੋਂ ਅਸੀਂ ਉਸ ਦੇਸ ਬਾਰੇ ਬੜੀਆਂ ਗੱਲਾਂ ਸੁਣੀਆਂ ਹੋਈਆਂ ਸਨ। ਉਹ ਖ਼ਾਸ ਕਰਕੇ ਉੱਥੋਂ ਦੀਆਂ ਸੜਕਾਂ ਬਾਰੇ ਦੱਸਦੇ। ਉਹਨਾਂ ਦੀ ਹਾਲਤ ਬਾਰੇ ਦੱਸਦੇ। ਉਹਨਾਂ ਉੱਤੇ ਚੱਲਣ ਦੇ ਨੇਮਾਂ ਬਾਰੇ ਦੱਸਦੇ। ਉਹ ਸੜਕ ਰਾਹੀਂ ਸਫ਼ਰ ਕਰਨ ਵਾਲ਼ੇ ਲੋਕਾਂ ਬਾਰੇ ਦੱਸਦੇ। ਉਹ ਦੱਸਦੇ, ਲੋਕ ਇਹਨਾਂ ਨੇਮਾਂ ਦਾ ਕਿਵੇਂ ਪਾਲਣ ਕਰਦੇ ਹਨ। ਉਹਨਾਂ ਦੀਆਂ ਗੱਲਾਂ ਸੁਣ ਕੇ ਹੈਰਾਨੀ ਹੁੰਦੀ—ਲੋਕ ਸੜਕਾਂ ਉੱਤੇ ਇੰਨੇ ਸੁਚੱਜ ਨਾਲ਼ ਵੀ ਸਫ਼ਰ ਕਰ ਸਕਦੇ ਹਨ! ਲੋਕ ਸੜਕ ਦੇ ਨੇਮਾਂ ਦਾ ਇਉਂ ਧਿਆਨ ਵੀ ਰੱਖ ਸਕਦੇ ਹਨ!

ਆਪਣੇ ਦੇਸ ਵਿੱਚ ਲੋਕ ਆਮ ਕਰਕੇ ਨੇਮਾਂ ਦੀ ਪਰਵਾਹ ਨਹੀਂ ਕਰਦੇ। ਇੱਥੇ ਨੇਮ ਮੰਨਣ ਵਾਲ਼ੇ ਨੂੰ ਡਰਪੋਕ ਅਤੇ ਤੋੜਨ ਵਾਲ਼ੇ ਨੂੰ ਦਲੇਰ ਮੰਨਿਆ ਜਾਂਦਾ ਹੈ। ਮੈਂ ਹੈਰਾਨ ਹੋ ਕੇ ਪੁੱਛਦਾ, ਆਪਣੇ ਪੰਜਾਬੀ ਅਤੇ ਹੋਰ ਭਾਰਤੀ ਲੋਕ ਵੀ ਉੱਥੇ ਸੜਕਾਂ ਦੇ ਨੇਮਾਂ ਅਨੁਸਾਰ ਹੀ ਚੱਲਦੇ ਹਨ? ਉਹ ਦੱਸਦੇ, ਹਾਂ ਆਪਣੇ ਲੋਕ ਵੀ ਉੱਥੇ ਕੋਈ ਨੇਮ ਨਹੀਂ ਤੋੜਦੇ। ਇੱਕ ਤਾਂ ਉੱਥੋਂ ਦੇ ਹੋਰ ਸਭ ਲੋਕਾਂ ਨੂੰ ਨੇਮ ਮੰਨਦਿਆਂ ਦੇਖ, ਆਪਣੇ ਲੋਕਾਂ ਨੂੰ ਵੀ ਆਦਤ ਪੈ ਜਾਂਦੀ ਹੈ। ਦੂਜੀ ਗੱਲ, ਉੱਥੇ ਜੁਰਮਾਨੇ ਬਹੁਤ ਭਾਰੀ ਹਨ। ਸਮਝੋ ਕੋਈ ਨੇਮ ਤੋੜੇ ਤਾਂ ਜੇਬ ਹੀ ਖ਼ਾਲੀ ਹੋ ਜਾਂਦੀ ਹੈ। ਹੁਣ ਮੇਰੇ ਵਾਸਤੇ ਇਹ ਸਭ ਕੁਝ ਅੱਖੀਂ ਦੇਖਣ ਦਾ ਸਮਾਂ ਆ ਗਿਆ ਸੀ।

ਕਿਤੇ ਜਾ ਕੇ ਸਭ ਤੋਂ ਪਹਿਲਾਂ ਤਾਂ ਸੜਕਾਂ ਅਤੇ ਸੜਕ-ਸਵਾਰਾਂ ਨਾਲ਼ ਹੀ ਵਾਹ ਪੈਂਦਾ ਹੈ। ਇਸ ਕਰਕੇ ਅਮਰੀਕਾ ਵਿੱਚ ਪੈਰ ਰੱਖਦਿਆਂ ਹੀ ਇਹਨਾਂ ਸਭ ਗੱਲਾਂ ਦਾ ਸੱਚ ਸਾਹਮਣੇ ਆ ਜਾਂਦਾ ਹੈ। ਹੋਇਆ ਵੀ ਇਹੋ। ਮੈਂ ਤੇ ਮੇਰੀ ਜੀਵਨ-ਸਾਥਣ ਗੁਰਚਰਨ ਹਵਾਈ ਅੱਡੇ ਤੋਂ ਬਾਹਰ ਨਿਕਲ਼ੇ ਤਾਂ ਕੁੱਲ ਪੰਜ-ਸੱਤ ਕਾਰਾਂ ਖਲੋਤੀਆਂ ਸਨ। ਅਸਲ ਵਿੱਚ ਤਾਂ ਉਹਨਾਂ ਨੂੰ ਖਲੋਤੀਆਂ ਕਹਿਣਾ ਵੀ ਠੀਕ ਨਹੀਂ। ਕਾਰ ਆਉਂਦੀ, ਕੁਝ ਪਲ ਰੁਕਦੀ ਅਤੇ ਸਵਾਰੀਆਂ ਬਿਠਾ ਕੇ ਝੱਟ ਤੁਰ ਜਾਂਦੀ।

ਅਸੀਂ ਨਜ਼ਰ ਮਾਰੀ, ਸਾਡੀ ਬੇਟੀ ਭਾਵਨਾ ਦੀ ਕਾਰ ਕਿਤੇ ਦਿਖਾਈ ਨਾ ਦਿੱਤੀ। ਸਾਡੇ ਮੋਬਾਈਲ ਫ਼ੋਨ ਨੇ ਤਾਂ ਇੱਥੇ ਕੰਮ ਨਹੀਂ ਸੀ ਕਰਨਾ। ਅਸੀਂ ਕੁਝ ਚਿਰ ਉਡੀਕਿਆ। ਸਾਨੂੰ ਥੋੜ੍ਹੀ ਹੈਰਾਨੀ ਵੀ ਹੋਈ, ਥੋੜ੍ਹਾ ਗ਼ੁੱਸਾ ਵੀ ਆਇਆ। ਭਾਵਨਾ ਨੂੰ ਸਾਡੀ ਉਡੀਕ ਵਿੱਚ ਇੱਥੇ ਕਾਰ ਖੜ੍ਹੀ ਕਰਕੇ ਉਡੀਕਦੀ ਹੋਣਾ ਚਾਹੀਦਾ ਸੀ। ਪੰਜ-ਦਸ ਮਿੰਟ ਉਡੀਕ ਕੇ ਅਸੀਂ ਪਰੇਸ਼ਾਨ ਹੋ ਗਏ। ਮੁਸਾਫ਼ਰਾਂ ਲਈ ਲੱਗੇ ਹੋਏ ਫ਼ੋਨ ਪਿੱਛੇ ਅੱਡੇ ਦੇ ਅੰਦਰ ਰਹਿ ਗਏ ਸਨ। ਭਾਵਨਾ ਨੇ ਕਿਹਾ ਵੀ ਸੀ ਕਿ ਅਸੀਂ ਬਾਹਰ ਆਉਣ ਵੇਲ਼ੇ ਅੰਦਰੋਂ ਫ਼ੋਨ ਕਰ ਲਈਏ। ਅਸੀਂ ਸੋਚਿਆ, ਫ਼ੋਨ ਕੀ ਕਰਨਾ ਹੈ। ਉਹ ਬਾਹਰ ਖੜ੍ਹੀ ਹੀ ਹੋਵੇਗੀ। ਇੱਕ-ਦੂਜੇ ਨੂੰ ਵੇਖ ਲਵਾਂਗੇ। ਆਖ਼ਰ ਉੱਥੇ ਖਲੋਤੇ ਇੱਕ ਪੰਜਾਬੀ ਮੁੰਡੇ ਨੂੰ ਮਜਬੂਰੀ ਦੱਸ ਕੇ ਉਸ ਦਾ ਮੋਬਾਈਲ ਲਿਆ। ਮੈਂ ਪੁੱਛਿਆ, "ਭਾਵਨਾ, ਆਈ ਕਿਉਂ ਨਹੀਂ ?"

ਉਹ ਬੋਲੀ, "ਮੈਂ ਤਾਂ ਕਦੋਂ ਦੀ ਆਈ ਹੋਈ ਹਾਂ। ਪਾਰਕਿੰਗ ਵਿੱਚ ਖੜ੍ਹੀ ਹਾਂ। ਤੁਹਾਡਾ ਫ਼ੋਨ ਉਡੀਕ ਰਹੀ ਸੀ। ਤੁਹਾਨੂੰ ਅੰਦਰੋਂ ਫ਼ੋਨ ਕਰਨ ਨੂੰ ਕਿਹਾ ਸੀ।"

ਅਸੀਂ ਕਾਰ ਵਿੱਚ ਬੈਠੇ ਤਾਂ ਉਹ ਕਹਿਣ ਲੱਗੀ, "ਇੱਥੇ ਕਾਰ ਇਉਂ ਲਿਆ ਕੇ ਖੜ੍ਹੀ ਨਹੀਂ ਕੀਤੀ ਜਾ ਸਕਦੀ। ਜਦੋਂ ਕੋਈ ਬਾਹਰ ਆਉਂਦਾ ਹੈ, ਕਾਰ ਉਹਨੂੰ ਬਿਠਾਉਂਦੀ ਹੈ ਤੇ ਤੁਰ ਜਾਂਦੀ ਹੈ। ਪਹਿਲਾਂ ਜਾਂ ਤਾਂ ਕਾਰ ਨੂੰ ਪਾਰਕਿੰਗ ਵਿੱਚ ਖੜ੍ਹੀ ਕਰੋ ਜਾਂ ਸੜਕਾਂ ਦੇ ਚੱਕਰ ਕੱਟਦੇ ਰਹੋ। ਪਰ ਇੱਥੇ ਖਲੋ ਕੇ ਉਡੀਕ ਨਹੀਂ ਕੀਤੀ ਜਾ ਸਕਦੀ।"

ਪਿਛਲੀ ਸ਼ਾਮ ਜਦੋਂ ਅਸੀਂ ਦਿੱਲੀ ਦੇ ਹਵਾਈ ਅੱਡੇ ਪਹੁੰਚੇ ਸੀ, ਕਾਰਾਂ ਦੀ ਪੂਰੀ ਘੜਮੱਸ ਸੀ। ਆਪਣਿਆਂ ਨੂੰ ਛੱਡਣ ਆਏ ਲੋਕਾਂ ਨੇ ਕਾਰਾਂ ਖੜ੍ਹੀਆਂ ਕੀਤੀਆਂ ਹੋਈਆਂ ਸਨ। ਉਹ ਉਡੀਕ ਰਹੇ ਸਨ ਕਿ ਅੰਦਰ ਜਾ ਕੇ ਉਹ ਸਭ ਕੁਝ ਠੀਕ ਹੋ ਗਿਆ ਹੋਣ



Downloaded from https:// www.studiestoday.com

Downloaded from https:// www.studiestoday.com

ਦਾ ਹੱਥ ਹਿਲਾਉਣ। ਆਪਣਿਆਂ ਨੂੰ ਲੈਣ ਆਏ ਲੋਕਾਂ ਦੀਆਂ ਕਾਰਾਂ ਵੀ ਖੜ੍ਹੀਆਂ ਸਨ। ਉਹ ਬਾਹਰ ਆਉਂਦੀ ਭੀੜ ਵਿੱਚੋਂ ਆਪਣਿਆਂ ਨੂੰ ਭਾਲ਼ ਰਹੇ ਸਨ। ਇਹ ਸਭ ਲੋਕ ਪਾਰਕਿੰਗ ਦੇ ਪੈਸੇ ਨਹੀਂ ਸਨ ਦੇਣਾ ਚਾਹੁੰਦੇ। ਹੱਥਾਂ ਵਿੱਚ ਡੰਡੇ ਫੜੀ ਫਿਰਦੇ ਸਿਪਾਹੀ "ਚਲੋ-ਚਲੋ" ਕਰਦੇ ਫਿਰਦੇ ਸਨ। ਲੋਕ ਐਵੇਂ ਹੀ ਆਖਦੇ, "ਬੱਸ ਜੀ, ਅਹੁ ਆ ਗਏ ਸਾਡੇ ਬੰਦੇ।" ਸਿਪਾਹੀ "ਛੇਤੀ ਬਿਠਾਓ ਤੇ ਨਿਕਲ਼ੋ ਇੱਥੋਂ" ਆਖਦੇ ਅਤੇ ਅੱਗੇ ਨਿਕਲ਼ ਜਾਂਦੇ। ਸਾਨੂੰ ਉੱਤਰਨ ਵਾਸਤੇ ਕਾਰ ਖੜ੍ਹੀ ਕਰਨ ਦੀ ਥਾਂ ਮਸਾਂ ਮਿਲ਼ੀ।

ਭਾਰਤ ਵਿੱਚ ਖੱਬੇ ਹੱਥ ਤੁਰਨ ਦਾ ਨੇਮ ਹੈ। ਉੱਥੇ ਨੇਮ ਸੱਜੇ ਹੱਥ ਤੁਰਨ ਦਾ ਹੈ। ਅਸੀਂ ਬਾਹਰਲੀ ਸੜਕ ਉੱਤੇ ਆਏ ਤਾਂ ਗੱਡੀਆਂ ਲੇਨਾਂ ਵਿੱਚ ਇੱਕ-ਦੂਜੀ ਦੇ ਪਿੱਛੇ ਕੀੜੀਆਂ ਵਾਂਗ ਚੱਲ ਰਹੀਆਂ ਸਨ। ਪਤਾ ਲੱਗਿਆ ਕਿ ਆਵਾਜਾਈ ਵਾਸਤੇ ਉੱਥੇ ਸਾਡੇ ਦੇਸ ਵਾਂਗ ਰੇਲਾਂ-ਬੱਸਾਂ ਨਹੀਂ ਹਨ। ਲੋਕਾਂ ਦਾ ਵੀ ਕਾਰਾਂ ਬਿਨਾਂ ਗੁਜ਼ਾਰਾ ਨਹੀਂ। ਜੇ ਬਿਜਲੀ ਜਾਂ ਪਾਣੀ ਠੀਕ ਕਰਨ ਵਾਲੇ ਨੂੰ ਵੀ ਬੁਲਾਈਏ, ਉਹ ਵੀ ਕਾਰ ਵਿੱਚ ਹੀ ਆਵੇਗਾ। ਇਸ ਕਰਕੇ ਸੜਕਾਂ ਹਰ ਵੇਲ਼ੇ ਕਾਰਾਂ ਨਾਲ਼ ਭਰੀਆਂ ਰਹਿੰਦੀਆਂ ਹਨ।

ਹਵਾਈ ਅੱਡੇ ਤੋਂ ਸਾਡਾ ਘਰ 25 ਮੀਲ ਦੂਰ ਸੀ। ਅਸੀਂ ਕੋਈ ਕਾਰ ਸੱਜੇ-ਖੱਬੇ ਦੀ ਹੋ ਕੇ ਅੱਗੇ ਲੰਘਣ ਦਾ ਯਤਨ ਕਰਦੀ ਨਹੀਂ ਦੇਖੀ। ਪਹਿਲੀ ਗੱਲ ਤਾਂ ਅਜਿਹਾ ਕਰਨ ਵਾਸਤੇ ਥਾਂ ਹੀ ਨਹੀਂ ਮਿਲ਼ਦੀ। ਗੱਡੀਆਂ ਦੀ ਲਾਮ-ਡੋਰੀ ਵਿੱਚ ਕੋਈ ਵਿਰਲ ਨਹੀਂ ਹੁੰਦੀ। ਇਸ ਕਰਕੇ ਇੱਧਰ-ਉੱਧਰ ਲੇਨ ਬਦਲੀ ਨਹੀਂ ਜਾ ਸਕਦੀ। ਨਾਲ਼ੇ ਇਉਂ ਨੇਮ ਤੋੜਨ ਦੀ ਆਗਿਆ ਨਹੀਂ। ਹਰ ਸੜਕ ਉੱਤੇ ਗੱਡੀਆਂ ਦੀ ਰਫ਼ਤਾਰ ਲਿਖੀ ਹੋਈ ਹੁੰਦੀ ਹੈ। ਉਸ ਰਫ਼ਤਾਰ ਤੋਂ ਤੇਜ਼ ਜਾਂ ਸੁਸਤ ਚੱਲਣਾ ਸੰਭਵ ਨਹੀਂ। ਰੇਲ ਦੇ ਡੱਬਿਆਂ ਵਾਂਗ ਸਭ ਕਾਰਾਂ ਇੱਕ-ਦੂਜੀ ਦੇ ਪਿੱਛੇ ਇੱਕੋ ਰਫ਼ਤਾਰ ਨਾਲ਼ ਤੁਰੀਆਂ ਜਾਂਦੀਆਂ ਹਨ। ਸੜਕਾਂ ਉੱਤੇ ਥਾਂ-ਥਾਂ ਕੈਮਰੇ ਲੱਗੇ ਹੋਏ ਹਨ। ਕੋਈ ਨੇਮ ਤੋੜੇ ਤਾਂ ਜੁਰਮਾਨੇ ਦੀ ਪਰਚੀ ਘਰ ਪਹੁੰਚ ਜਾਂਦੀ ਹੈ।

ਇਹਨਾਂ 25 ਮੀਲਾਂ ਵਿੱਚ ਅਸੀਂ ਇੱਕ ਵਾਰ ਵੀ ਹਾਰਨ ਵੱਜਦਾ ਨਹੀਂ ਸੁਣਿਆ। ਹਾਰਨ ਨੂੰ ਸੰਕਟ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ। ਜੇ ਕਿਸੇ ਨੇ ਹਾਰਨ ਵਜਾਇਆ ਹੈ, ਇਸ ਦਾ ਮਤਲਬ ਹੈ, ਉਸਨੂੰ ਕਿਸੇ ਮਦਦ ਦੀ ਲੋੜ ਹੈ। ਆਪਣੇ ਬਹੁਤੇ ਲੋਕ ਹਾਰਨ ਨੂੰ ਗਾਲ਼ ਵਜੋਂ ਵਰਤਦੇ ਹਨ। ਜੇ ਅੱਗੇ ਵਾਲ਼ੇ ਤੋਂ ਮੂਹਰੇ ਨਿਕਲਣਾ ਹੈ ਅਤੇ ਉਹ ਰਾਹ ਨਹੀਂ ਦੇ ਰਿਹਾ, ਲੋਕ ਹੱਥ ਨਾਲ਼ ਹਾਰਨ ਵਜਾਉਂਦੇ ਹਨ ਅਤੇ ਮੂੰਹ ਨਾਲ਼ ਗਾਲ਼ਾਂ ਦਿੰਦੇ ਹਨ। ਸਭ ਤੋਂ ਅਜੀਬ ਗੱਲ ਇਹ ਹੈ ਕਿ ਆਪਣੇ ਲੋਕ ਲਾਲ ਬੱਤੀ ਕੋਲ਼ ਖਲੋਤੇ ਵੀ ਹਾਰਨ ਵਜਾਉਂਦੇ ਰਹਿੰਦੇ ਹਨ। ਉਹ ਅੱਗੇ ਵਾਲ਼ੇ ਨੂੰ ਕਹਿੰਦੇ ਹਨ, ਗੋਲ਼ੀ ਮਾਰ ਲਾਲ ਬੱਤੀ ਨੂੰ, ਲੰਘ ਚੱਲ ਹਿੰਮਤ ਕਰਕੇ। ਭਾਵੇਂ ਇਹ ਹਿੰਮਤ ਦੁਰਘਟਨਾ ਹੀ ਕਰਵਾ ਦੇਵੇ। ਉੱਥੇ ਲੋਕ ਸਮਝਦੇ ਹਨ ਕਿ ਸਭ ਤੋਂ ਅੱਗੇ ਵਾਲ਼ੇ ਨੇ ਵੀ ਉਹਨਾਂ ਵਾਂਗ ਹੀ ਕਿਤੇ ਜਾਣਾ ਹੈ। ਹਰੀ ਬੱਤੀ ਹੋਵੇਗੀ ਤਾਂ ਉਹ ਆਪਣੇ-ਆਪ ਹੀ ਚੱਲ ਪਵੇਗਾ।

ਇੱਕ ਵਾਰ ਤਾਂ ਸਾਨੂੰ ਅਨੋਖਾ ਅਨੁਭਵ ਹੋਇਆ। ਸ਼ਹਿਰ ਤੋਂ ਬਾਹਰ ਇੱਕ ਥਾਂ ਦੋ ਸੜਕਾਂ ਮਿਲ਼ ਕੇ ਇੱਕ ਸੜਕ ਬਣਦੀ ਸੀ। ਕਿਸੇ ਕਾਰਨ ਆਵਾਜਾਈ ਵਿੱਚ ਰੋਕ ਪੈ ਗਈ। ਦੋਂਹਾਂ ਸੜਕਾਂ ਉੱਤੇ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਸਨ। ਅਸੀਂ ਕਤਾਰ ਦੇ ਪਿੱਛੇ ਕਾਰ ਰੋਕੀ ਤਾਂ ਦੇਖਦਿਆਂ-ਦੇਖਦਿਆਂ ਸਾਡੇ ਪਿੱਛੇ ਵੀ ਕਤਾਰ ਲੱਗ ਗਈ। ਉੱਥੇ ਇਹ ਸੰਭਵ ਨਹੀਂ ਕਿ ਭੀੜ ਦੇ ਵਿਚਾਲ਼ੇ ਕਾਰ ਦਾ ਇੰਜਣ ਬੰਦ ਕਰੋ ਅਤੇ ਰੋਕ ਦੇ ਕਾਰਨ ਦਾ ਪਤਾ ਕਰਨ ਲਈ ਢਾਕਾਂ ਉੱਤੇ ਹੱਥ ਰੱਖ ਕੇ ਅੱਗੇ ਜਾ ਖਲੋਵੋ। ਅਸੀਂ ਵੀ ਹੋਰਾਂ ਵਾਂਗ ਸ਼ਾਂਤੀ ਨਾਲ਼ ਕਾਰ ਵਿੱਚ ਬੈਠੇ ਉਡੀਕ ਕਰਨ ਲੱਗੇ। ਇਉਂ ਰੁਕੀ ਆਵਾਜਾਈ ਨੂੰ ਠੀਕ ਕਰਨ ਲਈ ਆਮ ਲਾਲ ਅਤੇ ਹਰੀਆਂ ਬੱਤੀਆਂ ਬੰਦ ਕਰਕੇ ਇੱਕ ਲਾਲ ਬੱਤੀ ਜਗਬੁਝ-ਜਗਬੁਝ ਕਰ ਰਹੀ ਸੀ। ਇਸ ਦਾ ਮਤਲਬ ਸੀ ਕਿ ਇੱਕ ਕਾਰ ਇੱਕ ਸੜਕ ਤੋਂ ਤੁਰੇਗੀ ਅਤੇ ਫੇਰ ਇੱਕ ਕਾਰ ਦੂਜੀ ਸੜਕ ਤੋਂ ਤੁਰੇਗੀ। ਕਮਾਲ ਦੀ ਗੱਲ ਇਹ ਸੀ ਕਿ ਉਸ ਉਜਾੜ ਵਿੱਚ ਵੀ ਇਉਂ ਹੀ ਹੋ ਰਿਹਾ ਸੀ। ਕੋਈ ਵੀ ਕਾਹਲ਼ਾ ਨਹੀਂ ਸੀ ਪੈ ਰਿਹਾ।

ਜੁਰਮਾਨੇ ਬਹੁਤ ਭਾਰੀ ਹਨ। ਇਸ ਕਰਕੇ ਨੇਮ ਤੋੜਨ ਵਾਲ਼ਾ ਡਰ ਮੰਨਦਾ ਹੈ। ਜੁਰਮਾਨੇ ਘੱਟ-ਵੱਧ ਆਵਾਜਾਈ ਅਨੁਸਾਰ ਵੱਖ-ਵੱਖ ਥਾਂਵਾਂ ਉੱਤੇ ਘੱਟ-ਵੱਧ ਹੁੰਦੇ ਹਨ। ਸਾਡਾ ਸ਼ਹਿਰ ਮਾਉਂਟੇਨਵਿਊ ਛੋਟਾ ਜਿਹਾ ਹੈ। ਉੱਥੇ ਲਾਲ ਬੱਤੀ ਦੀ ਉਲੰਘਣਾ ਦਾ ਜੁਰਮਾਨਾ ਕਿਤੇ 281, ਕਿਤੇ 381 ਅਤੇ ਕਿਤੇ 481 ਡਾਲਰ ਸੀ। ਜੇ ਰੁਪਇਆਂ ਵਿੱਚ ਪਲਟ ਕੇ ਦੇਖੀਏ, ਇਹ ਦਸ ਹਜ਼ਾਰਾਂ ਬਣ ਜਾਂਦੇ ਹਨ।

ਉੱਥੇ ਰਹਿੰਦੇ ਮੇਰੇ ਭਤੀਜੇ ਨੇ ਆਪਬੀਤੀ ਦੱਸੀ। ਉਹਨਾਂ ਦਾ ਘਰ ਫ਼ਾਰਮ ਵਿੱਚ ਸੀ। ਉਸ ਨੇ ਨੇੜੇ ਦੇ ਫ਼ਾਰਮ ਵਿੱਚ ਕਿਸੇ ਨੂੰ ਮਿਲਣ ਜਾਣਾ ਸੀ। ਪਿਛਲੀ ਸੀਟ ਉੱਤੇ ਉਸ ਦਾ ਚਾਰ ਕੁ ਸਾਲ ਦਾ ਬੇਟਾ ਬੈਠ ਗਿਆ। ਉਸ ਨੇ ਆਪ ਬੈੱਲਟ ਲਾ ਲਈ ਪਰ ਬੇਟੇ ਨੂੰ ਬੈੱਲਟ ਤੋਂ ਬਿਨਾਂ ਹੀ ਰਹਿਣ ਦਿੱਤਾ। ਫ਼ਾਰਮਾਂ ਵਾਲੀ ਸੜਕ ਉੱਤੇ ਚੱਲ ਕੇ ਨੇੜੇ ਹੀ ਤਾਂ ਜਾਣਾ ਸੀ। ਅਚਾਨਕ ਅੱਗੇ ਸਿਪਾਹੀ ਆ ਗਿਆ। ਸ਼ਾਇਦ ਪਿਛਲੀ ਸੀਟ ਉੱਤੇ ਬੈਠਾ ਬੱਚਾ ਉਸ ਦੀ ਨਜ਼ਰ ਹੀ ਨਾ ਪੈਂਦਾ। ਸਬੱਬ ਨਾਲ਼ ਐਨ ਉਸੇ ਮੌਕੇ ਕੋਈ ਗੱਲ ਕਰਨ



Downloaded from https:// www.studiestoday.com

Downloaded from https:// www.studiestoday.com

ਵਾਸਤੇ ਉਸਨੇ ਅਗਲੀਆਂ ਦੋਂਹਾਂ ਸੀਟਾਂ ਵਿਚਕਾਰ ਸਿਰ ਕੱਢ ਲਿਆ। ਸਿਪਾਹੀ ਨੇ ਇਸ਼ਾਰਾ ਕਰਕੇ ਕਾਰ ਰੋਕ ਲਈ। ਮੇਰੇ ਭਤੀਜੇ ਨੇ ਮਿੰਨਤਾਂ ਵੀ ਕੀਤੀਆਂ ਅਤੇ ਬਹਾਨੇ ਵੀ ਬਣਾਏ। ਉਸਨੇ ਕਿਹਾ, ਇਹ ਤਾਂ ਫ਼ਾਰਮਾਂ ਵਿਚਲੀ ਸੜਕ ਹੈ, ਕੋਈ ਆਮ ਆਵਾਜਾਈ ਤਾਂ ਇੱਥੇ ਹੈ ਨਹੀਂ। ਇਹ ਦਲੀਲ ਵੀ ਦਿੱਤੀ ਕਿ ਕੋਈ ਬਹੁਤੀ ਦੂਰ ਨਹੀਂ ਜਾਣਾ। ਆਖ਼ਰ ਉਸਨੇ ਗ਼ਲਤੀ ਮੰਨੀ, ਮੈਥੋਂ ਭੁੱਲ ਹੋ ਗਈ। ਇਸ ਵਾਰ ਮਾਫ਼ ਕਰ ਦਿਓ, ਅੱਗੇ ਤੋਂ ਲਾਪਰਵਾਹੀ ਨਹੀਂ ਕਰਦਾ। ਸਭ ਕੁਝ ਅਣਸੁਣਿਆ ਕਰਕੇ ਸਿਪਾਹੀ ਨੇ 400 ਡਾਲਰ ਜੁਰਮਾਨੇ ਦੀ ਪਰਚੀ ਫੜਾ ਦਿੱਤੀ।

ਉੱਥੇ ਸਿਪਾਹੀ ਨੂੰ ਲਾਲਚ ਵੀ ਨਹੀਂ ਦਿੱਤਾ ਜਾ ਸਕਦਾ। ਕੋਈ ਇਹ ਨਹੀਂ ਕਹਿੰਦਾ ਕਿ ਅੱਧੋ-ਅੱਧ ਕਰ ਲੈਂਦੇ ਹਾਂ। ਤੂੰ ਪਰਚੀ ਨਾ ਕੱਟ, 400 ਦੀ ਥਾਂ 200 ਡਾਲਰ ਲੈ ਕੇ ਜੇਬ ਵਿੱਚ ਪਾ ਲੈ। ਉਲਟਾ ਤੁਹਾਡੇ ਉੱਤੇ ਰਿਸ਼ਵਤ ਦੇਣ ਦਾ ਦੋਸ਼ ਲਾ ਕੇ ਨਵੀਂ ਅਤੇ ਵੱਡੀ ਮੁਸੀਬਤ ਖੜ੍ਹੀ ਕਰ ਸਕਦਾ ਹੈ। ਉੱਥੇ ਇਉਂ ਰਿਸ਼ਵਤ ਲੈਣ-ਦੇਣ ਦਾ ਰਿਵਾਜ ਹੈ ਹੀ ਨਹੀਂ। ਨਾ ਕੋਈ ਰਿਸ਼ਵਤ ਦੇਣ ਦੀ ਹਿੰਮਤ ਕਰਦਾ ਹੈ ਅਤੇ ਨਾ ਕੋਈ ਲੈਣ ਦੀ।

ਸ਼ਹਿਰਾਂ ਤੋਂ ਬਾਹਰ ਜੇ ਕੋਈ ਵਿਰਲੇ-ਟਾਂਵੇਂ ਰਾਹੀਆਂ ਵਾਲ਼ੀ ਪਗਡੰਡੀ ਸੜਕ ਨੂੰ ਪਾਰ ਕਰਦੀ ਹੈ, ਉੱਥੇ ਸਟਾਪ ਲਿਖਿਆ ਹੁੰਦਾ ਹੈ। ਹਰ ਕੋਈ ਉੱਥੇ ਕਾਰ ਹੌਲ਼ੀ ਕਰਦਾ ਹੈ, ਦੋਵੇਂ ਪਾਸੇ ਦੇਖਦਾ ਹੈ ਅਤੇ ਫੇਰ ਲੰਘਦਾ ਹੈ। ਭਾਵਨਾ ਨੇ ਇਉਂ ਕੀਤਾ ਤਾਂ ਮੈਂ ਕਿਹਾ, ਇੱਥੇ ਕੋਈ ਲੰਘਣ ਵਾਲ਼ਾ ਤਾਂ ਹੈ ਨਹੀਂ, ਫੇਰ ਹੌਲ਼ੀ ਹੋਣ ਦੀ ਕੀ ਲੋੜ ? ਉਹਨੇ ਦੱਸਿਆ, ਇੱਥੇ ਸਭ ਦੀ ਇਹ ਆਦਤ ਹੀ ਬਣ ਜਾਂਦੀ ਹੈ, ਲੋਕ ਕਾਰ ਹੌਲ਼ੀ ਕਰਦੇ ਹੀ ਕਰਦੇ ਹਨ।

ਕਈ ਥਾਂ ਸੜਕ ਦੇ ਕਿਨਾਰੇ ਹਿਰਨ, ਖ਼ਰਗੋਸ਼ ਜਿਹੇ ਕਿਸੇ ਜਾਨਵਰ ਦੀ ਤਸਵੀਰ ਹੇਠ ਕੁਝ ਮੀਲ ਲਿਖੇ ਹੁੰਦੇ ਹਨ। ਇਸਦਾ ਮਤਲਬ ਹੁੰਦਾ ਹੈ, ਅੱਗੇ ਐਨੇ ਮੀਲ ਸੜਕ ਉੱਤੇ ਕੋਈ ਜਾਨਵਰ ਹੋ ਸਕਦਾ ਹੈ, ਕਿਤੇ ਉਹ ਕਾਰ ਹੇਠ ਨਾ ਆ ਜਾਵੇ। ਇਸ ਟੋਟੇ ਉੱਤੇ ਸਭ ਲੋਕ ਕਾਰਾਂ ਨੂੰ ਹੌਲ਼ੀ ਕਰਕੇ ਚੱਲਦੇ ਹਨ।

ਇੱਕ ਗੱਲ ਨੇ ਤਾਂ ਸਾਨੂੰ ਸਭ ਤੋਂ ਵੱਧ ਹੈਰਾਨ ਕੀਤਾ। ਚਾਰ ਮਹੀਨਿਆਂ ਦੇ ਹਜ਼ਾਰਾਂ ਮੀਲ ਦੇ ਸਫ਼ਰ ਵਿੱਚ ਅਸੀਂ ਇੱਕ ਵੀ ਲਾਲ ਬੱਤੀ ਵਾਲ਼ੀ ਕਾਰ ਨਹੀਂ ਦੇਖੀ। ਉੱਥੇ ਮੰਤਰੀ, ਸਾਂਸਦ, ਵਿਧਾਇਕ ਆਮ ਲੋਕਾਂ ਵਾਂਗ ਹੀ ਬਾਹਰ ਨਿਕਲ਼ਦੇ ਹਨ। ਉਹਨਾਂ ਨੂੰ ਸਰਕਾਰ ਕੋਠੀ, ਨੌਕਰ-ਚਾਕਰ, ਫ਼ੋਨ, ਬਿਜਲੀ, ਪਾਣੀ ਆਦਿ ਕੁਝ ਵੀ ਮੁਫ਼ਤ ਨਹੀਂ ਦਿੰਦੀ। ਉਹ ਆਪਣੇ ਘਰਾਂ ਵਿੱਚ ਰਹਿੰਦੇ ਹਨ। ਕਾਰ ਵੀ ਉਹਨਾਂ ਦੀ ਆਪਣੀ ਹੁੰਦੀ ਹੈ। ਉਸ ਨੂੰ ਉਹ ਚਲਾਉਂਦੇ ਵੀ ਆਪ ਹੀ ਹਨ। ਨਾ ਉਸ ਉੱਤੇ ਲਾਲ ਬੱਤੀ ਹੁੰਦੀ ਹੈ ਅਤੇ ਨਾ ਪਾਂ-ਪਾਂ ਕਰਦਾ ਹੂਟਰ ਹੁੰਦਾ ਹੈ। ਉਹਨਾਂ ਕਾਰਨ ਆਮ ਲੋਕਾਂ ਦੀ ਆਵਾਜਾਈ ਵਿੱਚ ਕੋਈ ਵਿਘਨ ਨਹੀਂ ਪੈਂਦਾ। ਲੋਕ ਅਜਿਹੇ ਵਿਘਨ ਦਾ ਰੋਸ ਕਰਦੇ ਹਨ। ਸਾਡੇ ਨੇੜੇ ਦੇ ਇੱਕ ਸ਼ਹਿਰ ਵਿੱਚ ਉਸ ਸਮੇਂ ਦੇ ਰਾਸ਼ਟਰਪਤੀ ਬੁਸ਼ ਨੇ ਆਉਣਾ ਸੀ। ਹਵਾਈ ਅੱਡੇ ਤੋਂ ਉਸ ਸ਼ਹਿਰ ਤੱਕ ਉਹਨੇ ਕਾਰ ਵਿੱਚ ਜਾਣਾ ਸੀ। ਸੁਰੱਖਿਆ ਦੇ ਪੱਖੋਂ ਰਾਸ਼ਟਰਪਤੀ ਦੇ ਲੰਘਣ ਵੇਲ਼ੇ ਤਾਂ ਆਵਾਜਾਈ ਉੱਤੇ ਕੁਝ ਰੋਕਾਂ ਲੱਗਦੀਆਂ ਹੀ ਹਨ। ਸਭ ਲੋਕ ਕਹਿ ਰਹੇ ਸਨ, 'ਹੈਲੀਕਾਪਟਰ ਵਿੱਚ ਜਾਵੇ, ਸਾਡਾ ਕੰਮ-ਕਾਰ ਲਈ ਜਾਂਦਿਆਂ ਦਾ ਰਾਹ ਕਿਉਂ ਰੋਕਦਾ ਹੈ ?'

ਕਾਰ ਵਿੱਚ ਸਫ਼ਰ ਕਰਦਿਆਂ ਕੋਈ ਕੁਝ ਵੀ ਬਾਹਰ ਨਹੀਂ ਸੁੱਟਦਾ। ਲੋਕ ਕੁਝ ਖਾ-ਪੀ ਕੇ ਖ਼ਾਲੀ ਲਿਫ਼ਾਫ਼ਾ, ਖ਼ਾਲੀ ਬੋਤਲ, ਕਾਗ਼ਜ਼ ਦੀ ਪਲੇਟ, ਪਲਾਸਟਿਕ ਦਾ ਗਲਾਸ ਆਦਿ ਕਾਰ ਦਾ ਸ਼ੀਸ਼ਾ ਖੋਲ੍ਹ ਕੇ ਬਾਹਰ ਨਹੀਂ ਵਗਾਹੁੰਦੇ। ਬਾਹਰ ਖੇਤਾਂ, ਜੰਗਲ਼ਾਂ ਅਤੇ ਉਜਾੜ ਵਿੱਚ ਲੰਘਦਿਆਂ ਵੀ ਸੜਕ ਉੱਤੇ ਕਿਸੇ ਦਾ ਸੁੱਟਿਆ ਕੁਝ ਨਜ਼ਰ ਨਹੀਂ ਪੈਂਦਾ। ਜੇ ਕੋਈ ਇਉਂ ਕੁਝ ਸੁੱਟੇ, ਬਹੁਤ ਭਾਰੀ ਜੁਰਮਾਨਾ ਹੁੰਦਾ ਹੈ। ਟ੍ਰੱਕ ਵੀ ਦੂਜਿਆਂ ਲਈ ਕੋਈ ਮੁਸੀਬਤ ਖੜ੍ਹੀ ਨਹੀਂ ਕਰਦੇ। ਉਹ ਦੱਸੀ ਹੋਈ ਰਫ਼ਤਾਰ ਨਾਲ਼ ਆਪਣੀ ਲੇਨ ਵਿੱਚ ਸ਼ਾਂਤ ਤੁਰੇ ਜਾਂਦੇ ਹਨ। ਉੱਥੇ ਪੂਰਾ ਸਮਾਨ ਟ੍ਰੱਕ ਦੇ ਅੰਦਰ ਹੀ ਬੰਦ ਹੁੰਦਾ ਹੈ। ਆਪਣੇ ਵਾਂਗ ਪੱਲੀਆਂ ਬੰਨ੍ਹ ਕੇ ਟ੍ਰੱਕ ਨੂੰ ਚਾਰ-ਚੁਫੇਰੇ ਬਾਹਰ ਤੱਕ ਤੂੜੀ ਜਾਂ ਕਪਾਹ ਲੱਦਣਾ ਤਾਂ ਉੱਥੇ ਸੰਭਵ ਹੀ ਨਹੀਂ। ਜੇ ਸਮਾਨ ਵੱਡਾ ਹੈ, ਵੱਡੇ ਟ੍ਰੱਕ ਵਿੱਚ ਲੱਦੋ। ਅਜਿਹਾ ਵੱਡਾ ਟ੍ਰੱਕ ਸਮਾਨ ਭਰ ਕੇ ਆਮ ਟ੍ਰੱਕ ਵਾਂਗ ਹੀ ਨਹੀਂ ਤੁਰ ਸਕਦਾ। ਵੱਧ ਲੰਬਾਈ ਅਤੇ ਚੁੜਾਈ ਵਾਲ਼ੇ ਇਸ ਟ੍ਰੱਕ ਨੂੰ ਕੋਈ ਆਮ ਟ੍ਰੱਕ ਸਮਝਣ ਦਾ ਭੁਲੇਖਾ ਵੀ ਖਾ ਸਕਦਾ ਹੈ। ਇਉਂ ਉਹ ਉਸ ਨਾਲ਼ ਟਕਰਾ ਵੀ ਸਕਦਾ ਹੈ। ਇਸ ਕਰਕੇ ਅਜਿਹੇ ਟ੍ਰੱਕ ਦਾ ਆਕਾਰ ਵੱਡਾ ਹੋਣ ਦੀ ਸੂਚਨਾ ਵੱਡੇ ਅੱਖਰਾਂ ਵਿੱਚ ਲਿਖੀ ਹੋਈ ਹੁੰਦੀ ਹੈ। ਟ੍ਰੱਕ ਵਾਸਤੇ ਮਿਥੇ ਹੋਏ ਨਾਲ਼ੋਂ ਕੁਝ ਕਿੱਲੋ ਭਾਰ ਲੱਦਣ ਦੀ ਵੀ ਆਗਿਆ ਨਹੀਂ। ਇਹ ਵੱਧ ਕਿੱਲੋ ਰਾਹ ਵਿੱਚ ਪੜਤਾਲ ਸਮੇਂ ਸੁੱਟਣੇ ਹੀ ਪੈਂਦੇ ਹਨ।

ਸੜਕਾਂ ਉੱਤੇ ਸਕੂਲੀ ਬੱਚਿਆਂ ਵਾਲ਼ੀਆਂ ਬੱਸਾਂ ਦੀ ਸਰਦਾਰੀ ਹੈ। ਬੱਚਿਆਂ ਨੂੰ ਚੜ੍ਹਾਉਣ ਜਾਂ ਉਤਾਰਨ ਵੇਲ਼ੇ ਦੁਰਘਟਨਾ ਦਾ ਕੋਈ ਡਰ ਨਹੀਂ ਹੁੰਦਾ। ਜਿਉਂ ਹੀ ਆਪਣੇ ਰੁਕਣ ਵਾਲੀ ਥਾਂ ਉੱਤੇ ਆ ਖਲੋਤੀ ਬੱਸ ਦਾ ਦਰਵਾਜ਼ਾ ਖੁੱਲ੍ਹਦਾ ਹੈ, ਉਸ ਉੱਤੇ



Downloaded from https:// www.studiestoday.com

Downloaded from https:// www.studiestoday.com

ਲਿਖਿਆ 'ਸਟਾਪ' ਦਿਸਣ ਲੱਗਦਾ ਹੈ। ਬਾਕੀ ਸਭ ਗੱਡੀਆਂ ਇਕਦਮ ਰੁਕ ਜਾਂਦੀਆਂ ਹਨ। ਸਕੂਲ-ਬੱਸ ਜਦੋਂ ਦਰਵਾਜ਼ਾ ਬੰਦ ਕਰਕੇ ਤੁਰ ਪੈਂਦੀ ਹੈ, ਰੁਕੇ ਹੋਏ ਲੋਕ ਫੇਰ ਹੀ ਤੁਰਦੇ ਹਨ। ਇਉਂ ਹੀ ਐਂਬੂਲੈਂਸਾਂ ਅਤੇ ਅੱਗ-ਬੁਝਾਊ ਗੱਡੀਆਂ ਨੂੰ ਹਰ ਕੋਈ ਛੇਤੀ ਤੋਂ ਛੇਤੀ ਰਾਹ ਦੇਣ ਦਾ ਜਤਨ ਕਰਦਾ ਹੈ।

ਪੈਦਲ ਚੱਲਣ ਵਾਲ਼ਿਆਂ ਨੂੰ ਵੀ ਪਹਿਲ ਦਿੱਤੀ ਜਾਂਦੀ ਹੈ। ਜਿੱਥੇ ਸੜਕ ਵਿੱਚੋਂ ਘੱਟ ਆਵਾਜਾਈ ਵਾਲ਼ੀ ਕੋਈ ਛੋਟੀ ਸੜਕ ਪਾਟਦੀ ਹੈ, ਉੱਥੇ ਬੱਤੀਆਂ ਨਹੀਂ ਹੁੰਦੀਆਂ। ਪੈਦਲਾਂ ਦੇ ਲੰਘਣ ਲਈ 'ਜ਼ੈਬਰਾ-ਕ੍ਰਾਸਿੰਗ' ਬਣਿਆ ਹੁੰਦਾ ਹੈ। ਪੈਦਲ ਨੂੰ ਖਲੋ ਕੇ ਸੜਕ ਵਿਹਲੀ ਮਿਲਣ ਦੀ ਉਡੀਕ ਨਹੀਂ ਕਰਨੀ ਪੈਂਦੀ। ਉੱਥੇ ਆ ਕੇ ਕਾਰਾਂ ਦੀ ਰਫ਼ਤਾਰ ਪਹਿਲਾਂ ਹੀ ਆਪੇ ਬਹੁਤ ਘੱਟ ਕਰ ਲਈ ਗਈ ਹੁੰਦੀ ਹੈ। ਜਿਉਂ ਹੀ ਕੋਈ ਪੈਦਲ 'ਜ਼ੈਬਰਾ-ਕ੍ਰਾਸਿੰਗ' ਉੱਤੇ ਪੈਰ ਰੱਖਦਾ ਹੈ, ਦੋਹੀਂ ਪਾਸੀਂ ਸਭ ਕਾਰਾਂ ਰੁਕ ਜਾਂਦੀਆਂ ਹਨ। ਮੇਰੇ ਮਨ ਵਿੱਚ ਤਾਂ ਇੱਥੋਂ ਦਾ ਡਰ ਬੈਠਾ ਹੋਇਆ ਸੀ। ਪਹਿਲਾਂ-ਪਹਿਲ ਮੈਂ ਪੈਰ ਅੱਗੇ ਕਰਦਾ ਪਰ ਕਾਰ ਆਉਂਦੀ ਦੇਖ ਕਾਹਲ਼ੀ ਨਾਲ਼ ਪਿੱਛੇ ਹਟ ਜਾਂਦਾ। ਮੈਂ ਕਾਰ ਨੂੰ ਲੰਘਣ ਲਈ ਆਖਦਾ। ਇਹ ਵੀ ਨਹੀਂ ਹੁੰਦਾ ਕਿ ਪੈਦਲ ਦੇ ਅੱਗੇ ਜਾਂ ਪਿੱਛੇ ਲੰਘਣ ਜੋਗੀ ਥਾਂ ਦੇਖ ਕੇ ਕੋਈ ਕਾਰ ਫੁਰਰ ਕਰਦੀ ਲੰਘ ਜਾਵੇ। ਜਿੰਨਾ ਚਿਰ ਪੈਦਲ ਆਦਮੀ ਸੜਕ ਪਾਰ ਨਹੀਂ ਕਰਦਾ, ਕਾਰਾਂ ਤੁਰਦੀਆਂ ਨਹੀਂ।

ਰਾਤ ਨੂੰ ਸਫ਼ਰ ਕਰਦਿਆਂ ਵੀ ਡਰ ਨਹੀਂ ਲੱਗਦਾ। ਅਸੀਂ ਸਮੇਂ ਦੀ ਵੱਧ ਤੋਂ ਵੱਧ ਵਰਤੋਂ ਕਰਨ ਲਈ ਰਾਤਾਂ ਨੂੰ ਸੈਂਕੜੇ ਮੀਲ ਲੰਮਾ ਸਫ਼ਰ ਕੀਤਾ। ਭਾਵਨਾ ਦਾ ਕੰਮ-ਹਫ਼ਤਾ ਖ਼ਤਮ ਹੋਏ ਤੋਂ ਅਸੀਂ ਸ਼ੁੱਕਰਵਾਰ ਦੀ ਸ਼ਾਮ ਨੂੰ ਚੱਲ ਪੈਂਦੇ। ਇਉਂ ਨਵੀਂ ਥਾਂ ਦੇਖਣ ਵਾਸਤੇ ਸਾਨੂੰ ਸਨਿੱਚਰਵਾਰ ਅਤੇ ਐਤਵਾਰ ਦੇ ਦੋ ਦਿਨ ਮਿਲ਼ ਜਾਂਦੇ। ਐਤਵਾਰ ਦੀ ਸ਼ਾਮ ਅਸੀਂ ਵਾਪਸ ਚੱਲ ਕੇ ਫੇਰ ਰਾਤ ਦਾ ਹੀ ਸਫ਼ਰ ਕਰਦੇ। ਸੋਮਵਾਰ ਭਾਵਨਾ ਦਫ਼ਤਰ ਚਲੀ ਜਾਂਦੀ। ਉੱਥੇ ਹਰ ਕਿਸੇ ਨੇ ਕਾਰ ਵਿੱਚ ਹੀ ਆਉਣਾ-ਜਾਣਾ ਹੁੰਦਾ ਹੈ। ਇਸ ਕਰਕੇ ਰਾਤਾਂ ਨੂੰ ਇਕੱਲੀਆਂ ਕੁੜੀਆਂ ਆਮ ਹੀ ਕਾਰ ਦਾ ਸਫ਼ਰ ਕਰਦੀਆਂ ਦਿਸਦੀਆਂ ਹਨ। ਕਾਰਾਂ ਦੀ ਆਵਾਜਾਈ ਤਾਂ ਹੁੰਦੀ ਹੀ ਹੈ, ਸੜਕਾਂ ਵਾਲ਼ੀ ਪੁਲਿਸ ਵੀ ਘੁੰਮਦੀ ਰਹਿੰਦੀ ਹੈ।

ਸਫ਼ਰ ਕਰਦਿਆਂ ਜੇ ਕੋਈ ਸੰਕਟ ਬਣ ਜਾਵੇ, ਮਦਦ ਲਈ 911 ਨੰਬਰ 'ਤੇ ਫ਼ੋਨ ਕੀਤਾ ਜਾ ਸਕਦਾ ਹੈ। ਜੇ ਕੋਲ਼ ਫ਼ੋਨ ਨਹੀਂ, ਸੜਕ ਉੱਤੇ ਥੋੜ੍ਹੀ-ਥੋੜ੍ਹੀ ਦੂਰ ਲੱਗੇ ਹੋਏ 'ਕਾਲ-ਬਾਕਸ' ਤੋਂ ਸੌਖਿਆਂ ਹੀ ਫ਼ੋਨ ਹੋ ਜਾਂਦਾ ਹੈ। ਮਦਦ ਛੇਤੀ ਤੋਂ ਛੇਤੀ, ਕੁਝ ਹੀ ਮਿੰਟਾਂ ਵਿੱਚ ਆ ਬਹੁੜਦੀ ਹੈ।

ਲੋਕ ਸੜਕਾਂ 'ਤੇ ਨੇਮ ਪਾਲ਼ਦੇ ਹਨ ਅਤੇ ਸੜਕਾਂ ਦਾ ਸਫ਼ਰ ਸੁਰੱਖਿਅਤ ਹੈ। ਇਸੇ ਕਰਕੇ ਉੱਥੇ ਸਫ਼ਰ ਲਈ ਨਿਕਲਦਿਆਂ ਕੋਈ ਫ਼ਿਕਰ ਜਾਂ ਡਰ ਨਹੀਂ ਹੁੰਦਾ। ਆਪਣੀ ਅਜ਼ਾਦੀ ਦੀ ਲੜਾਈ ਦੇ ਇੱਕ ਆਗੂ ਨੇ ਕਿਹਾ ਸੀ, ਜਦੋਂ ਅਸੀਂ ਰੇਲ ਦੀਆਂ ਟਿਕਟਾਂ ਲੈਣ ਵਾਸਤੇ ਕਤਾਰ ਲਾਉਣ ਲੱਗ ਪਏ, ਅੰਗਰੇਜ਼ ਨਿਕਲ਼ ਜਾਣਗੇ। ਅੰਗਰੇਜ਼ਾਂ ਨੇ ਕਤਾਰ ਤੋਂ ਡਰ ਕੇ ਨਹੀਂ ਸੀ ਭੱਜਣਾ। ਇਸ ਦਾ ਮਤਲਬ ਸੀ, ਜਦੋਂ ਕਿਸੇ ਦੇਸ ਦੇ ਲੋਕਾਂ ਵਿੱਚ ਅਨੁਸ਼ਾਸਨ ਪੈਦਾ ਹੋ ਜਾਵੇ, ਉਹਨਾਂ ਨੂੰ ਗ਼ੁਲਾਮ ਨਹੀਂ ਰੱਖਿਆ ਜਾ ਸਕਦਾ। ਕੈਲੇਫ਼ੋਰਨੀਆਂ ਦੀ ਆਵਾਜਾਈ ਦੇਖ ਕੇ ਮੈਨੂੰ ਇਹ ਗੱਲ ਯਾਦ ਆਉਂਦੀ। ਮੈਂ ਸੋਚਦਾ, ਜਿਸ ਦਿਨ ਸਾਡੇ ਲੋਕ ਸੜਕਾਂ ਦੇ ਸਫ਼ਰ ਦਾ ਸੁਚੱਜ ਸਿੱਖ ਗਏ, ਉਹਨਾਂ ਨੂੰ ਤਰੱਕੀ ਦੇ ਸਿਖਰ ਪਹੁੰਚਣ ਤੋਂ ਕੋਈ ਨਹੀਂ ਰੋਕ ਸਕਦਾ।

**ਇਸ ਪਾਠ ਵਿਚ ਆਏ ਨਾਂ, ਥਾਂ ਅਤੇ ਵਿਸ਼ੇਸ਼-ਸ਼ਬਦ—**

(ੳ) **ਨਾਂ, ਥਾਂ—**ਭਾਵਨਾ—ਲੇਖਕ ਦੀ ਬੇਟੀ, ਲੇਖਕ—ਗੁਰਬਚਨ ਸਿੰਘ ਭੁੱਲਰ, ਗੁਰਚਰਨ—ਲੇਖਕ ਦੀ ਪਤਨੀ, ਕੈਲੇਫ਼ੋਰਨੀਆ, ਮਾਊਂਟੇਨਵਿਊ।

(ਅ) **ਵਿਸ਼ੇਸ਼ ਸ਼ਬਦ—**ਪਾਰਕਿੰਗ—ਕਾਰਾਂ ਨੂੰ ਖਲ੍ਹਾਰਨ ਵਾਲੀ ਥਾਂ, ਭਾਲ਼ ਰਹੇ—ਲੱਭ ਰਹੇ, ਘੜਮੱਸ—ਭੀੜ, ਨੇਮ-ਨਿਯਮ, "ਚਲੋ-ਚਲੋ"—ਅਗਾਂਹ ਜਾਓ, ਅਨੋਖਾ—ਵੱਖਰੀ ਕਿਸਮ ਦਾ, ਅਜੀਬ, ਪਗ-ਡੰਡੀ—ਪੈਦਲ ਤੁਰਨ ਵਾਲ਼ਾ ਰਸਤਾ, ਰਫ਼ਤਾਰ—ਚੱਲਣ ਦੀ ਗਤੀ, ਲੱਦੋ—ਭਰੋ, ਚੜ੍ਹਾਓ, ਲਾਮ-ਡੋਰੀ—ਲੰਮੀ ਕਤਾਰ।

## ਪਾਠ-ਅਭਿਆਸ

### 1. ਵਸਤੂਨਿਸ਼ਠ ਪ੍ਰਸ਼ਨ—

(ੳ) ਲੇਖਕ ਨੇ ਅਮਰੀਕਾ ਦੇ ਇਲਾਕੇ ਕੈਲੇਫ਼ੋਰਨੀਆਂ ਵਿੱਚ ਕਿੰਨਾ ਸਮਾਂ ਰਹਿਣਾ ਸੀ ?

(ਅ) ਅਮਰੀਕਾ ਵਿੱਚ ਰਹਿੰਦੇ ਲੇਖਕ ਦੇ ਭਤੀਜੇ ਨੂੰ ਬੱਚੇ ਦੇ ਬੈੱਲਟ ਨਾ ਲਾਉਣ ਕਾਰਨ ਕਿੰਨਾ ਜੁਰਮਾਨਾ ਅਦਾ ਕਰਨਾ ਪਿਆ ?



Downloaded from https:// www.studiestoday.com

Downloaded from https:// www.studiestoday.com

(ਏ) ਭਾਰਤ ਵਿੱਚ ਲੋਕ ਕਿਸ ਗੱਲ ਦੀ ਪਰਵਾਹ ਨਹੀਂ ਕਰਦੇ ?

(ਸ) ਲੇਖਕ ਅਤੇ ਉਸਦੀ ਜੀਵਨ-ਸਾਥਣ ਜਦੋਂ ਹਵਾਈ ਅੱਡੇ ਤੋਂ ਬਾਹਰ ਨਿਕਲ਼ੇ ਤਾਂ ਕੁੱਲ ਕਿੰਨੀਆਂ ਕਾਰਾਂ ਖਲੋਤੀਆਂ ਸਨ ?

(ਹ) ਹਵਾਈ ਅੱਡੇ ਤੋਂ ਬਾਹਰ ਆਉਂਦਿਆਂ ਲੇਖਕ ਨੂੰ ਕੌਣ ਲੈਣ ਆਇਆ ?

(ਕ) ਭਾਰਤ ਵਿੱਚ ਕਿਹੜੇ ਹੱਥ ਤੁਰਨ ਦਾ ਨੇਮ ਹੈ ?

(ਖ) ਅਮਰੀਕਾ ਦੇ ਹਵਾਈ ਅੱਡੇ ਤੋਂ ਲੇਖਕ ਦਾ ਘਰ ਕਿੰਨੀ ਕੁ ਦੂਰ ਸੀ ?

(ਗ) ਅਮਰੀਕਾ ਦੀਆਂ ਸੜਕਾਂ ਉੱਪਰ ਕਿਹੜੀਆਂ ਬੱਸਾਂ ਦੀ ਸਰਦਾਰੀ ਹੈ ?

(ਘ) ਅਮਰੀਕਾ ਵਿੱਚ ਹਾਰਨ ਨੂੰ ਕਿਸ ਗੱਲ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ ?

(ਙ) ਅਮਰੀਕਾ ਵਿੱਚ ਨੇਮ ਤੋੜਨ ਵਾਲ਼ਾ ਕਿਸ ਗੱਲ ਦਾ ਡਰ ਮੰਨਦਾ ਸੀ ?

(ਚ) ਅਮਰੀਕਾ ਦੀਆਂ ਸੜਕਾਂ ਦੇ ਕਿਨਾਰੇ ਹਿਰਨ, ਖ਼ਰਗੋਸ਼ ਜਾਂ ਕਿਸੇ ਜਾਨਵਰ ਦੀ ਤਸਵੀਰ ਹੇਠ ਕੀ ਲਿਖਿਆ ਹੁੰਦਾ ਹੈ ?

## 2. ਦੱਸੋ—

(ੳ) ਲੇਖਕ ਅਨੁਸਾਰ ਭਾਰਤ ਅਤੇ ਅਮਰੀਕਾ ਵਿੱਚ ਸੜਕਾਂ ਉੱਤੇ ਚੱਲਣ ਦੇ ਨਿਯਮਾਂ ਵਿੱਚ ਕਿੰਨਾ ਕੁ ਅੰਤਰ ਹੈ ? ਆਪਣੇ ਸ਼ਬਦਾਂ ਵਿੱਚ ਲਿਖੋ।

(ਅ) ਅਮਰੀਕਾ ਵਿੱਚ ਰਹਿੰਦੇ ਲੇਖਕ ਦੇ ਭਤੀਜੇ ਨੇ ਕਿਹੜੀ ਆਪਬੀਤੀ ਘਟਨਾ ਸੁਣਾਈ ?

(ੲ) ਲੇਖਕ ਅਮਰੀਕਾ ਵਿੱਚ ਰਹਿੰਦੇ ਮੰਤਰੀ, ਸਾਂਸਦ ਅਤੇ ਵਿਧਾਇਕਾਂ ਬਾਰੇ ਕੀ ਚਾਨਣਾ ਪਾ ਰਿਹਾ ਹੈ ?

(ਸ) ਅਮਰੀਕਾ ਦੀਆਂ ਸੜਕਾਂ ਦੇ ਕਿਨਾਰੇ ਹਿਰਨ, ਖ਼ਰਗੋਸ਼ ਜਿਹੇ ਕਿਸੇ ਜਾਨਵਰ ਦੀ ਤਸਵੀਰ ਹੇਠ ਕੀ ਲਿਖਿਆ ਮਿਲ਼ਦਾ ਹੈ ਅਤੇ ਕਿਉਂ ? ਵਿਸਤਾਰ ਨਾਲ਼ ਲਿਖੋ।

(ਹ) ਅਮਰੀਕਾ ਦੀਆਂ ਸੜਕਾਂ ਉੱਪਰ ਸਫ਼ਰ ਕਰਦਿਆਂ ਕਿਸੇ ਕਿਸਮ ਦਾ ਡਰ ਕਿਉਂ ਮਹਿਸੂਸ ਨਹੀਂ ਹੁੰਦਾ ?

(ਕ) ਸਫ਼ਰ ਕਰਦਿਆਂ ਆਵਾਜਾਈ ਨੂੰ ਦੇਖ ਕੇ ਲੇਖਕ ਦੇ ਮਨ ਵਿੱਚ ਕੀ ਵਿਚਾਰ ਆਉਂਦਾ ਹੈ ਅਤੇ ਕਿਉਂ ?

(ਖ) ਅਮਰੀਕਾ ਵਿੱਚ ਸਫ਼ਰ ਕਰਦਿਆਂ ਯਾਤਰੀ ਸੰਕਟ ਦੀ ਸਥਿਤੀ ਵਿੱਚ ਮਦਦ ਲਈ ਕੀ ਕਰ ਸਕਦੇ ਹਨ ?

## *3. ਸਾਰ*

ਇਸ ਪਾਠ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

♦♦♦♦♦



Downloaded from https:// www.studiestoday.com

Downloaded from https:// www.studiestoday.com

*ਸਫ਼ਰਨਾਮਾ-ਲੇਖਕ*

# ਬਲਦੇਵ ਸਿੰਘ

*(1942)*

| | |
|---|---|
| ਮਾਤਾ ਜੀ ਦਾ ਨਾਂ: | ਸ੍ਰੀਮਤੀ ਬਚਿੰਤ ਕੌਰ |
| ਪਿਤਾ ਜੀ ਦਾ ਨਾਂ: | ਸ੍ਰੀ. ਹਰਦਿਆਲ ਸਿੰਘ |
| ਜਨਮ-ਸਥਾਨ : | ਪਿੰਡ ਚੰਦ ਨਵਾਂ (ਮੋਗਾ) |
| ਵਿੱਦਿਆ : | ਐੱਮ. ਏ. (ਪੰਜਾਬੀ) |
| ਕਿੱਤਾ : | ਕੁੱਲ-ਵਕਤੀ ਲੇਖਕ |
| **ਮੁੱਖ ਰਚਨਾਵਾਂ** : | ਲੇਖਕ ਦੀਆਂ ਦਰਜਨ ਤੋਂ ਵੱਧ ਪੁਸਤਕਾਂ ਕਹਾਣੀਆਂ ਦੀਆਂ ਹਨ। ਦਰਜਨ ਤੋਂ ਉੱਪਰ ਨਾਵਲ ਹਨ ਜਿਨ੍ਹਾਂ 'ਚੋਂ ਅੰਨਦਾਤਾ, ਪੰਜਵਾਂ ਸਾਹਿਬਜ਼ਾਦਾ, ਢਾਹਵਾਂ ਦਿੱਲੀ ਦੇ ਕਿੰਗਰੇ...., ਸਤਲੁਜ ਵਹਿੰਦਾ ਰਿਹਾ, ਰੋਹਤਾਂਗ-ਮਾਊਂਟ ਆਬੂ ਵਾਇਆ ਲਾਹੌਰ ਅਤੇ ਲਾਲ ਬੱਤੀ ਵਿਸ਼ੇਸ਼ ਚਰਚਾ 'ਚ ਰਹੇ ਹਨ। ਸੜਕਨਾਮਾ, ਮੈਂ ਇਵੇਂ ਵੇਖਿਆ ਪਾਕਿਸਤਾਨ, ਮੋਗਾ-ਸਿੰਗਾਪੁਰ ਵਾਇਆ ਚੀਨ, ਸੜਕਾਂ ਦੇ ਜਾਏ ਆਦਿ ਪ੍ਰਸਿੱਧ ਸਫ਼ਰਨਾਮੇ ਹਨ। ਆਪ ਨੇ ਬਹੁਤ ਸਾਰਾ ਬਾਲ-ਸਾਹਿਤ:ਕਹਾਣੀ, ਨਾਵਲ, ਨਾਟਕ, ਜੀਵਨੀ ਦੇ ਰੂਪ ਵਿੱਚ ਲਿਖਿਆ ਹੈ। ਸਾਹਿਤਿਕ ਸ੍ਵੈਜੀਵਨੀ ਵੀ ਲਿਖੀ ਹੈ ਅਤੇ ਬਹੁਤ ਸਾਰੀਆਂ ਪੁਸਤਕਾਂ ਹੋਰਨਾਂ ਭਾਸ਼ਾਵਾਂ ਤੋਂ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਵੀ ਕੀਤੀਆਂ ਹਨ। ਦਰਜਨਾਂ ਦੀ ਗਿਣਤੀ 'ਚ ਮਾਣ-ਸਨਮਾਨ ਪ੍ਰਾਪਤ ਹੋਏ ਹਨ। ਸਾਹਿਤ ਅਕਾਦਮੀ ਵੱਲੋਂ ਵੀ ਆਪ ਪੁਰਸਕ੍ਰਿਤ ਕੀਤੇ ਗਏ ਹਨ। ਅਨੇਕਾਂ ਸਾਹਿਤਿਕ ਸਭਾਵਾਂ, ਅਕਾਦਮੀਆਂ ਅਤੇ ਹੋਰ ਸਮਾਜਿਕ ਤੇ ਵਿੱਦਿਅਕ ਸੰਸਥਾਵਾਂ ਨਾਲ਼ ਨਿਰੰਤਰ ਜੁੜੇ ਹੋਏ ਹਨ। ਪੁਸਤਕ ਵਿੱਚ ਸ਼ਾਮਲ ਪਾਠ 'ਲਾਹੌਰ ਸ਼ਹਿਰ ਦੀ ਪਰਿਕਰਮਾ' **'ਮੈਂ ਇਵੇਂ ਵੇਖਿਆ ਪਾਕਿਸਤਾਨ'** ਸਫ਼ਰਨਾਮੇ ਵਿਚੋਂ ਲਿਆ ਗਿਆ ਹੈ। ਇਸ ਪਾਠ ਵਿੱਚ ਲੇਖਕ ਅਤੇ ਉਸ ਦੇ ਸਾਥੀ ਤਲਵਿੰਦਰ ਦੇ ਸਾਹਿਤਿਕ ਦੋਸਤ ਮਲਿਕ ਸਾਹਿਬ ਦੇ ਘਰ ਰਹਿਣ ਅਤੇ ਉਸ ਦੁਆਰਾ ਕੀਤੀ ਪਰਾਹੁਣਚਾਰੀ ਦਾ ਵੀ ਜ਼ਿਕਰ ਹੈ, ਉਸ ਦੇ ਬੇਟਿਆਂ ਬਾਬਤ ਵੀ ਜਾਣਕਾਰੀ ਹੈ। ਮਕਸੂਦ ਸਾਹਿਬ ਦੇ 'ਕਿਤਾਬ-ਘਰ' ਦਾ ਵੀ ਜ਼ਿਕਰ ਹੈ ਅਤੇ ਨਾਸਰ ਬਾਗ਼ ਵੇਖਣ ਦਾ ਵੀ ਜ਼ਿਕਰ ਹੈ। |



Downloaded from https:// www.studiestoday.com

Downloaded from https:// www.studiestoday.com

# ਲਾਹੌਰ ਸ਼ਹਿਰ ਦੀ ਪਰਿਕਰਮਾ

ਲਾਹੌਰ ਵਿੱਚ ਸਾਡਾ ਅੱਜ ਦੂਸਰਾ ਦਿਨ ਸੀ। ਅਮੀਰ ਘਰਾਂ ਵਿੱਚ ਸਵੇਰੇ ਨੌਂ-ਸਾਢੇ ਨੌਂ ਵਜੇ ਤੋਂ ਪਹਿਲਾਂ ਉੱਠਣ ਦਾ ਰੁਝਾਨ ਨਹੀਂ ਹੈ। ਇਹ ਲੋਕ ਰਾਤ ਨੂੰ ਬਾਰਾਂ-ਇੱਕ ਵਜੇ ਜਾਂ ਕਈ ਵਾਰ 2 ਵਜੇ ਵੀ ਸੌਂਦੇ ਹਨ ਤੇ ਫੇਰ ਦੇਰ ਨਾਲ਼ ਜਾਗਦੇ ਹਨ। ਖਿੜਕੀਆਂ 'ਤੇ ਲੱਗੇ ਮੋਟੇ, ਭਾਰੇ ਪਰਦੇ ਕਮਰਿਆਂ ਅੰਦਰ ਦਿਨ ਨੂੰ ਵੀ ਰਾਤ ਬਣਾਈ ਰੱਖਦੇ ਹਨ।

ਇੱਥੇ ਵੀ ਮਲਿਕ ਸਾਹਬ ਤੇ ਉਸਦੀ ਬੇਗਮ ਨੂੰ ਛੱਡ ਕੇ ਬਾਕੀ ਸਾਰੇ 9 ਵਜੇ ਤੋਂ ਪਹਿਲਾਂ ਨਹੀਂ ਉੱਠਦੇ।

ਅਸੀਂ ਰੁਟੀਨ ਵਿੱਚ ਹੀ ਸਾਢੇ ਕੁ ਪੰਜ ਵਜੇ ਜਾਗ ਪਏ ਸਾਂ। ਤਲਵਿੰਦਰ ਪਿਆ-ਪਿਆ ਹੀ ਮੈਨੂੰ ਇਸ ਪਰਿਵਾਰ ਬਾਰੇ ਜਾਣਕਾਰੀ ਦੇ ਰਿਹਾ ਸੀ।

ਸਾਢੇ ਕੁ ਛੇ ਵਜੇ ਦਰਵਾਜ਼ਾ ਖੜਕਿਆ ਤੇ ਹੌਲ਼ੀ ਜਿਹੀ ਮਲਿਕ ਸਾਹਬ ਨੇ ਆਪਣਾ ਸਿਰ ਅੰਦਰ ਕੀਤਾ।

ਤਲਵਿੰਦਰ ਛਾਲ਼ ਮਾਰ ਕੇ ਉੱਠਿਆ, 'ਗੁੱਡ ਮਾਰਨਿੰਗ ਸਰ।'

—'ਹੈਲੋ, ਹੈਲੋ, ਗੁੱਡ ਮਾਰਨਿੰਗ, ਗੁੱਡ ਮਾਰਨਿੰਗ, ਮਾਸ਼ਾ ਅੱਲਾ, ਸਭ ਖ਼ੈਰੀਅਤ ਹੈ ਨਾ.....?' ਮਲਿਕ ਸਾਹਿਬ ਦੇ ਚਿਹਰੇ ਉੱਪਰ ਪੂਰਾ ਖੇੜਾ ਸੀ।

—'ਨੀਂਦ ਵਧੀਆ ਆਈ?'

—'ਰਾਤ ਨੂੰ ਕੋਈ ਮੁਸ਼ਕਲ ਤਾਂ ਨਹੀਂ ਆਈ ?'

—'ਏ. ਸੀ. ਕਿਉਂ ਬੰਦ ਕੀਤਾ ਜੇ? ' ਉਸਨੇ ਲਗਾਤਾਰ ਸਵਾਲ ਕੀਤੇ।

—'ਸਵੇਰੇ ਮੌਸਮ ਠੀਕ ਸੀ', ਮੈਂ ਦੱਸਿਆ।

—'ਤਾਂ ਕੀ ਹੋਇਆ, ਆਖਦਿਆਂ ਉਸਨੇ ਫਿਰ ਏ. ਸੀ. ਆਨ ਕਰ ਦਿੱਤਾ।

—'ਚਾਹ, ਮੇਰਾ ਮਤਲਬ ਐ, ਬੈੱਡ-ਟੀ, ਪੁੱਛ ਕੇ ਉਹ ਹੋ-ਹੋ-ਹੋ ਕਰਕੇ ਹੱਸਿਆ।

—'ਹਾਂ ਬੈੱਡ-ਟੀ ਤਾਂ ਪੀਵਾਂਗੇ', ਮੈਂ ਉਸਦੇ ਲਹਿਜੇ ਵਿੱਚ ਹੀ ਕਿਹਾ।

—'ਹੁਣੇ ਹਾਜ਼ਰ ਹੁੰਦੀ ਹੈ ਹਜ਼ੂਰ, ਮੈਂ 'ਬੈੱਡ-ਟੀ' ਨੂੰ 'ਬੈਡ ਟੀ' ਕਹਿਣਾ ਹੁੰਨਾਂ।'

ਇਹਨਾਂ ਕੁਝ ਘੰਟਿਆਂ ਵਿੱਚ ਮਲਿਕ ਸਾਹਬ ਨਾਲ਼ ਏਨੀ ਨੇੜਤਾ ਮਹਿਸੂਸ ਹੋਣ ਲੱਗੀ, ਜਿਵੇਂ ਮੈਂ ਉਸ ਨੂੰ ਵਰ੍ਹਿਆਂ ਤੋਂ ਜਾਣਦਾ ਹੋਵਾਂ। ਤਲਵਿੰਦਰ ਤਾਂ ਏਥੇ ਦੋ-ਤਿੰਨ ਵਾਰ ਆਇਆ ਸੀ, ਮੈਂ ਨਵਾਂ ਸਾਂ। ਉਹ ਮੇਰੇ ਨਾਲ਼ ਵੀ ਇੰਞ ਵਿਹਾਰ ਕਰਦਾ ਸੀ, ਜਿਵੇਂ ਮੈਨੂੰ ਵੀ ਉਹਨਾਂ ਦੀ ਤਰ੍ਹਾਂ ਜਾਣਦਾ ਹੋਵੇ।

ਚਾਹ ਆਉਣ ਤੱਕ ਅਸੀਂ ਦੋਵੇਂ ਨ੍ਹਾ ਲਏ ਸਾਂ।

—'ਕਿੰਨੇ ਵਜੇ ਉਠ ਪੈਂਦੇ ਜੇ, ਹਰ ਰੋਜ਼ ?' ਮਲਿਕ ਨੇ ਮੈਨੂੰ ਪੁੱਛਿਆ।

—'ਮੈਂ ਪੰਜ ਵਜੇ ਦੇ ਨੇੜੇ-ਤੇੜੇ ਉੱਠ ਪੈਨਾਂ।' ਮੈਂ ਦੱਸਿਆ।

—'ਸੈਰ ਕਰਦੇ ਓ...?' ਉਸਨੇ ਫਿਰ ਪੁੱਛਿਆ।

—'ਨਹੀਂ, ਕੁਝ ਦੇਰ ਯੋਗਾ ਕਰਦਾ ਹਾਂ।'

—'ਮੈਂ ਵੀ ਬਹੁਤ ਜਲਦੀ ਉਠ ਜਾਣਾਂ, ਤੁਹਾਡੀ ਭਰਜਾਈ ਤੇ ਮੈਂ ਸੈਰ ਕਰਨ ਜਾਂਦੇ ਹਾਂ। ਨੇੜੇ ਹੀ ਪਾਰਕ ਹੈ। ਢਾਈ ਮੀਲ ਦਾ ਚੱਕਰ ਹੈ। ਮੈਂ ਚਾਹ ਨਹੀਂ ਪੀਂਦਾ, ਲੱਸੀ ਪੀਂਦਾ ਹਾਂ।'

—'ਬੱਚੇ ਕਦੋਂ ਉੱਠਦੇ ਨੇ?' ਮੈਂ ਪੁੱਛਿਆ।

—'ਬੱਚੇ ਆਪਣੀ ਮੌਜ ਨਾਲ਼ ਉੱਠਦੇ ਨੇ।'

—'ਮਲਿਕ ਸਾਹਬ, ਅੱਜ ਉਮੈਰ ਨੂੰ ਜਲਦੀ ਉਠਾ ਦੇਣਾ।' ਤਲਵਿੰਦਰ ਨੇ ਕਿਹਾ।

—'ਇਨਸ਼ਾ ਅੱਲਾ, ਅੱਜ ਲਾਹੌਰ ਵੇਖਣਾ ਜੇ, ਵੈਰੀ ਗੁੱਡ, ਵੈਰੀ ਗੁੱਡ....।' ਤੇ ਉਹ ਚਾਹ ਵਾਲ਼ੀ ਟ੍ਰੇਅ ਚੁੱਕ ਕੇ ਚਲਿਆ ਗਿਆ।



Downloaded from https:// www.studiestoday.com

Downloaded from https:// www.studiestoday.com

ਗਿਆਰਾਂ ਕੁ ਵਜੇ ਅਸੀਂ ਘਰੋਂ ਬਾਹਰ ਨਿਕਲ਼ੇ।

ਵਿਚਕਾਰਲਾ ਲੜਕਾ ਉਮੈਰ ਅਹਿਮਦ, ਆਪਣੇ ਸਾਰੇ ਰੁਝੇਵੇਂ ਛੱਡ ਕੇ, ਲਾਹੌਰ ਦੀਆਂ ਮਹੱਤਵਪੂਰਨ ਥਾਂਵਾਂ ਦਿਖਾਉਣ ਲਈ, ਆਪਣੀ ਕਾਰ ਸਮੇਤ ਸਾਡੇ ਨਾਲ਼ ਹੋ ਤੁਰਿਆ।

ਸਭ ਤੋਂ ਪਹਿਲਾਂ ਅਸੀਂ ਸਾਈਂ ਮੀਆਂ ਮੀਰ ਦੀ ਦਰਗਾਹ 'ਤੇ ਸਿਜਦਾ ਕਰਨ ਦਾ ਪ੍ਰੋਗ੍ਰਾਮ ਬਣਾਇਆ। ਲਾਹੌਰ ਦੇ ਬਜ਼ਾਰਾਂ ਦੀਆਂ ਰੌਣਕਾਂ ਵੇਖਦਿਆਂ ਪਤਾ ਹੀ ਨਹੀਂ ਲੱਗਿਆ ਕਦੋਂ ਕਾਰ ਪਾਕਿਸਤਾਨ ਆਰਮੀ ਦੇ ਵਰਜਿਤ ਖੇਤਰ ਲਾਗੇ ਪਹੁੰਚ ਗਈ। ਉਮੈਰ ਨੇ ਤੁਰੰਤ ਕਾਰ ਪਿੱਛੇ ਘੁਮਾਈ। ਫਿਰ ਇੱਕ ਜਗ੍ਹਾ ਤੋਂ ਪੁੱਛ ਕੇ ਅਸੀਂ ਸਾਂਈਂ ਦੀ ਦਰਗਾਹ ਵੱਲ ਕਾਰ ਮੋੜ ਲਈ।

ਇੱਕ ਜਗ੍ਹਾ ਦੇਖਿਆ, ਖੱਚਰ-ਰੇਹੜੇ ਉਪਰ ਆਲੂ-ਗੰਢਿਆਂ ਦੀਆਂ ਬੋਰੀਆਂ ਰੱਖੀ, ਇੱਕ ਜਣਾ ਸਪੀਕਰ ਲਾ ਕੇ ਸੌਦਾ ਵੇਚ ਰਿਹਾ ਸੀ। ਇਸ ਤਰ੍ਹਾਂ ਸਾਡੇ ਪਿੰਡਾਂ ਵਿੱਚ ਵੀ ਲੋਕ ਜਾ ਕੇ ਵਸਤਾਂ ਵੇਚਦੇ ਹਨ ਪਰ ਏਥੇ ਤਾਂ ਲਾਹੌਰ ਸ਼ਹਿਰ ਦੇ ਕੋਨਿਆਂ ਵਿੱਚ ਹੀ ਰੁਜ਼ਗਾਰ ਚੱਲ ਰਿਹਾ ਹੈ।

ਕੁਝ ਦੇਰ ਬਾਅਦ ਹੀ ਉਮੈਰ ਨੇ ਕਾਰ ਇੱਕ ਪਾਸੇ ਕਰਕੇ ਰੋਕ ਲਈ। 'ਅਸੀਂ ਏਧਰ ਬਹੁਤ ਘੱਟ ਆਨੇ ਆਂ।' ਉਮੈਰ ਨੇ ਕਾਰ ਨੂੰ ਲਾਕ ਕਰਦੇ ਹੋਏ ਕਿਹਾ। 'ਇਸ ਸਾਂਈਂ ਜੀ ਨੇ ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ ਸੀ', ਮੈਂ ਦੱਸਿਆ ਤਾਂ ਉਹ ਜਾਣ ਕੇ ਖ਼ੁਸ਼ ਹੋਇਆ।

ਦਰਗ਼ਾਹ ਦੇ ਬਾਹਰ ਫ਼ਕੀਰ, ਮੰਗਤੇ ਬੈਠੇ ਸਨ। ਫੁੱਲਾਂ ਦੀਆਂ ਦੁਕਾਨਾਂ ਸਨ। ਪ੍ਰਸ਼ਾਦ ਲਈ ਫੁੱਲੀਆਂ-ਪਤਾਸੇ ਸਨ। ਦਰਗ਼ਾਹ ਦੇ ਬਾਹਰ ਖੱਬੇ ਹੱਥ ਅਸੀਂ ਜੁੱਤੀਆਂ ਉਤਾਰ ਦਿੱਤੀਆਂ।

—'ਕੋਈ ਟੋਕਨ ਦੇਣਾ ਜੇ ?' ਮੈਂ ਆਪਣੇ ਏਧਰ ਗੁਰਦੁਆਰਿਆਂ ਵਿੱਚ ਬਣੇ ਜੋੜੇ-ਘਰਾਂ ਦੀ ਰਵਾਇਤ ਅਨੁਸਾਰ ਹੀ ਪੁੱਛ ਬੈਠਾ।

—'ਸਰਦਾਰ ਜੀ ਜੁੱਤਾ ਗੁੰਮ ਹੋ ਗਿਆ ਤਾਂ ਪੂਰੇ ਪੈਸੇ ਖ਼ਿਦਮਤਗ਼ਾਰ ਤੋਂ ਲੈ ਜਾਣਾ।' ਮਹਿੰਦੀ ਰੰਗੀ ਦਾੜ੍ਹੀ ਵਾਲੇ ਸ਼ਖ਼ਸ ਨੇ ਆਪਣੀ ਛਾਤੀ ਉੱਪਰ ਹੱਥ ਰੱਖ ਕੇ ਕਿਹਾ। ਮੈਨੂੰ ਬੜੀ ਸ਼ਰਮ ਮਹਿਸੂਸ ਹੋਈ। ਮਨ ਵਿੱਚ ਆਇਆ—'ਮੈਨੂੰ ਟੋਕਨ ਬਾਰੇ ਨਹੀਂ ਸੀ ਪੁੱਛਣਾ ਚਾਹੀਦਾ।'

ਅਸੀਂ ਅੰਦਰ ਲੰਘ ਗਏ।

ਸਾਹਮਣੇ ਲੰਮੇ-ਚੌੜੇ ਅਹਾਤੇ ਦੇ ਵਿਚਕਾਰ ਸਾਂਈਂ ਜੀ ਦਾ ਮਜ਼ਾਰ ਹੈ। ਸੱਜੇ ਹੱਥ ਮਸਜਦ ਹੈ।.... ਖੱਬੇ ਪਾਸੇ ਕਬੂਤਰਾਂ ਦਾ ਇੱਕ ਵੱਡਾ ਝੁੰਡ ਅਨਾਜ ਦੇ ਦਾਣੇ ਚੁਗ ਰਿਹਾ ਸੀ। ਵੱਡੀ ਦਰਗਾਹ ਦੇ ਸਾਹਮਣੇ ਅਤੇ ਖੱਬੇ ਪਾਸੇ ਹੋਰ ਵੀ ਕਬਰਾਂ ਹਨ। ਪਤਾ ਲੱਗਿਆ, ਇਹ ਕਬਰਾਂ ਸਾਂਈਂ ਮੀਆਂ ਮੀਰ ਜੀ ਦੇ ਸਕੇ-ਸੰਬੰਧੀਆਂ ਅਤੇ ਰਿਸ਼ਤੇਦਾਰਾਂ ਦੀਆਂ ਹਨ।

ਮਜ਼ਾਰ ਦੇ ਅੰਦਰ ਸਾਂਈਂ ਜੀ ਦੀ ਕਬਰ ਦੇ ਦੁਆਲ਼ੇ ਬੈਠੇ ਕੁਝ ਮੁਸਲਮਾਨ ਕੁਰਾਨ ਦੀਆਂ ਆਇਤਾਂ ਪੜ੍ਹ ਰਹੇ ਸਨ। ਕੁਝ ਉੱਪਰ ਹੱਥ ਉਠਾ ਕੇ ਦੁਆ ਮੰਗ ਰਹੇ ਸਨ। ਕੁਝ ਪਲ ਉਹ ਸਾਡੇ ਵੱਲ ਹੈਰਾਨੀ ਨਾਲ਼ ਵੇਖਦੇ ਰਹੇ, ਫਿਰ ਆਪਣੇ ਧਿਆਨ ਵਿੱਚ ਲੱਗ ਗਏ।

ਮਜ਼ਾਰ ਦੇ ਅੰਦਰ ਇੱਕ ਲਾਇਬ੍ਰੇਰੀ ਵੀ ਹੈ ਜਿੱਥੇ ਮੁਕੱਦਸ ਪੁਸਤਕ ਕੁਰਾਨ ਦੀਆਂ ਪੁਰਾਤਨ ਹੱਥ-ਲਿਖਤਾਂ ਅਤੇ ਇਸਲਾਮ ਮਜ਼ਹਬ ਨਾਲ਼ ਸੰਬੰਧਿਤ ਹੋਰ ਕਿਤਾਬਾਂ ਦਾ ਸੰਗ੍ਰਹਿ ਹੈ। ਲਾਇਬ੍ਰੇਰੀ ਵਿੱਚ ਇਹਨਾਂ ਕਿਤਾਬਾਂ ਦਾ ਮੁਤਾਲਿਆ ਕਰਨ ਲਈ ਪੁਰਾਣੇ ਜ਼ਮਾਨੇ ਵਾਂਗ ਚੌਂਕੀਆਂ ਰੱਖੀਆਂ ਹੋਈਆਂ ਹਨ, ਜਿਵੇਂ ਸਾਡੇ ਆੜ੍ਹਤੀਆਂ ਦੇ ਮੁਨੀਮਾਂ ਕੋਲ਼ ਇੱਕ ਸੰਦੂਕੜੀ ਜਿਹੀ ਰੱਖੀ ਹੁੰਦੀ ਹੈ।

ਮੁੜਦਿਆਂ, ਕਬੂਤਰਾਂ ਲਾਗਿਓਂ ਦੀ ਲੰਘੇ ਤਾਂ ਉਹ ਬੇਖ਼ੌਫ ਦਾਣੇ ਚੁਗਦੇ ਰਹੇ। ਮਨੁੱਖੀ ਸ਼ਕਲਾਂ ਦੇ ਉਹ ਏਨੇ ਆਦੀ ਹੋ ਚੁੱਕੇ ਸਨ ਕਿ ਸਾਨੂੰ ਵੇਖ ਕੇ ਉੱਡੇ ਨਹੀਂ।

ਬਾਹਰ ਆਏ ਤਾਂ ਪਤਾ ਲੱਗਿਆ, ਏਥੇ ਜੁੱਤੀਆਂ ਦੀ ਰਾਖੀ ਕਰਨ ਦੇ ਪੈਸੇ ਲਏ ਜਾਂਦੇ ਹਨ। ਜਦੋਂ ਉਮੈਰ ਪੈਸੇ ਦੇਣ ਲੱਗਾ ਤਾਂ ਮੀਆਂ ਜੀ ਨੇ ਕਿਹਾ—'ਇਹ ਤਾਂ ਮਹਿਮਾਨ ਨੇ, ਪੈਸੇ ਨਹੀਂ ਲਵਾਂਗਾ।'

ਹੁਣ ਅਸੀਂ ਹੋਰ ਵੀ ਸ਼ਰਮਿੰਦੇ ਹੋਏ।

ਇੱਥੋਂ ਨਿਕਲ਼ ਕੇ ਮੇਰੀ ਇੱਛਾ ਸੀ, ਦੁੱਲੇ ਭੱਟੀ ਦੀ ਕਬਰ ਵੀ ਦੇਖ ਲਈ ਜਾਏ। ਆਪਣੇ ਸਮੇਂ ਦਾ ਦੁੱਲਾ ਭੱਟੀ ਮਹਾਨ ਲੋਕ-ਨਾਇਕ ਹੈ, ਜਿਸ ਨੇ ਵੇਲ਼ੇ ਦੀ ਸੱਤਾ ਨੂੰ ਵੰਗਾਰਿਆ। ਸਾਡੇ ਮੇਜ਼ਬਾਨ ਉਮੈਰ ਅਹਿਮਦ ਨੂੰ ਪਤਾ ਨਹੀਂ ਸੀ, ਦੁੱਲੇ ਭੱਟੀ ਦੀ ਕਬਰ ਕਿਹੜੇ ਇਲਾਕੇ ਵਿੱਚ ਹੈ।

—'ਆਪਾਂ ਜੁੱਤੀਆਂ ਰੱਖਣ ਵਾਲ਼ੇ ਮੀਆਂ ਜੀ ਨੂੰ ਪੁੱਛੀਏ, ਸ਼ਾਇਦ ਉਹ ਜਾਣਦਾ ਹੋਵੇ।' ਤਲਵਿੰਦਰ ਨੇ ਸਲਾਹ ਦਿੱਤੀ ਤਾਂ ਉਮੈਰ ਤਲਵਿੰਦਰ ਨੂੰ ਨਾਲ਼ ਲੈ ਕੇ ਜਾਣਕਾਰੀ ਲੈਣ ਚਲਿਆ ਗਿਆ। ਕੁਝ ਦੇਰ ਬਾਅਦ ਉਹ ਮੁੜੇ ਤਾਂ ਪਤਾ ਲੱਗ ਗਿਆ ਸੀ।....



Downloaded from https:// www.studiestoday.com

Downloaded from https:// www.studiestoday.com

—'ਮਿਆਣੀ ਸਾਹਬ ਵੀ ਲਾਗੇ ਈ ਆ। ਉੱਥੇ ਤਾਂ ਸਾਰੇ ਲਾਹੌਰ ਨੂੰ ਹੀ ਦਫ਼ਨਾਇਆ ਗਿਆ ਏ।' ਆਖ ਕੇ ਉਮੈਰ ਨੇ ਕਾਰ ਉੱਧਰ ਘੁਮਾ ਲਈ।

ਇਸ ਵੱਡੇ ਕਬਰਸਤਾਨ ਦੇ ਲਾਗੇ ਗਏ ਤਾਂ ਸੱਜੇ ਪਾਸੇ ਇੱਕ ਤਖ਼ਤੀ ਲੱਗੀ ਦੇਖੀ, ਲਿਖਿਆ ਸੀ, 'ਸ਼ਹੀਦ ਦੁੱਲਾ ਭੱਟੀ ਦੀ ਕਬਰ'। ਹੇਠਾਂ ਤੀਰ ਦਾ ਨਿਸ਼ਾਨ ਸੀ। ਅਸੀਂ ਤੀਰ ਦੇ ਨਿਸ਼ਾਨ ਵੱਲ ਕਾਰ ਮੋੜ ਲਈ ਤੇ ਕਬਰਸਤਾਨ ਦੇ ਅੰਦਰ ਤੱਕ ਚਲੇ ਗਏ। ਸਾਡੇ ਅੱਗੇ, ਸਾਡੇ ਪਿੱਛੇ, ਸਾਡੇ ਸੱਜੇ ਸਾਡੇ ਖੱਬੇ ਕਬਰਾਂ ਹੀ ਕਬਰਾਂ ਸਨ, ਦੂਰ ਤੱਕ ਜਿੱਧਰ ਵੀ ਨਜ਼ਰ ਜਾਂਦੀ ਸੀ।.... ਕਬਰਾਂ ਦਾ ਜੰਗਲ਼ ਦਿਸਦਾ ਸੀ। ਛੋਟੀਆਂ ਕਬਰਾਂ, ਵੱਡੀਆਂ ਕਬਰਾਂ, ਸ਼ਾਹੀ ਕਬਰਾਂ, ਕੀਮਤੀ ਪੱਥਰ ਲੱਗੇ ਹੋਏ ਕਬਰਾਂ। ਭਾਵੇਂ ਇਸਲਾਮ ਦੀ ਸ਼ਰ੍ਹਾ ਅਨੁਸਾਰ ਕਬਰਾਂ ਉੱਪਰ ਪੱਥਰ ਲਾਉਣ ਦੀ ਮਨਾਹੀ ਹੈ ਪਰ ਇੱਥੇ ਆ ਕੇ ਪਤਾ ਲੱਗਦਾ ਹੈ, ਸ਼ਰ੍ਹਾ ਦੀ ਪਰਵਾਹ ਘੱਟ ਹੀ ਕੀਤੀ ਜਾਂਦੀ ਹੈ।

ਸੱਜੇ ਮੋੜ ਮੁੜ ਕੇ ਥੋੜ੍ਹਾ ਅਗਾਂਹ ਗਏ ਤਾਂ ਸਾਡੇ ਸਾਹਮਣੇ 'ਦੁੱਲਾ ਭੱਟੀ' ਦੀ ਕਬਰ ਸੀ। ਉੱਪਰ ਲਿਖਿਆ ਹੋਇਆ ਸੀ.... 'ਮੈਂ ਭੰਨਾਂ ਦਿੱਲੀ ਦੇ ਕਿੰਗਰੇ' ...ਹੇਠਾਂ ਉਸਦਾ ਨਾਮ ਅਤੇ ਹੋਰ ਵੇਰਵੇ ਸਨ। ਮੈਨੂੰ ਸਮਝ ਨਹੀਂ ਆਇਆ, ਇਹ ਅਧੂਰੀ ਪੰਕਤੀ ਲਾਹੌਰ ਵਾਲ਼ਿਆਂ ਕਿਉਂ ਲਿਖੀ । ਅਗਲਾ ਹਿੱਸਾ 'ਮੈਂ ਲੁੱਟਾਂ ਤਖ਼ਤ ਲਾਹੌਰ' ਵਿੱਚ ਉਹਨਾਂ ਨੂੰ ਕੀ ਖ਼ਰਾਬੀ ਨਜ਼ਰ ਆਈ ਜਾਂ ਉਹ ਤਖ਼ਤ ਲਾਹੌਰ ਨੂੰ ਲੁੱਟਣ ਦੇ ਸੰਕਲਪ ਤੋਂ ਹੀ ਭੈ ਖਾਂਦੇ ਸਨ....

ਇਸ ਮਹਾਨ ਲੋਕ-ਨਾਇਕ ਦੇ ਮਜ਼ਾਰ 'ਤੇ ਸਿਰ ਝੁਕਾ ਕੇ ਅਸੀਂ ਕਬਰਾਂ ਦੇ ਪਿੰਡ ਵਿੱਚੋਂ ਬਾਹਰ ਆ ਗਏ।

ਗੰਗਾ ਰਾਮ ਚੌਕ ਵਿੱਚ ਆਏ ਤਾਂ ਤਲਵਿੰਦਰ ਨੂੰ ਇਕਦਮ ਯਾਦ ਆ ਗਿਆ, 'ਏਥੇ ਹੀ ਸੁਚੇਤ ਕਿਤਾਬ-ਘਰ ਐ। ਮਕਸੂਦ ਸਾਹਿਬ ਇੱਥੋਂ ਪੰਜਾਬੀ ਮਾਸਿਕ 'ਪੰਚਮ' ਕੱਢਦੇ ਨੇ। ਜੇ ਹੋਏ ਤਾਂ ਦੋ ਮਿੰਟ ਮਿਲ਼ ਲੈਨੇ ਆਂ।'

'ਆਪਾਂ ਲੰਚ ਵੀ ਕਰਨਾ ਹੈ, ਉਮੈਰ ਨੇ ਘੜੀ ਵੇਖਦਿਆਂ ਕਿਹਾ।

'ਇਨਸ਼ਾ ਅੱਲਾ, ਲੰਚ ਵੀ ਕਰ ਲਵਾਂਗੇ, ਇਹਨਾਂ ਨੂੰ ਮਿਲ਼ ਲਈਏ।' ਤਲਵਿੰਦਰ ਨੇ ਕਿਹਾ ਤਾਂ ਉਮੈਰ ਦੇ ਚਿਹਰੇ ਉੱਪਰ ਮੁਸਕਰਾਹਟ ਆ ਗਈ।

11, ਸ਼ਰਾਫ਼ ਮੈਨਸ਼ਨ ਦੀ ਦੂਸਰੀ ਮੰਜ਼ਲ ਤੇ, 'ਪੰਚਮ' ਦਾ ਦਫ਼ਤਰ ਅਤੇ ਮਕਸੂਦ ਸਾਕਿਬ ਦਾ ਸੁਚੇਤ ਕਿਤਾਬ-ਘਰ ਹੈ। ਸਾਨੂੰ ਦੇਖ ਕੇ ਉਹ ਬਾਗ਼ੋ-ਬਾਗ਼ ਹੋ ਗਿਆ। ਪਟਿਆਲ਼ੇ ਇਹਨਾਂ ਨੂੰ ਮੈਂ ਪਹਿਲਾਂ ਹੀ ਮਿਲ਼ਿਆ ਹੋਇਆ ਸੀ। ਜਦੋਂ ਉਸਨੇ ਦੱਸਿਆ—'ਮੇਰੇ ਪਾਸ ਇੱਥੇ ਲੋਕ-ਗੀਤ ਪ੍ਰਕਾਸ਼ਨ ਦੀਆਂ ਛਾਪੀਆਂ ਸਾਰੀਆਂ ਕਿਤਾਬਾਂ ਨੇ ਤੇ 'ਅੰਨਦਾਤਾ' ਨਾਵਲ ਉਚੇਚਾ ਮੰਗਵਾਇਆ ਹੈ ਤਾਂ ਮੈਨੂੰ ਆਪਣੇ ਬਾਰੇ ਹੋਰ ਬਹੁਤਾ ਦੱਸਣ ਦੀ ਲੋੜ ਨਹੀਂ ਪਈ।

ਕਾਫ਼ੀ ਦੇਰ ਚੜ੍ਹਦੇ ਪੰਜਾਬ ਅਤੇ ਲਹਿੰਦੇ ਪੰਜਾਬ ਦੇ ਪੰਜਾਬੀ ਸਾਹਿਤ ਦੀਆਂ ਗੱਲਾਂ ਹੁੰਦੀਆਂ ਰਹੀਆਂ। ਗੁਰਮੁਖੀ ਅਤੇ ਸ਼ਾਹਮੁਖੀ ਨੂੰ ਦੋਵੇਂ ਪਾਸੇ ਪੜ੍ਹਨ ਅਤੇ ਪੜ੍ਹਾਏ ਜਾਣ ਦੀਆਂ ਅੜਚਣਾਂ ਅਤੇ ਚਿੰਤਾਵਾਂ ਬਾਰੇ ਜ਼ਿਕਰ ਹੋਇਆ। ਉਮੈਰ ਨੇ ਦੋ- ਤਿੰਨ ਵਾਰ ਘੜੀ ਵੇਖੀ। ਮੈਨੂੰ ਮਹਿਸੂਸ ਹੋਇਆ, ਸਾਡੀਆਂ ਗੱਲਾਂ ਨਾਲ਼ ਉਹ ਬੋਰ ਹੋ ਰਿਹਾ ਹੈ ਪਰ ਉਸਦੇ ਚਿਹਰੇ ਦਾ ਪ੍ਰਭਾਵ ਇਹ ਜ਼ਾਹਰ ਨਹੀਂ ਸੀ ਹੋਣ ਦਿੰਦਾ।

ਮਕਸੂਦ ਸਾਹਿਬ ਸਾਨੂੰ ਖਾਣਾ ਖੁਆਉਣਾ ਚਾਹੁੰਦੇ ਸਨ ਪਰ ਅਸੀਂ ਉਮੈਰ ਦੀ ਪਰੇਸ਼ਾਨੀ ਵੀ ਮਹਿਸੂਸ ਕਰਦੇ ਸਾਂ।

ਤੁਰਨ ਲੱਗਿਆਂ ਮਕਸੂਦ ਸਾਹਿਬ ਨੇ ਕਿਹਾ—'ਜੇ ਸਮਾਂ ਮਿਲ਼ੇ ਤਾਂ ਘੰਟੇ ਕੁ ਭਰ ਲਈ ਆ ਜਾਣਾ, ਪੰਚਮ ਲਈ ਇੰਟਰਵਿਊ ਲਵਾਂਗੇ।' ਅਸੀਂ ਹਾਮੀ ਭਰ ਲਈ ਪਰ ਵਾਪਸ ਆਉਣ ਤੱਕ ਸਾਨੂੰ ਫਿਰ 'ਸੁਚੇਤ ਕਿਤਾਬ-ਘਰ' ਜਾਣ ਦਾ ਵਕਤ ਹੀ ਨਹੀਂ ਮਿਲ਼ਿਆ।

ਘਰ ਆਏ ਤਾਂ ਮਲਿਕ ਸਾਹਿਬ ਨੇ ਦੱਸਿਆ, 'ਕੋਈ ਏਜਾਜ਼ ਉੱਲਾ ਨਾਜ਼ ਏ, ਉਸਦਾ ਫ਼ੋਨ ਹੈ, ਤੁਹਾਡੇ ਲਈ। ਨਾਸਰ ਬਾਗ਼ ਵਿੱਚ, ਚੌਪਾਲ ਸੰਸਥਾ ਵਲੋਂ ਰੂ-ਬਰੂ ਰੱਖਿਆ ਜੇ ਤੁਸਾਂ ਨਾਲ਼, ਸ਼ਾਮੀਂ ਸਾਢੇ ਸੱਤ ਵਜੇ।'

ਤਲਵਿੰਦਰ ਨੇ ਮੈਨੂੰ ਦੱਸਿਆ—'ਇਹ ਤਾਂ ਚੰਗੀ ਖ਼ਬਰ ਹੈ ਬਾਬਿਓ, ਲਾਹੌਰ ਦੇ ਬਹੁਤ ਅਦੀਬ ਇਕੱਠੇ ਹੋਣਗੇ ਉੱਥੇ। ਇੱਕ-ਇੱਕ ਨੂੰ ਮਿਲਣ ਜਾਣਾ ਔਖਾ ਏ, ਉੱਥੇ ਸਭਨਾਂ ਨਾਲ਼ ਮੁਲਾਕਾਤ ਹੋ ਸਕੇਗੀ।'

ਖਾਣਾ ਖਾ ਕੇ ਅਰਾਮ ਕਰਦੇ ਅਸੀਂ ਸ਼ਾਮ ਦੀ ਮਹਿਫ਼ਲ ਬਾਰੇ ਸੋਚਣ ਲੱਗੇ। ਨੀਂਦ ਪਤਾ ਹੀ ਨਹੀਂ ਲੱਗਾ, ਕਿਹੜੇ ਵੇਲ਼ੇ ਆਈ, ...ਉਦੋਂ ਹੀ ਜਾਗੇ, ਜਦੋਂ ਮਲਿਕ ਸਾਹਿਬ ਨੇ ਆ ਕੇ ਆਖਿਆ, ...'ਹੈਲੋ-ਹੈਲੋ....ਵੈਲਕਮ....ਵੈਲਕਮ....' ਅਸੀਂ ਦੋਵੇਂ ਉੱਠ ਕੇ ਬੈਠ ਗਏ।

'ਮੈਂ ਚਾਹ ਆਖ ਆਇਆਂ, ਹੁਣੇ ਆਂਦੀ ਏ।' ...ਆਖ ਕੇ ਮਲਿਕ ਸਾਹਿਬ ਮੇਰੇ ਲਾਗੇ ਹੀ ਬੈੱਡ ਉੱਪਰ ਬੈਠ ਗਏ।



Downloaded from https:// www.studiestoday.com

Downloaded from https:// www.studiestoday.com

'ਰਾਤੀਂ ਨਾਸਰ ਬਾਗ਼ ਜਾਣਾ ਜੇ....?' ਉਸਨੇ ਪੁੱਛਿਆ।

'ਇਨਸ਼ਾ ਅੱਲਾ, ਸਾਡਾ ਦੋਸਤ ਆਏਗਾ ਤੇ ਲੈ ਜਾਏਗਾ।' ....ਤਲਵਿੰਦਰ ਨੇ ਸ਼ਰਾਰਤੀ ਲਹਿਜੇ ਵਿੱਚ ਕਿਹਾ।

ਮਲਿਕ ਸਾਹਿਬ–'ਹੋ-ਹੋ-ਹੋ-' ਕਰਕੇ ਹੱਸ ਪਏ ਤੇ ਮੇਰੇ ਵੱਲ ਦੇਖਦਿਆਂ ਉਹਨਾਂ ਨੇ ਤਲਵਿੰਦਰ ਵੱਲ ਇਸ਼ਾਰਾ ਕੀਤਾ, 'ਬੜਾ ਸ਼ੈਤਾਨ ਏ।'

ਹੁਣ ਤਲਵਿੰਦਰ ਵੀ ਹੋ-ਹੋ-ਹੋ....ਕਰਕੇ ਹੱਸਣ ਲੱਗਾ।

'ਕੀ-ਕੀ ਵੇਖ ਆਏ ਜੇ, ਬਲਵੰਤ ?'

'ਮੈਂ ਬਲਵੰਤ ਨਹੀਂ....ਬਲਦੇਵ ਸਿੰਘ ਆਂ, ਮਲਿਕ ਸਾਹਬ....'

'ਓ! ਸੌਰੀ, ਸੌਰੀ....ਮੈਨੂੰ ਸਰਦਾਰਾਂ ਦੇ ਬਹੁਤੇ ਨਾਮ ਇੱਕ ਤਰ੍ਹਾਂ ਦੇ ਈ ਜਾਪਦੇ ਜੇ।' ਮਲਿਕ ਸਾਹਿਬ ਫਿਰ ਹੱਸ ਪਏ।

'ਅਜੇ ਤਾਂ ਲਾਹੌਰ ਦਾ ਇੱਕ ਕੋਨਾ ਈ ਵੇਖਿਆ ਏ।' ਮੈਂ ਦੱਸਿਆ।

'ਉਮੈਰ ਜਿੰਨਾ ਵਿਖਾਂਦਾ ਏ, ਵੇਖ ਲਓ, ਇੱਕ ਦਿਨ ਮੈਂ ਚੱਲਾਗਾਂ। ਮੈਂ ਦੱਸਾਗਾਂ ਤੁਸਾਂ ਨੂੰ, ਲਾਹੌਰ ਦੀਆਂ ਗਲ਼ੀਆਂ। ਪੁਰਾਣਾ ਲਾਹੌਰ ਵੀ ਵੇਖਾਂਗੇ।.... ਮੈਂ ਚਾਹ ਲੈ ਆਵਾਂ।' ਆਖ ਕੇ ਉਹ ਉੱਠ ਖੜ੍ਹਾ ਹੋਇਆ।

ਜਦੋਂ ਉਹ ਬਾਹਰ ਚਲਿਆ ਗਿਆ ਤਾਂ ਤਲਵਿੰਦਰ ਨੇ ਕਿਹਾ–'ਬੜਾ ਵਧੀਆ ਬੰਦਾ ਜੇ।'

'ਯਾਰ ਆਪਣੇ ਤਾਂ ਪੰਜਾਬੀ ਇਉਂ ਬੋਲਦੇ ਐਂ, ਜਿਵੇਂ ਕਿਸੇ ਦੇ ਖਰਖਰਾ ਕਰਨਾ ਹੋਵੇ। ਜਦੋਂ ਇਹ ਬੋਲਦੇ ਨੇ, ਜੀਅ ਕਰਦਾ ਐ, ਸੁਣੀ ਜਾਈਏ।' ਮੈਂ ਕਿਹਾ ਹੀ ਸੀ ਕਿ ਬਾਹਰ ਮੱਧਮ ਜਿਹੀ 'ਠੱਕ-ਠੱਕ' ਹੋਈ ਤਾਂ ਤਲਵਿੰਦਰ ਨੇ ਖ਼ੁਸ਼ ਹੁੰਦਿਆ ਕਿਹਾ–'ਵੈਲਕਮ ਸਰ।'

ਮਲਿਕ ਸਾਹਬ ਚਾਹ ਵਾਲ਼ੀ ਟ੍ਰੇਅ ਲਈ ਅੰਦਰ ਆ ਗਏ।

**ਇਸ ਪਾਠ ਵਿੱਚ ਆਏ ਨਾਂ, ਥਾਂ ਅਤੇ ਵਿਸ਼ੇਸ਼ ਸ਼ਬਦ–**

(ੳ) **ਨਾਂ, ਥਾਂ–**ਲਾਹੌਰ (ਸਾਂਝੇ ਪੰਜਾਬ ਦਾ ਮਸ਼ਹੂਰ ਸ਼ਹਿਰ ਹੈ ਜੋ ਹੁਣ ਪਾਕਿਸਤਾਨ ਵਾਲ਼ੇ ਪੰਜਾਬ ਪ੍ਰਾਂਤ ਦੀ ਰਾਜਧਾਨੀ ਹੈ।)

ਮਲਿਕ ਸਾਹਿਬ–ਜਿੱਥੇ ਲੇਖਕ ਨੇ ਰਾਤ ਲਈ ਰਹਾਇਸ਼ ਕੀਤੀ। ਘਰ ਦਾ ਮਾਲਕ, ਮਹਿਮਾਨਨਵਾਜ਼ੀ ਕਰਨ ਵਾਲ਼ਾ, ਲੇਖਕ ਦਾ ਮੇਜ਼ਬਾਨ ਵਿਅਕਤੀ।

ਸਾਂਈਂ ਮੀਆਂ ਮੀਰ–ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ-ਪੱਥਰ ਰੱਖਣ ਵਾਲ਼ਾ ਅਤੇ ਹਿੰਦੂ-ਮੁਸਲਮਾਨਾਂ ਵਿੱਚ ਇੱਕੋ ਰੱਬ ਵੇਖਣ ਵਾਲ਼ਾ ਮਹਾਂਪੁਰਖ।

ਉਮੈਰ ਅਹਿਮਦ–ਮਲਿਕ ਸਾਹਿਬ ਦਾ ਵਿਚਕਾਰਲਾ ਪੁੱਤਰ, ਜੋ ਕਾਰ ਰਾਹੀਂ ਲੇਖਕ ਅਤੇ ਉਸ ਦੇ ਦੋਸਤਾਂ ਨੂੰ ਕਾਰ 'ਤੇ ਲਾਹੌਰ ਵਿਖਾਉਣ ਲਈ ਲੈ ਜਾਂਦਾ ਹੈ।

ਦੁੱਲਾ ਭੱਟੀ–ਪੰਜਾਬੀਆਂ ਦਾ ਲੋਕ-ਨਾਇਕ

ਮਕਸੂਦ ਸਾਕਿਬ–'ਸੁਚੇਤ ਕਿਤਾਬ ਘਰ' ਦਾ ਮਾਲਕ ਅਤੇ ਪੰਜਾਬੀ ਮਹੀਨਾਵਾਰ ਰਿਸਾਲਾ 'ਪੰਚਮ' ਛਾਪਣ ਵਾਲ਼ਾ।

(ਅ) **ਵਿਸ਼ੇਸ਼ ਸ਼ਬਦ–**ਮਾਸ਼ਾ ਅੱਲਾ, ਸਭ ਖ਼ੈਰੀਅਤ–ਰੱਬ (ਅੱਲਾ, ਪਰਮਾਤਮਾ) ਦੀ ਕਿਰਪਾ ਸਦਕਾ ਸਭ ਸੁੱਖ-ਸਾਂਦ ਹੈ।

ਦਰਗਾਹ–ਮਹਾਂਪੁਰਖਾਂ ਦੀ ਯਾਦ ਵਿੱਚ ਬਣਾਈ ਹੋਈ ਜਗ੍ਹਾ, ਜਿਸ ਨੂੰ ਪਵਿੱਤਰ ਜਾਣ ਕੇ ਲੋਕ ਸਿਜਦਾ ਕਰਦੇ ਹਨ, ਨਤਮਸਤਕ ਹੁੰਦੇ ਹਨ ਅਤੇ ਖ਼ੁਸ਼ੀਆਂ-ਖੇੜੇ ਪ੍ਰਾਪਤ ਕਰਨ ਦੇ ਵਰਦਾਨ ਪ੍ਰਾਪਤ ਕਰਦੇ ਹਨ।

ਮਜ਼ਾਰ–ਇਸਲਾਮ-ਧਰਮ ਅਨੁਸਾਰ ਜਿਸ ਥਾਂ 'ਤੇ ਕਿਸੇ ਮਹਾਂਪੁਰਖ ਨੂੰ ਦਫ਼ਨਾਇਆ ਜਾਂਦਾ ਹੈ ਅਤੇ ਉਹਨਾਂ ਦੀ ਯਾਦ ਸਥਾਪਿਤ ਕੀਤੀ ਜਾਂਦੀ ਹੈ।

ਕਬਰਸਤਾਨ–ਜਿੱਥੇ ਮੁਰਦਿਆਂ ਨੂੰ ਦਫ਼ਨਾਇਆ ਜਾਂਦਾ ਹੈ।



Downloaded from https:// www.studiestoday.com

Downloaded from https:// www.studiestoday.com

# ਪਾਠ-ਅਭਿਆਸ

## 1. ਵਸਤੂਨਿਸ਼ਠ ਪ੍ਰਸ਼ਨ—

(ੳ) ਲਾਹੌਰ ਵਿਖੇ ਲੇਖਕ ਕਿਸ ਵਿਅਕਤੀ ਦੇ ਘਰ ਵਿੱਚ ਠਹਿਰਦਾ ਹੈ ?

(ਅ) ਲੇਖਕ ਦੇ ਨਾਲ਼ ਗਏ ਉਸ ਦੇ ਸਾਥੀ ਦਾ ਨਾਂ ਦੱਸੋ।

(ੲ) ਲਾਹੌਰ ਵਿਖੇ ਲੇਖਕ ਅਤੇ ਉਸ ਦਾ ਸਾਥੀ ਕਿਸ ਮਹਾਂਪੁਰਖ ਦੀ ਦਰਗਾਹ ਦੇ ਪਹਿਲਾਂ ਦਰਸ਼ਨ ਕਰਨ ਜਾਂਦੇ ਹਨ ?

(ਸ) ਦੁੱਲਾ ਭੱਟੀ ਕੌਣ ਸੀ ?

(ਹ) ਮਕਸੂਦ ਸਾਹਿਬ ਦੇ 'ਕਿਤਾਬ-ਘਰ' ਅਤੇ ਉਸ ਦੁਆਰਾ ਕੱਢੇ ਜਾ ਰਹੇ ਪੰਜਾਬੀ ਰਿਸਾਲੇ ਦਾ ਨਾਂ ਦੱਸੋ ?

(ਕ) ਲੇਖਕ ਨੇ ਲਾਹੌਰ ਨਿਵਾਸੀਆਂ ਅਤੇ ਭਾਰਤੀ ਪੰਜਾਬ ਵਿੱਚ ਪੰਜਾਬੀ ਬੋਲਣ ਦਾ ਕੀ ਅੰਤਰ ਦੱਸਿਆ ਹੈ ?

(ਖ) ਮਲਿਕ ਸਾਹਿਬ 'ਬੈੱਡ-ਟੀ' ਨੂੰ ਕੀ ਕਹਿੰਦੇ ਹਨ ?

(ਗ) ਮਲਿਕ ਸਾਹਿਬ ਚਾਹ ਦੀ ਥਾਂ ਕੀ ਪੀਂਦੇ ਹਨ ?

## 2. ਦੱਸੋ—

(ੳ) "ਮੈਂ ਵੀ ਬਹੁਤ ਜਲਦੀ ਉੱਠ ਜਾਨਾਂ, ਤੁਹਾਡੀ ਭਰਜਾਈ ਤੇ ਮੈਂ ਸੈਰ ਕਰਨ ਜਾਂਦੇ ਹਾਂ। ਨੇੜੇ ਹੀ ਪਾਰਕ ਹੈ। ਢਾਈ ਮੀਲ ਦਾ ਚੱਕਰ ਹੈ। ਮੈਂ ਚਾਹ ਨਹੀਂ ਪੀਂਦਾ, ਲੱਸੀ ਪੀਂਦਾ ਹਾਂ।" ਇਹ ਸ਼ਬਦ ਕਿਸ ਨੇ ਕਹੇ ਹਨ ਤੇ ਲੇਖਕ ਨੇ ਕਿੱਥੇ ਵਰਤੇ ਹਨ ?

(ਅ) ਸਾਂਈਂ ਮੀਆਂ ਮੀਰ ਦੀ ਦਰਗਾਹ ਦੇ ਅੰਦਰ ਮੁਸਲਮਾਨ ਬੈਠੇ ਕੀ ਕਰਦੇ ਸਨ ?

(ੲ) ਸਾਂਈਂ ਮੀਆਂ ਮੀਰ ਦੀ ਦਰਗਾਹ ਦੇ ਬਾਹਰ ਲੇਖਕ ਨੇ ਕੀ ਵੇਖਿਆ ?

(ਸ) ਮਿਆਣੀ ਸਾਹਿਬ ਅੰਦਰ ਦੁੱਲੇ ਭੱਟੀ ਦੀ ਕਬਰ ਉੱਪਰ ਕਿਹੜੇ ਸ਼ਬਦ ਲਿਖੇ ਹਨ ? ਲੇਖਕ ਨੂੰ ਇਹ ਅਧੂਰੇ ਕਿਉਂ ਲੱਗੇ ?

(ਹ) ਇਸ ਸਫ਼ਰਨਾਮੇ ਵਿੱਚ ਲੇਖਕ ਨੇ ਲਾਹੌਰ ਦੇ ਅਮੀਰ ਲੋਕਾਂ ਦੇ ਰਹਿਣ-ਸਹਿਣ ਅਤੇ ਆਦਤਾਂ ਬਾਰੇ ਕੀ ਦੱਸਿਆ ਹੈ ?

(ਕ) ਮਲਿਕ ਸਾਹਿਬ ਕੌਣ ਸਨ ? ਉਹਨਾਂ ਦੇ ਸੁਭਾਅ ਬਾਰੇ ਜਾਣਕਾਰੀ ਦਿਓ।

(ਖ) ਸਾਂਈ ਮੀਆਂ ਮੀਰ ਕੌਣ ਸੀ ਅਤੇ ਉਸ ਨੇ ਕਿਹੜਾ ਇਤਿਹਾਸਿਕ ਕਾਰਜ ਕੀਤਾ ਸੀ ?

## ਸਾਰ

ਇਸ ਪਾਠ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

♦♦♦♦♦



Downloaded from https:// www.studiestoday.com

Downloaded from https:// www.studiestoday.com

*ਸਫ਼ਰਨਾਮਾ-ਲੇਖਕ*

# ਬਰਜਿੰਦਰ ਸਿੰਘ ਹਮਦਰਦ

*(1944)*

| | | |
|---|---|---|
| ਮਾਤਾ ਜੀ | : | ਸ੍ਰੀਮਤੀ ਨਿਰੰਜਣ ਕੌਰ |
| ਪਿਤਾ ਜੀ | : | ਡਾ. ਸਾਧੂ ਸਿੰਘ ਹਮਦਰਦ |
| ਜਨਮ-ਮਿਤੀ | : | 20-8-1944 |
| ਜਨਮ-ਸਥਾਨ | : | ਜਲੰਧਰ |
| ਵਿੱਦਿਆ | : | ਐੱਮ. ਏ. (ਪੰਜਾਬੀ) |
| ਕਿੱਤਾ | : | ਪੱਤਰਕਾਰੀ, ਬਰਜਿੰਦਰ ਸਿੰਘ ਹਮਦਰਦ ਪਹਿਲਾਂ ਰੋਜ਼ਾਨਾ 'ਅਜੀਤ' ਦੇ ਪ੍ਰਬੰਧਕੀ ਸੰਪਾਦਕ (1968 ਤੋਂ 1974 ਈ. ਤੱਕ) ਰਹੇ। ਫਿਰ ਉਹ ਪੰਜਾਬੀ ਟ੍ਰਿਬਿਊਨ ਦੇ ਪਹਿਲੇ ਸੰਪਾਦਕ ਬਣੇ ਅਤੇ 1978 ਈ. ਤੋਂ 1984 ਈ. ਤੱਕ ਇਸ ਪਦ 'ਤੇ ਰਹੇ। ਹੁਣ ਰੋਜ਼ਾਨਾ 'ਅਜੀਤ' ਦੇ ਮੈਨੇਜਿੰਗ ਐਡੀਟਰ ਹਨ। ਉਹ ਮਾਸਿਕ ਪੱਤਰ 'ਦ੍ਰਿਸ਼ਟੀ' ਦੇ ਸੰਪਾਦਕ ਵੀ ਰਹੇ ਅਤੇ ਉਹਨਾਂ 'ਅਪਸਰਾ' ਤੇ 'ਅੰਨਦਾਤਾ' ਦੀ ਸੰਪਾਦਨਾ ਵੀ ਕੀਤੀ। |
| **ਮੁੱਖ ਰਚਨਾਵਾਂ** | : | |
| ਨਾਵਲ | : | ਕੁਝ ਪੱਤਰੇ |
| ਸਫ਼ਰਨਾਮੇ | : | ਧਰਤੀਆਂ ਦੇ ਗੀਤ |

ਲੇਖਕ ਨੇ ਅਮਰੀਕਾ, ਰੂਸ, ਇੰਗਲੈਂਡ, ਮਾਲਦੀਵ, ਸਿੰਘਾਪੁਰ, ਥਾਈਲੈਂਡ ਆਦਿ ਦੇਸਾਂ ਦੀ ਯਾਤਰਾ ਕੀਤੀ ਹੈ। ਜਿਵੇਂ ਕਿ ਇਸ ਪਾਠ ਵਿੱਚ ਹੀ ਲੇਖਕ ਨੇ ਦੱਸਿਆ ਹੈ, ਉਹ ਭਾਰਤ ਸਰਕਾਰ ਦੇ ਸੱਦੇ 'ਤੇ ਇੱਕ ਪੱਤਰਕਾਰ ਵਜੋਂ ਅੰਡੇਮਾਨ ਅਤੇ ਨਿਕੋਬਾਰ ਦੀਆਂ ਧਰਤੀਆਂ ਉੱਤੇ ਗਏ ਸਨ। ਇਸ ਯਾਤਰਾ ਦੇ ਅਨੁਭਵ ਉਹਨਾਂ ਨੇ 'ਧਰਤੀਆਂ ਦੇ ਗੀਤ' ਨਾਂ ਦੇ ਸਫ਼ਰਨਾਮੇ ਵਿੱਚ ਅੰਕਿਤ ਕੀਤੇ ਹਨ। ਇਸ ਸਫ਼ਰਨਾਮੇ ਦੇ ਇੱਕ ਕਾਂਡ 'ਅੰਡੇਮਾਨ-ਨਿਕੋਬਾਰ ਦੀ ਧਰਤੀ 'ਤੇ' ਨੂੰ ਇੱਕ ਪਾਠ ਦੇ ਰੂਪ ਵਿੱਚ ਇਸ ਪਾਠ-ਪੁਸਤਕ ਲਈ ਚੁਣਿਆ ਗਿਆ ਹੈ।

ਲੇਖਕ ਨੇ ਇਸ ਪਾਠ ਵਿੱਚ ਅੰਡੇਮਾਨ ਤੇ ਨਿਕੋਬਾਰ ਦੀ ਧਰਤੀ ਅਤੇ ਇੱਥੋਂ ਦੇ ਵਾਸੀਆਂ ਦੇ ਅਥਾਹ ਸੁਹਜ ਵੱਲ ਪਾਠਕਾਂ ਦਾ ਧਿਆਨ ਦਿਵਾਉਣਾ ਚਾਹਿਆ ਹੈ।



Downloaded from https:// www.studiestoday.com

Downloaded from https:// www.studiestoday.com

# ਅੰਡੇਮਾਨ-ਨਿਕੋਬਾਰ ਦੀ ਧਰਤੀ 'ਤੇ

ਮੇਰੀ ਅੰਡੇਮਾਨ-ਨਿਕੋਬਾਰ ਟਾਪੂਆਂ ਦੀ ਯਾਤਰਾ ਬਹੁਤ ਹੀ ਵੱਖਰੀ ਤਰ੍ਹਾਂ ਦੀ ਅਤੇ ਅਜੀਬ ਪ੍ਰਭਾਵਾਂ ਵਾਲ਼ੀ ਸੀ। ਅਜੀਬ ਪਰ ਦਿਲਕਸ਼ ਧਰਤੀ, ਭੋਲ਼ੇ-ਭਾਲ਼ੇ, ਪਿਆਰੇ ਲੋਕ ਅਤੇ ਵੱਖਰੀ ਕਿਸਮ ਦਾ ਮੌਸਮ। ਇਹਨਾਂ ਟਾਪੂਆਂ ਦੀ ਯਾਦ ਹਾਲੇ ਤੱਕ ਮੇਰੇ ਮਨ ਵਿੱਚ ਐਨੀ ਤਾਜ਼ਾ ਹੈ ਕਿ ਇੱਥੇ ਵਾਪਰੀ ਨਿੱਕੀ-ਨਿੱਕੀ ਘਟਨਾ ਵੀ ਮੈਂ ਤੁਹਾਨੂੰ ਉਸੇ ਤਰ੍ਹਾਂ ਵਿਸਤਾਰ ਨਾਲ਼ ਦੱਸ ਸਕਦਾ ਹਾਂ। ਮੈਂ ਅਜੇ ਵੀ ਡੂੰਘੇ ਸਮੁੰਦਰਾਂ ਦੀਆਂ ਗਿੱਲੀਆਂ ਹਵਾਵਾਂ ਆਪਣੇ ਸਰੀਰ ਨਾਲ਼ ਟਕਰਾਉਂਦੀਆਂ ਮਹਿਸੂਸ ਕਰ ਸਕਦਾ ਹਾਂ। ਅੱਜ ਵੀ ਜਦੋਂ ਮੈਂ ਅੱਖਾਂ ਬੰਦ ਕਰਦਾ ਹਾਂ ਤਾਂ ਨੀਲੇ ਪਾਣੀਆਂ ਵਿੱਚ ਜੰਗਲ਼ਾਂ ਨਾਲ਼ ਭਰੇ ਹਰੇ-ਭਰੇ ਤੇ ਨਿੱਕੇ-ਨਿੱਕੇ ਟਾਪੂ ਮੇਰੀਆਂ ਅੱਖਾਂ ਅੱਗੇ ਆ ਖਲੋਂਦੇ ਹਨ। ਆਪਣੀ ਇਸ ਯਾਤਰਾ ਦੌਰਾਨ ਜਿਨ੍ਹਾਂ ਛੋਟੇ-ਛੋਟੇ ਜੰਗਲ਼ੀ ਕਬੀਲਿਆਂ ਦੇ ਲੋਕਾਂ ਨੂੰ ਮੈਂ ਮਿਲ਼ਿਆ, ਉਹਨਾਂ ਦੇ ਚਿਹਰੇ ਫ਼ਿਲਮਾਂ ਵਾਂਗ ਮੇਰੇ ਸਾਹਮਣੇ ਘੁੰਮ ਰਹੇ ਹਨ। ਨਿਕੋਬਾਰੀਆਂ ਦੇ ਮਸੂਮ ਹਾਸੇ, ਤੰਦਰੁਸਤ ਤੇ ਗੱਠੇ ਹੋਏ ਸਰੀਰ ਅਤੇ ਉਹਨਾਂ ਦੇ ਗੀਤਾਂ ਦੀਆਂ ਹੇਕਾਂ ਹਾਲੇ ਵੀ ਮੈਨੂੰ ਲਰਜ਼ਾ ਜਾਂਦੀਆਂ ਹਨ। ਜੇਕਰ ਮੇਰੇ ਕੋਲ਼ ਸਮਾਂ ਹੁੰਦਾ, ਪਿਛਾਂਹ ਕੰਮ ਦੇ ਰੁਝੇਵੇਂ ਮੈਨੂੰ ਵਾਪਸ ਆਉਣ ਲਈ ਨਾ ਪ੍ਰੇਰਦੇ ਤਾਂ ਪਤਾ ਨਹੀਂ ਮੈਂ ਕਿੰਨੀ ਦੇਰ ਇਹਨਾਂ ਜਾਂਗਲ਼ੀਆਂ ਵਿੱਚ ਫਿਰਦਾ ਹੋਇਆ ਉਹਨਾਂ ਦੇ ਗੀਤਾਂ ਨਾਲ਼ ਆਪਣੀ ਅਵਾਜ਼ ਮਿਲ਼ਾਉਂਦਾ ਅਤੇ ਨਾਚ ਲਈ ਉੱਠੇ ਉਹਨਾਂ ਕਦਮਾਂ ਨਾਲ਼ ਆਪਣੇ ਕਦਮ ਮਿਲ਼ਾਉਂਦਾ।

**ਕੁਦਰਤ ਦੀ ਵਿਸ਼ਾਲਤਾ—**

ਅੰਡੇਮਾਨ ਟਾਪੂਆਂ ਨੂੰ ਵੇਖ ਕੇ ਉਹਨਾਂ ਵਿੱਚ ਫਿਰ ਕੇ ਸੱਚ-ਮੁੱਚ ਹੀ ਕੁਦਰਤ ਦੀ ਵਿਸ਼ਾਲਤਾ ਦਾ ਅਹਿਸਾਸ ਹੁੰਦਾ ਹੈ। ਕਿੰਨੀ ਅਨੇਕਤਾ ਤੇ ਸੁੰਦਰਤਾ ਸਾਡੀਆਂ ਇਹਨਾਂ ਧਰਤੀਆਂ 'ਤੇ ਅਤੇ ਦੁਨੀਆਂ ਦੇ ਹੋਰ ਹਿੱਸਿਆਂ ਵਿੱਚ ਬਿਖਰੀ ਪਈ ਹੈ। ਜਦੋਂ ਕੁਦਰਤ ਦੀ ਇਸ ਵਿਸ਼ਾਲਤਾ ਨਾਲ਼ ਦੋ-ਚਾਰ ਹੁੰਦੇ ਹੋ ਤਾਂ ਤੁਹਾਡਾ ਮਨ ਵਿਸ਼ਾਲਤਾ ਨਾਲ਼ ਭਰ ਜਾਂਦਾ ਹੈ ਤੇ ਮਸੂਮੀਅਤ ਤੁਹਾਡੇ ਦਿਲ ਦਾ ਇੱਕ ਹਿੱਸਾ ਬਣ ਜਾਂਦੀ ਹੈ। ਭਾਵੇਂ ਕੁਝ ਦਿਨਾਂ ਵਿੱਚ ਤੁਸੀਂ ਕਿਸੇ ਵੀ ਥਾਂ ਦਾ ਸਭ ਕੁਝ ਨਹੀਂ ਵੇਖ ਸਕਦੇ, ਤੁਸੀਂ ਲੋਕਾਂ ਦੇ ਚਿਹਰਿਆਂ ਪਿੱਛੇ ਛੁਪੀਆਂ ਗ਼ਮੀਆਂ, ਤਲਖ਼ੀਆਂ ਤੇ ਹੋਰ ਅਨੇਕਾਂ ਤਰ੍ਹਾਂ ਦੇ ਅਹਿਸਾਸਾਂ ਨੂੰ ਨਹੀਂ ਜਾਣ ਸਕਦੇ। ਤੁਸੀਂ ਕਿੰਨਾ ਵੀ ਜਤਨ ਕਰੋ, ਤੁਸੀਂ ਜ਼ਿੰਦਗੀਆਂ ਤੇ ਧਰਤੀਆਂ ਦੇ ਇਹਨਾਂ ਸਮੁੰਦਰਾਂ 'ਚੋਂ ਮਸੀਂ ਗਾਗਰ ਕੁ ਪਾਣੀ ਹੀ ਭਰ ਸਕਦੇ ਹੋ ਪਰ ਤੁਸੀਂ ਸਮੁੰਦਰ ਦੇ ਪਾਣੀ ਦਾ ਰੰਗ ਤਾਂ ਵੇਖ ਸਕਦੇ ਹੋ, ਤੁਹਾਨੂੰ ਇਹ ਅਹਿਸਾਸ ਤਾਂ ਹੋ ਸਕਦਾ ਹੈ ਕਿ ਸਮੁੰਦਰ ਅੰਤਾਂ ਦੇ ਡੂੰਘੇ ਹਨ। ਚਲੋ ਐਨਾ ਹੀ ਸਹੀ, ਐਨੇ ਕੁ ਪ੍ਰਭਾਵ ਤਾਂ ਆਪਣੇ ਮਿੱਤਰਾਂ-ਬੇਲੀਆਂ ਨਾਲ਼ ਸਾਂਝੇ ਕੀਤੇ ਹੀ ਜਾ ਸਕਦੇ ਹਨ। ਵੈਸੇ ਹੀ ਹਰ ਵਿਅਕਤੀ ਦੀ ਤੱਕਣੀ ਅਤੇ ਪਰਖ ਵੱਖਰੀ ਹੁੰਦੀ ਹੈ। ਹਰ ਮਨੁੱਖ ਆਪਣੀ ਸ਼ਖ਼ਸੀਅਤ ਦੇ ਸ਼ੀਸ਼ੇ ਥਾਣੀਂ ਕਿਸੇ ਦੂਸਰੀ ਚੀਜ਼ ਨੂੰ ਵੇਖਦਾ-ਪਰਖਦਾ ਹੈ। ਇਸ ਲਈ ਕਿਸੇ ਵੀ ਧਰਤੀ ਬਾਰੇ ਜਾਂ ਲੋਕਾਂ ਬਾਰੇ ਹਰ ਯਾਤਰੂ ਦੇ ਪ੍ਰਭਾਵ ਵੱਖਰੇ ਹੋਣਗੇ। ਕਿਸੇ ਨੂੰ ਕਿਸੇ ਦੀਆਂ ਅੱਖਾਂ ਵਿੱਚ ਸ਼ਰਾਰਤ ਦੀ ਇੱਕ ਝਲਕ ਦਿਖਾਈ ਦੇ ਸਕਦੀ ਹੈ ਅਤੇ ਉਸ ਸਮੇਂ ਹੀ ਕਿਸੇ ਦੂਸਰੇ ਨੂੰ ਉਹਨਾਂ ਹੀ ਅੱਖਾਂ ਵਿੱਚ ਮਸੂਮੀਅਤ ਦੀ।

ਕਿਸੇ ਵੀ ਜਗ੍ਹਾ ਬਾਰੇ ਸਿਰਫ਼ ਆਪਣੀ ਨਜ਼ਰ ਤੋਂ ਹੀ ਵੇਖਿਆ ਜਾ ਸਕਦਾ ਹੈ ਅਤੇ ਆਪਣੀ ਸੋਚਣੀ ਤੋਂ ਹੀ ਦੱਸਿਆ ਜਾ ਸਕਦਾ ਹੈ। ਕਿਸੇ ਦੂਸਰੇ ਲਈ ਅੰਡੇਮਾਨ ਟਾਪੂਆਂ ਦੀ ਯਾਤਰਾ ਖ਼ੁਸ਼ਕੀਆਂ ਅਤੇ ਅਕੇਵਿਆਂ ਭਰੀ ਹੋ ਸਕਦੀ ਹੈ ਪਰ ਮੇਰੇ ਲਈ ਇਹ ਯਾਤਰਾ ਇੱਕ ਸਦੀਵੀ ਯਾਦ ਬਣ ਕੇ ਰਹਿ ਗਈ ਹੈ। ਉਸ ਤਰ੍ਹਾਂ ਦੀ ਯਾਦ, ਜਿਹੜੀ ਤੁਹਾਨੂੰ ਹਮੇਸ਼ਾਂ ਪ੍ਰੇਰਨਾ ਦਿੰਦੀ ਹੈ, ਜਿਹੜੀ ਤੁਹਾਨੂੰ ਹਮੇਸ਼ਾਂ ਆਪਣੇ ਵੱਲ ਆਉਣ ਦੇ ਇਸ਼ਾਰੇ ਕਰਦੀ ਹੈ।

ਇੱਥੇ ਮੈਂ ਤੁਹਾਡੇ ਨਾਲ਼ ਨਾਂਵਾਂ-ਥਾਂਵਾਂ ਦਾ ਜ਼ਿਕਰ ਕਰਨ ਦੀ ਬਜਾਏ ਆਪਣੇ 'ਤੇ ਪਏ ਪ੍ਰਭਾਵਾਂ ਨਾਲ਼ ਉਹਨਾਂ 'ਚੋਂ ਉਪਜੇ ਅਹਿਸਾਸਾਂ ਨੂੰ ਹੀ ਬਹੁਤਾ ਬਿਆਨ ਕਰਾਂਗਾ। ਮੇਰੀ ਨਜ਼ਰ ਵਿੱਚ ਕਿਸੇ ਜਗ੍ਹਾ ਦਾ ਨਾਂ ਕੋਈ ਵੀ ਹੋ ਸਕਦਾ ਹੈ ਅਤੇ ਇਹ ਬਦਲ ਵੀ ਸਕਦਾ ਹੈ। ਪਰ ਉਸ ਥਾਂ ਦੇ ਚਰਿੱਤਰ ਦੀ ਸਦੀਵਤਾ ਹਮੇਸ਼ਾਂ ਮਨ 'ਤੇ ਉੱਕਰੀ ਜਾਣ ਵਾਲ਼ੀ ਚੀਜ਼ ਹੁੰਦੀ ਹੈ। ਇਸ ਵਿੱਚ ਸ਼ੱਕ ਨਹੀਂ ਕਿ ਧਰਤੀਆਂ ਵੀ ਹਮੇਸ਼ਾਂ ਇੱਕੋ-ਜਿਹੀਆਂ ਨਹੀਂ ਰਹਿੰਦੀਆਂ ਤੇ ਇਹ ਵੀ ਸਮੇਂ ਤੇ ਸੱਭਿਅਤਾ ਦੀ ਉੱਨਤੀ ਨਾਲ਼ ਆਪਣੀ ਸ਼ਕਲ ਅਤੇ ਚਰਿੱਤਰ ਬਦਲਦੀਆਂ ਰਹਿੰਦੀਆਂ ਹਨ। ਲੋਕ ਵੀ ਸਮੇਂ ਅਤੇ ਵੱਖ-ਵੱਖ ਪ੍ਰਭਾਵਾਂ ਅਧੀਨ ਆਪਣੇ ਚਰਿੱਤਰ ਨੂੰ ਮੋੜਾ ਦਿੰਦੇ ਰਹਿੰਦੇ ਹਨ। ਇਸ ਨੂੰ ਹੀ ਜ਼ਿੰਦਗੀ ਦਾ ਚੱਲਦਾ ਹੋਇਆ ਪ੍ਰਵਾਹ ਕਿਹਾ ਜਾ ਸਕਦਾ ਹੈ। ਪਰ ਕਿਸੇ ਵਿਸ਼ੇਸ਼ ਸਮੇਂ, ਵਿਸ਼ੇਸ਼ ਸਥਾਨ 'ਤੇ ਜੋ ਪ੍ਰਭਾਵ ਮਨੁੱਖ ਗ੍ਰਹਿਣ ਕਰ ਸਕਦਾ ਹੈ ਅਤੇ ਜੋ ਉਸ ਲਈ ਪ੍ਰੇਰਨਾ-ਸ੍ਰੋਤ ਬਣਦੇ ਹਨ, ਉਹਨਾਂ ਨੂੰ ਸਾਂਝਿਆਂ ਕਰਨਾ ਜ਼ਰੂਰ ਹੀ ਵਧੀਆ ਗੱਲ ਹੈ।

ਅੰਡੇਮਾਨ ਟਾਪੂਆਂ ਨੂੰ ਕਦੇ "ਕਾਲ਼ੇਪਾਣੀ" ਦੇ ਨਾਂ ਨਾਲ਼ ਯਾਦ ਕੀਤਾ ਜਾਂਦਾ ਸੀ। ਅੱਜ ਵੀ ਜਦੋਂ ਅਸੀਂ "ਕਾਲ਼ੇਪਾਣੀ"



Downloaded from https:// www.studiestoday.com

Downloaded from https:// www.studiestoday.com

ਦਾ ਨਾਂ ਲੈਂਦੇ ਹਾਂ ਤਾਂ ਮਨ ਵਿੱਚ ਦਹਿਸ਼ਤ ਪੈਦਾ ਹੁੰਦੀ ਹੈ। ਇਹ ਅਕਸਰ ਕਿਹਾ ਜਾਂਦਾ ਸੀ ਕਿ ਅੰਗਰੇਜ਼ਾਂ ਦੇ ਜ਼ਮਾਨੇ ਵਿੱਚ ਜਦੋਂ ਕਿਸੇ ਨੂੰ ਇਸ ਧਰਤੀ 'ਤੇ ਭੇਜ ਦਿੱਤਾ ਜਾਂਦਾ ਸੀ ਤਾਂ ਉਸ ਦੇ ਵਾਪਸ ਆਉਣ ਦੀ ਆਸ, ਅਕਸਰ ਲਾਹ ਦਿੱਤੀ ਜਾਂਦੀ ਸੀ। ਮੁਲਕ ਦੀ ਅਜ਼ਾਦੀ ਲਈ ਲੜ ਕੇ ਸਾਡੇ ਕੌਮੀ ਪਰਵਾਨਿਆਂ ਨੇ ਇਹਨਾਂ ਧਰਤੀਆਂ 'ਤੇ ਕਿੰਨੇ ਜ਼ੁਲਮ ਸਹੇ, ਕਿੰਨੀਆਂ ਮਾਰਾਂ ਖਾਧੀਆਂ, ਇਸ ਦਾ ਅਹਿਸਾਸ ਸ਼ਾਇਦ ਸਾਡੀ ਨੌਜਵਾਨ ਪੀੜ੍ਹੀ ਉਸ ਸ਼ਿੱਦਤ ਨਾਲ਼ ਨਾ ਕਰ ਸਕੇ ਪਰ ਜਦੋਂ ਪੋਰਟ ਬਲੇਅਰ ਵਿੱਚ ਸਥਿਤ ਸੈਲੂਲਰ ਜੇਲ੍ਹ, ਜਿੱਥੇ ਕਿ ਅਜ਼ਾਦੀ ਲਈ ਲੜਦੇ ਸਾਰੇ ਕਾਲ਼ੇਪਾਣੀਆਂ ਦੇ ਕੈਦੀਆਂ ਨੂੰ ਰੱਖਿਆ ਜਾਂਦਾ ਸੀ, ਦੇ ਵਰਾਂਡਿਆਂ ਵਿਚ ਫਿਰਦੇ ਹੋਏ ਤੁਸੀਂ 8 × 6 ਫੁੱਟ ਦੇ ਛੋਟੇ-ਛੋਟੇ ਸੈੱਲਾਂ ਨੂੰ ਦੇਖਦੇ ਹੋ, ਜਿਨ੍ਹਾਂ ਵਿੱਚ ਰੋਸ਼ਨੀ ਤੇ ਹਵਾ ਵੀ ਸ਼ਾਇਦ ਆਉਣੋਂ ਬੇਹੱਦ ਝਕਦੇ ਹੋਣ ਤਾਂ ਮਨ ਆਪਣੇ ਬਜ਼ੁਰਗ ਦੇਸ-ਭਗਤਾਂ ਦੀ ਯਾਦ ਨਾਲ਼ ਭਰ ਉੱਠਦਾ ਹੈ। ਉਹਨਾਂ ਦੀ ਯਾਦ ਆਉਂਦੇ ਹੀ ਅੱਖਾਂ ਵਿੱਚ ਨਮੀ ਤੈਰ ਜਾਂਦੀ ਹੈ। ਜੀਅ ਕਰਦਾ ਹੈ ਕਿ ਵਾਰ-ਵਾਰ ਇਹਨਾਂ ਛੋਟੇ-ਛੋਟੇ ਸੈੱਲਾਂ ਨੂੰ ਦੇਖਦੇ ਰਹੀਏ, ਵਾਰ-ਵਾਰ ਆਪਣੇ ਅਜ਼ਾਦੀ ਦੇ ਪਰਵਾਨਿਆਂ ਨੂੰ ਯਾਦ ਕਰਦੇ ਰਹੀਏ, ਵਾਰ-ਵਾਰ ਇਸ ਜਗ੍ਹਾ ਨੂੰ ਨਮਸਕਾਰ ਕਰੀਏ।

ਕਾਲ਼ੇਪਾਣੀਆਂ ਦੀ ਧਰਤੀ ਆਪਣੇ ਪਹਿਲੇ ਨਾਂਵਾਂ ਵਾਂਗ ਡਰਾਉਣੀ ਤੇ ਖ਼ੁਸ਼ਕ ਨਹੀਂ ਸਗੋਂ ਗਹਿਰੇ ਸਮੁੰਦਰਾਂ ਵਿੱਚ ਨਿੱਕੇ-ਨਿੱਕੇ ਟਾਪੂਆਂ ਦੀ ਸ਼ਕਲ ਵਿੱਚ ਆਪਣੀ ਹੋਂਦ ਬਣਾਈ ਬੈਠੀ ਇਹ ਧਰਤੀ ਅੰਤਾਂ ਦੀ ਖ਼ੂਬਸੂਰਤ ਹੈ। ਇਸ ਦੀ ਖ਼ੂਬਸੂਰਤੀ ਦਾ ਅੰਦਾਜ਼ਾ ਸ਼ਾਇਦ ਇਸ ਨੂੰ ਵੇਖਣ ਤੋਂ ਬਗ਼ੈਰ ਨਹੀਂ ਲਾਇਆ ਜਾ ਸਕਦਾ। ਜੇ ਮੈਂ ਕਹਾਂ ਕਿ ਇਹ ਟਾਪੂ ਸਾਡੇ ਮੁਲਕ ਦੀਆਂ ਅਤਿ ਸੁੰਦਰ ਧਰਤੀਆਂ ਵਿੱਚੋਂ ਹੈ ਤਾਂ ਇਸ ਵਿੱਚ ਕਿਸੇ ਤਰ੍ਹਾਂ ਦੀ ਕੋਈ ਅੱਤਕਥਨੀ ਜਾਂ ਉਪਭਾਵਕਤਾ ਦੀ ਗੱਲ ਨਹੀਂ ਹੋਵੇਗੀ।

ਇਹ ਟਾਪੂ ਭਾਰਤ ਦੀ ਧਰਤੀ ਤੋਂ ਸਮੁੰਦਰ ਅੰਦਰ ਬਹੁਤ ਦੂਰ ਹੋਣ ਕਾਰਨ ਇਵੇਂ ਲੱਗਦਾ ਹੈ, ਜਿਵੇਂ ਇੱਥੇ ਸਾਡੀ ਧਰਤੀ ਦੀਆਂ ਘਾਟਾਂ, ਛੋਟਾਂ ਤੇ ਕਮੀਨਗੀਆਂ ਹਾਲੇ ਘੱਟ ਪਹੁੰਚੀਆਂ ਹਨ। ਇੱਥੇ ਵੱਸਣ ਵਾਲੇ ਲੋਕ ਜਿੱਥੇ ਬੇਹੱਦ ਮਿਲਣਸਾਰ ਹਨ, ਉੱਥੇ ਝਗੜਾਲੂ ਜ਼ਰਾ ਵੀ ਨਜ਼ਰ ਨਹੀਂ ਆਉਂਦੇ ਅਤੇ ਭਾਵੇਂ ਇਹ ਕਿਸੇ ਵੀ ਧਰਮ ਵਿੱਚ ਯਕੀਨ ਰੱਖਦੇ ਹੋਣ, ਇਹਨਾਂ ਦਾ ਪਿਆਰ ਤੇ ਸਤਿਕਾਰ ਦੂਸਰੇ ਧਰਮਾਂ ਲਈ ਇੱਕੋ-ਜਿਹਾ ਹੈ। ਸਾਡੀ ਧਰਤੀ ਤੋਂ ਐਨੀ ਦੂਰ ਇਹਨਾਂ ਨਿੱਕੇ-ਨਿੱਕੇ ਟਾਪੂਆਂ ਵਿੱਚ ਵੀ ਐਨੇ ਪਿਆਰੇ ਲੋਕ ਵੱਸਦੇ ਹਨ, ਇਸ ਦਾ ਸਾਨੂੰ ਇੱਥੇ ਬੈਠਿਆਂ ਅਹਿਸਾਸ ਨਹੀਂ ਹੁੰਦਾ।

ਅੰਡੇਮਾਨ ਅਤੇ ਨਿਕੋਬਾਰ ਦੇ ਛੋਟੇ-ਛੋਟੇ 400 ਦੇ ਕਰੀਬ ਟਾਪੂ ਹਨ। ਇਹਨਾਂ ਵਿੱਚੋਂ 40 ਦੇ ਲਗ-ਪਗ ਟਾਪੂਆਂ ਵਿੱਚ ਮਨੁੱਖੀ ਜ਼ਿੰਦਗੀ ਧੜਕਦੀ ਹੈ। ਬਾਕੀਆਂ ਵਿੱਚ ਪਹਾੜ ਹਨ, ਜੰਗਲ਼ ਹਨ, ਜਾਨਵਰ ਹਨ, ਪੰਛੀ ਹਨ ਅਤੇ ਉਹਨਾਂ ਦੀ ਚਹਿਚਹਾਟ ਹੈ। ਹਰੇਕ ਟਾਪੂ ਦੀ ਜ਼ਿੰਦਗੀ ਆਪਣੇ ਆਪ ਵਿੱਚ ਸੰਪੂਰਨ ਹੈ। ਉੱਥੋਂ ਦੇ ਰਹਿਣ ਵਾਲ਼ੇ ਲੋਕਾਂ ਦੀ ਖ਼ੁਦ ਦੀ ਬਣਾਈ ਹੋਈ ਧਰਤੀ ਵਿੱਚ ਉਹ ਪੂਰੀ ਤਰ੍ਹਾਂ ਸੰਤੁਸ਼ਟ ਹਨ। ਕੁਝ ਟਾਪੂਆਂ ਵਿੱਚ ਹਾਲੇ ਵੀ ਪੁਰਾਣੇ ਕਬੀਲਿਆਂ ਦੇ ਲੋਕ ਰਹਿੰਦੇ ਹਨ। ਬਹੁਤ ਦੇਰ ਸੱਭਿਅਤਾ ਤੋਂ ਦੂਰ ਰਹੇ ਹੋਣ ਕਾਰਨ ਇਹਨਾਂ ਲੋਕਾਂ ਦੀਆਂ ਸ਼ਖ਼ਸੀਅਤਾਂ ਕਾਫ਼ੀ ਪੱਖਾਂ ਤੋਂ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਈਆਂ। ਇਹ ਗੱਲ ਪ੍ਰਸ਼ੰਸਾਯੋਗ ਹੈ ਕਿ ਭਾਰਤ ਸਰਕਾਰ ਦਿਨ ਪ੍ਰਤਿ ਦਿਨ ਖ਼ਤਮ ਹੋ ਰਹੇ ਇਹਨਾਂ ਕਬੀਲਿਆਂ ਵੱਲ ਆਪਣੀ ਪੂਰੀ ਤਵੱਜੋ ਦੇ ਰਹੀ ਹੈ ਤੇ ਇਸ ਜਤਨ ਵਿੱਚ ਹੈ ਕਿ ਨਾ ਸਿਰਫ਼ ਇਹਨਾਂ ਦੀ ਹੋਂਦ ਹੀ ਬਣਾਈ ਰੱਖੀ ਜਾ ਸਕੇ ਸਗੋਂ ਇਹਨਾਂ ਕਬੀਲਿਆਂ ਅੰਦਰ ਨਵੀਂ ਜ਼ਿੰਦਗੀ ਵੀ ਧੜਕਾਈ ਜਾ ਸਕੇ। ਕੁਝ ਟਾਪੂਆਂ 'ਤੇ ਸਰਕਾਰ ਵੱਲੋਂ ਕਬੀਲਿਆਂ ਦੇ ਲੋਕਾਂ ਦੀਆਂ ਲੋੜਾਂ ਮੁਤਾਬਕ ਹਰ ਪਰਿਵਾਰ ਲਈ ਘਰ ਬਣਾਏ ਗਏ ਹਨ, ਉਹਨਾਂ ਦੇ ਕਾਸ਼ਤ ਕਰਨ ਲਈ ਉਸ ਟਾਪੂ ਵਿੱਚ ਕੁਝ ਬਾਗ਼ ਵੀ ਲਾਏ ਗਏ ਹਨ ਅਤੇ ਥੋੜ੍ਹੀ-ਬਹੁਤ ਜ਼ਮੀਨ ਨੂੰ ਖੇਤੀ ਯੋਗ ਵੀ ਬਣਾਇਆ ਗਿਆ ਹੈ ਤਾਂਜੋ ਉੱਥੇ ਕਬੀਲਿਆਂ ਦੇ ਲੋਕ ਜੇਕਰ ਚਾਹੁਣ ਤਾਂ ਕੁਝ ਉਗਾ ਵੀ ਸਕਣ। ਪਰ ਹਾਲੇ ਇਸ ਵਿੱਚ ਸਰਕਾਰ ਨੂੰ ਪੂਰੀ ਸਫ਼ਲਤਾ ਪ੍ਰਾਪਤ ਨਹੀਂ ਹੋ ਸਕੀ ਕਿਉਂਕਿ ਇਹਨਾਂ ਕਬੀਲਿਆਂ ਦੇ ਲੋਕਾਂ ਦੇ ਸਿੱਖਣ ਦੀ ਸਮਰੱਥਾ ਓਨੀ ਜ਼ਿਆਦਾ ਨਹੀਂ ਹੈ। ਇਸ ਤੋਂ ਇਲਾਵਾ ਉਹਨਾਂ ਨੂੰ ਆਪਣੇ ਹੀ ਢੰਗ ਨਾਲ਼ ਜ਼ਿੰਦਗੀ ਜਿਊਣੀ ਜ਼ਿਆਦਾ ਪਿਆਰੀ ਲੱਗਦੀ ਹੈ। ਭਾਵੇਂ ਉਹਨਾਂ ਨੇ ਸਰਕਾਰ ਵੱਲੋਂ ਦਿੱਤੇ ਕੱਪੜੇ ਪਾਉਣੇ ਸ਼ੁਰੂ ਕਰ ਦਿੱਤੇ ਹਨ ਪਰ ਬਹੁਤੇ ਕਬੀਲਿਆਂ ਦੀਆਂ ਬਹੁਤੀਆਂ ਔਰਤਾਂ ਕੱਪੜੇ ਪਾਉਣਾ ਪਸੰਦ ਨਹੀਂ ਕਰਦੀਆਂ। ਆਪਣੇ ਸਰੀਰ ਦੇ ਕੁਝ ਭਾਗਾਂ ਨੂੰ ਪੱਤਿਆਂ ਜਾਂ ਘਾਹ-ਫੂਸ ਨਾਲ਼ ਢਕ ਕੇ ਹੀ ਖ਼ੁਸ਼ ਰਹਿੰਦੀਆਂ ਹਨ। ਸਮੁੰਦਰਾਂ 'ਚੋਂ ਮੱਛੀ ਫੜਨਾ ਹੀ ਹਾਲੇ ਇਹਨਾਂ ਲੋਕਾਂ ਨੇ ਆਪਣਾ ਮੁੱਖ ਰੁਝੇਵਾਂ ਬਣਾਇਆ ਹੋਇਆ ਹੈ ਪਰ ਇਹਨਾਂ ਟਾਪੂਆਂ ਵਿੱਚ ਹੀ ਹਾਲੇ 'ਸਿੰਥਾਲ' ਤੇ 'ਜਰਬਾ' ਕਬੀਲੇ ਅਜਿਹੇ ਹਨ ਜਿਹੜੇ ਪੁਰਾਣੇ ਜੰਗਲ਼ੀ ਮਨੁੱਖਾਂ ਵਾਂਗ ਹੀ ਰਹਿ ਰਹੇ ਹਨ। ਸਰਕਾਰ ਨੇ ਬਹੁਤ ਵਾਰ ਜਤਨ ਕੀਤਾ ਹੈ ਕਿ ਜਿਨ੍ਹਾਂ ਟਾਪੂਆਂ ਵਿੱਚ ਇਹਨਾਂ ਕਬੀਲਿਆਂ ਦੇ ਲੋਕ ਰਹਿੰਦੇ ਹਨ, ਉੱਥੇ ਉਹਨਾਂ ਨਾਲ਼ ਸੰਪਰਕ ਪੈਦਾ ਕਰਕੇ ਉਹਨਾਂ ਨੂੰ ਆਪਣੇ ਕੌਮੀ ਜੀਵਨ ਨਾਲ਼ ਜੋੜਨ ਦਾ ਜਤਨ ਕੀਤਾ ਜਾਏ ਪਰ ਹਾਲੇ ਤੱਕ ਸਰਕਾਰ ਨੂੰ ਇਸ ਪਾਸੇ ਬਹੁਤੀ ਸਫ਼ਲਤਾ ਪ੍ਰਾਪਤ ਨਹੀਂ ਹੋਈ ਕਿਉਂਕਿ ਇਹਨਾਂ ਕਬੀਲਿਆਂ ਦੇ ਲੋਕ ਜਿੱਥੇ ਆਪਣੀ ਹੀ ਜ਼ਿੰਦਗੀ ਜਿਊਂਣ ਵਿੱਚ ਮਸਤ ਹਨ, ਉੱਥੇ ਸ਼ਾਇਦ ਉਹ ਆਧੁਨਿਕ ਮਨੁੱਖ ਤੋਂ ਵੀ ਡਰਦੇ ਹਨ। ਵੈਸੇ ਅੱਜ ਦੇ ਮਨੁੱਖ ਨੂੰ ਵੇਖ ਕੇ, ਇਸ ਬਾਰੇ ਸੋਚ ਕੇ, ਇਤਿਹਾਸ ਵਿੱਚ ਜੋ ਇਸ ਨੇ ਕੀਤਾ ਹੈ, ਉਸ ਨੂੰ ਪੜ੍ਹ ਕੇ ਇਸ ਤੋਂ ਡਰ ਲੱਗਣਾ ਸੁਭਾਵਿਕ ਹੈ। ਭਾਵੇਂ ਅਸੀਂ ਅੱਜ



Downloaded from https:// www.studiestoday.com

Downloaded from https:// www.studiestoday.com

ਉੱਨਤੀ ਦੀਆਂ ਸਿਖਰਾਂ ’ਤੇ ਹਾਂ ਪਰ ਕੀ ਸਾਡੀ ਹਵਸ, ਸਾਡਾ ਲੋਭ, ਸਾਡਾ ਹੰਕਾਰ ਸਾਨੂੰ ਇਹਨਾਂ ਜੰਗਲ਼ੀ ਲੋਕਾਂ ਦੀਆਂ ਨਜ਼ਰਾਂ ਵਿੱਚ ਡੇਗਦਾ ਨਹੀਂ ? ਜੇਕਰ ਇਹ ਲੋਕ ਸਾਡੇ ਵਿੱਚ ਨਹੀਂ ਰਲਣਾ ਚਾਹੁੰਦੇ ਤਾਂ ਕੀ ਬਹੁਤੀ ਹੱਦ ਤੱਕ ਉਹਨਾਂ ਦੇ ਇਹ ਵਿਚਾਰ ਠੀਕ ਨਹੀਂ ?

ਅੰਡੇਮਾਨ ਦੀ ਯਾਤਰਾ ’ਤੇ ਮੈਂ ਭਾਰਤ ਸਰਕਾਰ ਦੇ ਸੱਦੇ ਉੱਤੇ ਇੱਕ ਪੱਤਰਕਾਰ ਦੇ ਤੌਰ ’ਤੇ ਗਿਆ ਸਾਂ। ਅਸੀਂ ਸਵੇਰੇ 7 ਵਜੇ ਇੰਡੀਅਨ ਏਅਰ ਲਾਈਨਜ਼ ਦੇ ਜਹਾਜ਼ ਰਾਹੀਂ ਕਲਕੱਤੇ ਤੋਂ ਇਸ ਪਿਆਰੇ ਸਫ਼ਰ ਲਈ ਰਵਾਨਾ ਹੋਏ ਸਾਂ। ਹਵਾਈ ਉਡਾਣ ਕਾਫ਼ੀ ਲੰਮੀ ਸੀ। ਹਵਾਈ ਜਹਾਜ਼ ’ਚੋਂ ਚਾਰੇ ਪਾਸੇ ਹੀ ਸਮੁੰਦਰ ਨਜ਼ਰ ਆ ਰਿਹਾ ਸੀ। ਲਗ-ਪਗ ਦੋ ਘੰਟੇ ਦੀ ਉਡਾਣ ਤੋਂ ਬਾਅਦ ਸਾਨੂੰ ਇਹ ਟਾਪੂ ਦਿਖਾਈ ਦੇਣ ਲੱਗੇ ਸਨ। ਦੂਰ ਤੋਂ ਵੇਖਣ ’ਤੇ ਅਨੰਤ ਸਮੁੰਦਰ ਦੀ ਤਹਿ ’ਤੇ ਫੈਲੇ ਹੋਏ ਇਹ ਛੋਟੇ-ਛੋਟੇ ਕਾਲ਼ੇ ਬਿੰਦੂ ਹੀ ਦਿਖਾਈ ਦੇ ਰਹੇ ਹਨ। ਜਿਵੇਂ-ਜਿਵੇਂ ਹਵਾਈ ਜਹਾਜ਼ ਨੇੜੇ ਪਹੁੰਚਦਾ ਜਾ ਰਿਹਾ ਸੀ, ਇਹਨਾਂ ਦੀ ਸੁੰਦਰਤਾ ਸਾਕਾਰ ਹੋ ਰਹੀ ਸੀ। ਬਹੁਤੀ ਦੂਰੀ ਤੋਂ ਅੰਡੇਮਾਨ ਦੇ ਟਾਪੂ ਸ਼ਾਇਦ ਆਪਣਾ ਸੁਹੱਪਣ ਖੋਲ੍ਹ ਕੇ ਦਿਖਾਉਣ ਤੋਂ ਸ਼ਰਮਾਉਂਦੇ ਹਨ।

ਪੋਰਟ ਬਲੇਅਰ ਦੇ ਛੋਟੇ ਜਿਹੇ ਹਵਾਈ ਅੱਡੇ ਦੀ ਛਾਤੀ ’ਤੇ ਜਹਾਜ਼ ਦੇ ਪਹੀਏ ਘੁੰਮਣ ਲੱਗੇ। ਛੋਟੀਆਂ-ਛੋਟੀਆਂ ਪਹਾੜੀਆਂ ’ਤੇ ਚਰ ਰਹੇ ਜਾਨਵਰ, ਅਕਾਸ਼ ’ਤੇ ਛਾਏ ਹੋਏ ਗੂੜ੍ਹੇ ਬੱਦਲ਼, ਹਰ ਪਾਸੇ ਦਰਖ਼ਤਾਂ ਦੇ ਝੁੰਡਾਂ ਵਿੱਚੋਂ ਇਕਦਮ ਹੀ ਬਾਹਰਲਾ ਦ੍ਰਿਸ਼ ਐਨਾ ਪਿਆਰਾ ਲੱਗਿਆ ਕਿ ਦਿਲ ਕੀਤਾ ਕਿ ਜਹਾਜ਼ ਦੇ ਪਹੀਏ ਇਸੇ ਤਰ੍ਹਾਂ ਇਹਨਾਂ ਸੜਕਾਂ ’ਤੇ ਦੌੜਦੇ ਰਹਿਣ ਤੇ ਮੈਂ ਕੁਦਰਤ ਦਾ ਇਹ ਚਮਤਕਾਰ ਘੰਟਿਆਂ ਬੱਧੀ ਦੇਖਦਾ ਰਹਾਂ। ਸੱਚ-ਮੁੱਚ ਕੁਦਰਤ ਕਿੰਨੀ ਪਿਆਰੀ ਹੁੰਦੀ ਹੈ। ਮਨੁੱਖੀ ਮਨ ਅੰਦਰ ਸ਼ਾਂਤੀ ਤੇ ਵਿਸ਼ਾਲਤਾ ਭਰਨ ਲਈ ਧਰਤੀ ਦੇ ਕਿਸੇ ਕੋਨੇ ’ਤੇ ਕੁਦਰਤ ਆਪਣੀ ਐਸੀ ਛਾਪ ਛੱਡ ਜਾਂਦੀ ਹੈ ਕਿ ਇਹ ਸਦੀਆਂ ਤੱਕ ਆਦਮੀ ਲਈ ਇੱਕ ਹੁਲਾਰਾ ਬਣੀ ਰਹਿੰਦੀ ਹੈ। ਮਨ ਅੰਦਰ ਇੱਕ ਹੁਲਾਸ ਕਿ ਮੈਂ ਕੁਝ ਦਿਨਾਂ ਲਈ ਆਪਣੀ ਦੁਨੀਆਂ ਤੇ ਇਸ ਵਿਚਲੀਆਂ ਚੰਗਿਆਈਆਂ-ਬੁਰਾਈਆਂ ਨੂੰ ਛੱਡ ਕੇ ਕੁਦਰਤ ਦੀ ਗੋਦ ਵਿੱਚ ਗੁਜ਼ਾਰਾਂਗਾ—ਉਸ ਕੁਦਰਤ ਦੀ ਛਾਤੀ ’ਤੇ ਉਸ ਕੁਦਰਤ ਦੀ ਗੋਦ ਵਿੱਚ, ਜਿਸ ਵਿੱਚ ਨਿੱਘ ਹੀ ਨਿੱਘ ਅਤੇ ਪਿਆਰ ਹੀ ਪਿਆਰ ਹੈ— ਉਸ ਕੁਦਰਤ ਵਿੱਚ ਜਿਹੜੀ ਹਮੇਸ਼ਾਂ ਮਨ ਅੰਦਰ ਸਥਿਰ ਹੋਈ, ਹੁਲਾਸ ਨਾਲ਼ ਭਰਦੀ ਰਹੇਗੀ।

**ਪੋਰਟ ਬਲੇਅਰ ਦੀਆਂ ਬੀਚਾਂ—**

ਪੋਰਟ ਬਲੇਅਰ ਅੰਡੇਮਾਨ ਦੀ ਰਾਜਧਾਨੀ ਹੈ। ਇਹ ਛੋਟੀਆਂ-ਛੋਟੀਆਂ ਪਹਾੜੀਆਂ ’ਤੇ ਵੱਸਿਆ ਹੋਇਆ ਇੱਕ ਅਤਿਅੰਤ ਪਿਆਰਾ ਸ਼ਹਿਰ ਹੈ। ਇੱਥੇ ਅਤਿਅੰਤ ਪਿਆਰੀਆਂ ਬੀਚਾਂ ਹਨ। ਇਹਨਾਂ ਵਿੱਚੋਂ ਸਭ ’ਤੋਂ ਪਿਆਰੀ ਬੀਚ ਕਾਸ-ਵਿਸਕੋਪ ਹੈ। ਇਸ ਦੇ ਆਲ਼ੇ-ਦੁਆਲ਼ੇ ਨਾਰੀਅਲ ਦੇ ਦਰਖ਼ਤ ਤੇ ਇੱਥੇ ਕਈ ਛੋਟੇ-ਛੋਟੇ ਹੋਰ ਟਾਪੂ ਦਿਖਾਈ ਦਿੰਦੇ ਹਨ, ਨਿੱਕੇ-ਨਿੱਕੇ ਟਾਪੂ ਤੇ ਹਰ ਇੱਕ ਦੀ ਆਪਣੀ ਦੁਨੀਆਂ। ਜੇਕਰ ਕਿਸੇ ਟਾਪੂ ’ਤੇ ਮਨੁੱਖ ਦਾ ਵਾਸਾ ਨਹੀਂ ਤਾਂ ਉੱਥੇ ਵੀ ਪੰਛੀ ਤੇ ਸਮੁੰਦਰੀ ਜਾਨਵਰਾਂ ਨੇ ਜ਼ਿੰਦਗੀ ਧੜਕਾਈ ਹੋਈ ਹੈ। ਬੀਚ ਦੇ ਬਿਲਕੁਲ ਨੇੜੇ, ਸਾਹਮਣੇ ਇੱਕ ਛੋਟਾ ਜਿਹਾ ਟਾਪੂ ਨਜ਼ਰ ਆਉਂਦਾ ਹੈ। ਬੀਚ ’ਤੇ ਖੜ੍ਹਿਆਂ ਦਿਲ ਕੀਤਾ ਕਿ ਇਸ ਪਿਆਰੇ ਮੌਸਮ ਵਿੱਚ ਸਮੁੰਦਰ ਵਿੱਚ ਛਲ਼ਾਂਗ ਲਾਵਾਂ, ਦੂਰ ਤੱਕ ਤਰਦਾ ਜਾਵਾਂ, ਤਰਦਾ ਜਾਵਾਂ। ਜਦੋਂ ਆਪਣੀ ਇਹ ਇੱਛਾ ਆਪਣੇ ਸਾਥੀਆਂ ਅਤੇ ਪੋਰਟ ਬਲੇਅਰ ਦੇ ਹੀ ਰਹਿਣ ਵਾਲ਼ੇ ਇੱਕ ਅਫ਼ਸਰ ਨੂੰ ਦੱਸੀ ਤਾਂ ਉਸ ਨੇ ਕਿਹਾ ਕਿ ਇਸ ਨੂੰ ਸੱਪਾਂ ਦਾ ਟਾਪੂ ਕਹਿੰਦੇ ਹਨ। ਪਾਣੀ ਦੇ ਸੱਪ ਇੱਥੇ ਸਸਤਾਉਣ ਲਈ ਤੇ ਧੁੱਪ ਸੇਕਣ ਲਈ ਆਉਂਦੇ ਹਨ।

ਮਨ ਵਿੱਚ ਪੁਰਾਣੀਆਂ ਪਰੀ-ਕਹਾਣੀਆਂ ਦੀ ਯਾਦ ਤਾਜ਼ਾ ਹੋ ਗਈ। ਇੱਕ ਸੱਪਾਂ ਦਾ ਦੇਸ ਸੀ। ਅਚਾਨਕ ਹੀ ਭੁੱਲੀ-ਭਟਕੀ ਇੱਕ ਪਰੀ ਉੱਥੇ ਆ ਗਈ। ਸੱਪਾਂ ਨੇ ਉਸ ਨੂੰ ਕੱਟਿਆ ਨਹੀਂ। ਸ਼ਾਇਦ ਉਹਨਾਂ ਨੂੰ ਪਰੀ ਤੋਂ ਡਰ ਨਾ ਲੱਗਾ ਹੋਵੇ। ਜਦੋਂ ਕਿਸੇ ਨੂੰ ਕਿਸੇ ਤੋਂ ਡਰ ਨਾ ਲੱਗੇ ਤਾਂ ਉਹ ਉਸ ਨੂੰ ਕਿਉਂ ਕੱਟੇਗਾ? ਇਹ ਤਾਂ ਮਨੁੱਖੀ ਫ਼ਿਤਰਤ ਹੈ ਜਿਹੜੀ ਖ਼ਾਹ-ਮਖ਼ਾਹ ਜਾਂ ਆਪਣੀ ਹਵਸ ਦੀ ਪੂਰਤੀ ਲਈ ਦੂਸਰੇ ਦੇ ਗਲ਼ ਪੈਂਦੀ ਹੈ। ਮੈਂ ਝੂਠ ਨਹੀਂ ਬੋਲ ਰਿਹਾ, ਇਸ ਸਭ ਦਾ ਗਵਾਹ ਸਾਡਾ ਇਤਿਹਾਸ ਹੈ। ਤੁਸੀਂ ਆਪਣੇ ਇਤਿਹਾਸ ਤੋਂ ਕਿਵੇਂ ਮੁਨਕਰ ਹੋ ਸਕਦੇ ਹੋ ?

ਖੁੱਲ੍ਹੀ-ਡੁੱਲ੍ਹੀ ਸਮੁੰਦਰ ਦੇ ਪਾਣੀ ਨਾਲ਼ ਸਰਗੋਸ਼ੀਆਂ ਕਰਦੀ ਬੀਚ ਦੀ ਗੱਲ ਛੱਡੀਏ। ਪੋਰਟ ਬਲੇਅਰ ਸ਼ਹਿਰ ਦਾ ਚੱਪਾ-ਚੱਪਾ ਸੁੰਦਰ ਹੈ। ਹਰ ਥਾਂ ਕੁਦਰਤ ਨੇ ਆਪਣੀ ਛਾਪ ਛੱਡੀ ਹੋਈ ਹੈ। ਹੁਣ ਭਾਵੇਂ ਇੱਥੇ ਬਹੁਤ ਸਾਰੇ ਭਾਰਤੀ ਕਲਕੱਤੇ ਤੇ ਮਦਰਾਸ ਰਾਹੀਂ ਆ ਗਏ ਹਨ ਤੇ ਬਹੁਤ ਸਾਰੇ ਸਰਕਾਰੀ ਨੌਕਰੀਆਂ ਵਾਲ਼ੇ ਬੰਦੇ ਵੀ ਰਹਿ ਰਹੇ ਹਨ ਪਰ ਹਾਲੀ ਵੀ ਕਾਫ਼ੀ ਅਬਾਦੀ ਵਿੱਚ ਉਹ ਲੋਕ ਵੱਸਦੇ ਹਨ, ਜਿਨ੍ਹਾਂ ਦੇ ਦਾਦੇ-ਪੜਦਾਦੇ 1857 ਤੋਂ ਬਾਅਦ ਅੰਗਰੇਜ਼ਾਂ ਦੇ ਕੈਦੀ ਬਣ ਕੇ ਇੱਥੇ ਆਏ ਸਨ। ਇਹਨਾਂ ਕੈਦੀਆਂ ਵਿੱਚ ਅਜ਼ਾਦੀ ਦੇ ਪਰਵਾਨਿਆਂ ਤੋਂ ਇਲਾਵਾ ਖ਼ਤਰਨਾਕ ਚੋਰ, ਡਾਕੂ ਆਦਿ ਵੀ ਸਨ। ਅੱਜ ਜਦੋਂ ਅਸੀਂ ਇਸ ਸ਼ਹਿਰ ਦੇ ਵਸਨੀਕਾਂ ਨੂੰ ਦੇਖਦੇ ਹਾਂ, ਉਹਨਾਂ ਨਾਲ਼ ਗੱਲਾਂ ਕਰਦੇ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਕਦੀ ਇਹਨਾਂ ਲੋਕਾਂ ਦੇ ਪੁਰਖੇ ਵੀ



Downloaded from https:// www.studiestoday.com

Downloaded from https:// www.studiestoday.com

ਖ਼ਤਰਨਾਕ ਅਪਰਾਧੀ ਰਹੇ ਹੋਣਗੇ। ਕਿੰਨਾ ਅੰਤਰ ਆ ਗਿਆ ਹੈ, ਇਸ ਸ਼ਹਿਰ ਦੀ ਅੱਜ ਦੀ ਤੇ 100 ਵਰ੍ਹੇ ਪਹਿਲਾਂ ਦੀ ਜ਼ਿੰਦਗੀ ਵਿੱਚ। ਕਿੱਥੇ ਸਿਰਫ਼ ਜੰਗਲ਼ਾਂ ਨਾਲ਼ ਭਰਿਆ ਹੋਇਆ ਬੇਅਬਾਦ ਟਾਪੂ ਸੀ, ਕਿੱਥੇ ਕੁਦਰਤ ਦੀ ਗੋਦ ਵਿੱਚ ਵੱਸਿਆ ਹੋਇਆ ਇੱਕ ਸ਼ਾਨਦਾਰ ਤੇ ਪਿਆਰਾ ਸ਼ਹਿਰ। ਇੱਥੋਂ ਦੀ ਸਭ ਤੋਂ ਪ੍ਰਸਿੱਧ ਇਤਿਹਾਸਿਕ ਇਮਾਰਤ ਸੈਲੂਲਰ ਜੇਲ੍ਹ ਹੈ। ਇਸ ਤੋਂ ਇਲਾਵਾ ਮਿਊਜ਼ੀਅਮ, ਕਾਟੀਨਜ਼ ਇਮਪੋਰੀਅਮ ਤੇ ਹੋਰ ਭਰੇ-ਪੂਰੇ ਬਜ਼ਾਰ ਹਨ।

ਇਸ ਧਰਤੀ ਨੇ ਹਾਲੇ ਵੀ ਦੂਸਰੀ ਵੱਡੀ ਲੜਾਈ ਦੇ ਸਮੇਂ ਜਦੋਂ ਜਪਾਨੀਆਂ ਨੇ ਇੱਥੇ ਕਬਜ਼ਾ ਕੀਤਾ ਸੀ, ਉਸ ਦੀਆਂ ਯਾਦਗਾਰਾਂ ਸਾਂਭੀਆਂ ਹੋਈਆਂ ਹਨ। ਅਸੀਂ ਪੋਰਟ ਬਲੇਅਰ ਦੇ ਆਸ-ਪਾਸ ਦੇ ਇਲਾਕਿਆਂ ਵਿੱਚ ਕਈ ਬਹੁਤ ਮਜ਼ਬੂਤ ਬੰਕਰ ਦੇਖੇ, ਜਿਨ੍ਹਾਂ ਦਾ ਇਸਤੇਮਾਲ ਦੂਜੀ ਵੱਡੀ ਜੰਗ ਵੇਲ਼ੇ ਕੀਤਾ ਜਾਂਦਾ ਸੀ। ਅਜੇ ਵੀ ਜਪਾਨੀਆਂ ਰਾਹੀਂ ਲਾਈ ਗਈ ਇੱਕ ਐਂਟੀ ਏਅਰ ਕ੍ਰਾਫ਼ਟ ਗੰਨ ਇੱਕ ਨਿੱਕੇ ਜਿਹੇ ਟਿੱਲੇ 'ਤੇ ਅਸਮਾਨ ਵੱਲ ਮੂੰਹ ਚੁੱਕੀ ਖੜ੍ਹੀ ਹੈ। ਸਰਕਾਰ ਨੇ ਇਸ ਸ਼ਹਿਰ ਦੀ ਉੱਨਤੀ ਲਈ ਤੇ ਇਸ ਦੇ ਆਲ਼ੇ-ਦੁਆਲ਼ੇ ਨੂੰ ਸੋਹਣਾ ਬਣਾਉਣ ਲਈ ਕਾਫ਼ੀ ਕੰਮ ਕੀਤਾ ਸੀ। ਇੱਥੋਂ ਦੀਆਂ ਸੜਕਾਂ ਖੁੱਲ੍ਹੀਆਂ ਤੇ ਵਧੀਆ ਹਨ। ਬਿਜਲੀ ਦਾ ਇੰਤਜ਼ਾਮ ਵੀ ਕਾਫ਼ੀ ਚੰਗਾ ਸੀ। ਬਾਕੀ ਦੀ ਤੰਗੀ ਨੂੰ ਦੂਰ ਕਰਨ ਲਈ ਸ਼ਹਿਰ ਦੇ ਬਾਹਰ ਕਈ ਬੰਨ੍ਹ ਬਣਾਏ ਗਏ ਹਨ, ਜਿਨ੍ਹਾਂ 'ਚੋਂ ਪਾਣੀ ਸਾਫ਼ ਕਰਨ ਤੋਂ ਬਾਅਦ ਸ਼ਹਿਰ ਨੂੰ ਸਪਲਾਈ ਕੀਤਾ ਜਾਂਦਾ ਹੈ। 1970 ਈ. ਵਿੱਚ ਇੱਕ ਧਾਨੀਖਾੜੀ ਡੈਮ ਬਣਾਇਆ ਗਿਆ ਸੀ। ਇਹ ਡੈਮ 1932 ਮੀਟਰ ਲੰਮਾ ਤੇ 32 ਮੀਟਰ ਦੇ ਲਗ-ਪਗ ਉੱਚਾ ਹੈ।

ਪੋਰਟ ਬਲੇਅਰ ਦੇ ਆਸ-ਪਾਸ ਦੇ ਜੰਗਲ਼ਾਂ ਵਿੱਚ ਸਰਕਾਰ ਨੇ ਰਬੜ ਦੇ ਦਰਖ਼ਤ ਲਾਉਣ ਦਾ ਬਹੁਤ ਜਤਨ ਕੀਤਾ ਏ। ਜੰਗਲ਼ਾਂ ਦੇ ਕਾਫ਼ੀ ਹਿੱਸੇ ਨੂੰ ਕੱਟ ਕੇ ਉੱਥੇ ਫਲ਼ਦਾਰ ਦਰਖ਼ਤ ਵੀ ਲਾਏ ਜਾ ਰਹੇ ਹਨ। ਇਸ ਦਾ ਭਾਵ ਜੰਗਲ਼ਾਂ ਦੀ ਜਗ੍ਹਾ ਜੰਗਲ਼ ਉਗਾਉਣਾ ਹੈ। ਜੰਗਲ਼ਾਂ ਭਰੇ ਇਸ ਇਲਾਕੇ ਵਿੱਚ ਕੁਝ ਮਸ਼ਹੂਰ ਦਰਖ਼ਤਾਂ ਦੇ ਨਾਂ ਗਿਰਜਾ, ਕੋਕੀ, ਠੀਗਾ, ਲਾਲ-ਚੀਨੀ, ਸਿਲਵਰ ਭਰੇ ਅਤੇ ਮਾਰਵਲ ਲਡਾਨਾ ਹਨ। ਇਸੇ ਯਾਤਰਾ ਵਿੱਚ ਅਸੀਂ ਦੂਰ ਦੇ ਇਲਾਕਿਆਂ ਵਿੱਚ ਜਾ ਕੇ ਸਰਕਾਰੀ ਫ਼ਾਰਮ ਵੀ ਦੇਖੇ ਜਿੱਥੇ ਅਨੇਕਾਂ ਤਰ੍ਹਾਂ ਦੇ ਫਲ਼ਦਾਰ ਦਰਖ਼ਤ ਬੜੀ ਸਫ਼ਲਤਾ ਪੂਰਵਕ ਲਾਏ ਗਏ ਹਨ। ਸ਼ਹਿਰ ਦੇ ਬਾਹਰ ਥੋੜ੍ਹੀ ਦੂਰ ਛੋਟੇ-ਛੋਟੇ ਪਿੰਡ ਵੀ ਦਿਖਾਈ ਦਿੰਦੇ ਹਨ। ਹਰੇ-ਭਰੇ ਦਰਖ਼ਤਾਂ ਵਿੱਚ ਝੁੱਗੀਆਂ-ਨੁਮਾ ਘਰ ਚਾਹੇ ਇੱਥੋਂ ਦੇ ਰਹਿਣ ਵਾਲ਼ੇ ਲੋਕਾਂ ਦੇ ਜੀਵਨ-ਪੱਧਰ ਨੂੰ ਬਹੁਤਾ ਨੀਵਾਂ ਦਰਸਾਉਂਦੇ ਹਨ ਅਤੇ ਉਸ ਤੋਂ ਗ਼ੁਰਬਤ ਦੀ ਝਲਕ ਪੈਂਦੀ ਹੈ, ਪਰ ਤਾਂ ਵੀ ਕਈ ਪਿੰਡ ਵਾਲ਼ਿਆਂ ਨਾਲ਼ ਗੱਲਾਂ ਕਰਨ 'ਤੇ ਇਹ ਲੋਕ ਆਪਣੇ-ਆਪ ਵਿੱਚ ਮਸਤ ਲੱਗਦੇ ਹਨ। ਉਹਨਾਂ ਨੂੰ ਸਰਕਾਰ 'ਤੇ ਬਹੁਤਾ ਗਿਲਾ-ਸ਼ਿਕਵਾ ਨਹੀਂ। ਬੱਸ ਉਹ ਐਨਾ ਹੀ ਚਾਹੁੰਦੇ ਜਾਪਦੇ ਹਨ ਕਿ ਉਹਨਾਂ ਦੀ ਜੀਵੀ ਜਾ ਰਹੀ ਜ਼ਿੰਦਗੀ ਵਿੱਚ ਬਹੁਤਾ ਦਖ਼ਲ ਨਾ ਦਿੱਤਾ ਜਾਏ ਤੇ ਉਹ ਇਸੇ ਤਰ੍ਹਾਂ ਪੁਸ਼ਤ ਦਰ ਪੁਸ਼ਤ ਕੁਦਰਤ ਦੀ ਗੋਦ ਵਿੱਚ ਆਪਣੀ ਜ਼ਿੰਦਗੀ ਬਿਤਾਈ ਤੁਰੇ ਜਾਣ ਪਰ ਕਦੇ ਅਜਿਹਾ ਵੀ ਹੋਇਆ ਹੈ ? ਜੇਕਰ ਅਜਿਹਾ ਹੋ ਸਕਦਾ ਹੁੰਦਾ ਤਾਂ ਅੱਜ ਦੁਨੀਆਂ ਦੇ ਹਰ ਕੋਨੇ 'ਤੇ ਆਧੁਨਿਕ ਜ਼ਿੰਦਗੀ ਦੀਆਂ ਛਾਪਾਂ ਨਾ ਪਈਆਂ ਹੁੰਦੀਆਂ। ਜੇਕਰ ਅਜਿਹਾ ਹੋ ਸਕਦਾ ਹੁੰਦਾ ਤਾਂ ਅੱਜ ਸਾਨੂੰ ਇਵੇਂ ਮਹਿਸੂਸ ਨਾ ਹੁੰਦਾ ਕਿ ਦੁਨੀਆਂ ਵਿੱਚ ਬਹੁਤ ਘੱਟ ਖਿੱਤੇ ਰਹਿ ਗਏ ਹਨ, ਜਿਨ੍ਹਾਂ ਨੂੰ ਸੱਚ-ਮੁੱਚ ਕੁਦਰਤ ਦਾ ਪੰਘੂੜਾ ਕਿਹਾ ਜਾ ਸਕਦਾ ਹੈ, ਜਿਸ ਵਿੱਚ ਪੈ ਕੇ ਅੱਖਾਂ ਮੀਟ ਕੇ ਤੁਸੀਂ ਕੁਦਰਤ ਦੀਆਂ ਲੋਰੀਆਂ ਸੁਣਦੇ ਹੋਏ ਸੁਪਨਿਆਂ ਦੀ ਦੁਨੀਆਂ ਵਿੱਚ ਗੁਆਚ ਸਕਦੇ ਹੋ।

ਪੋਰਟ ਬਲੇਅਰ ਦੇ ਬਜ਼ਾਰਾਂ ਵਿੱਚ ਘੁੰਮਦੇ ਹੋਏ ਬਹੁਤੀ ਥਾਂਈਂ ਤੁਹਾਨੂੰ ਇਵੇਂ ਲੱਗੇਗਾ ਕਿ ਤੁਸੀਂ ਕਿਸੇ ਬਹੁਤ ਹੀ ਆਧੁਨਿਕ ਬਜ਼ਾਰ ਵਿੱਚ ਘੁੰਮ ਰਹੇ ਹੋ। ਇੱਥੇ ਘੁੰਮਦਿਆਂ ਇਵੇਂ ਲੱਗਦਾ ਹੈ ਕਿ ਇਹ ਧਰਤੀ ਐਨੇ ਡੂੰਘੇ ਤੇ ਦੂਰ ਦੇ ਸਮੁੰਦਰਾਂ ਵਿੱਚ ਸਥਿਤ ਹੈ। ਸ਼ਹਿਰ ਵਿੱਚ ਮੰਦਰ, ਮਸਜਦਾਂ, ਗੁਰਦਵਾਰੇ ਤੇ ਚਰਚ ਵੀ ਹਨ। ਲੋਕ ਆਪਣੇ ਇਸ਼ਟ ਨੂੰ ਮੰਨਣ ਆਪਣੀਆਂ ਧਾਰਮਿਕ ਥਾਂਵਾਂ 'ਤੇ ਜ਼ਰੂਰ ਜਾਂਦੇ ਹਨ ਪਰ ਉਹਨਾਂ ਅੰਦਰ ਸਾਡੇ ਵਾਂਗ ਸੰਪਰਦਾਇਕ ਕੱਟੜਪੁਣਾ ਬਹੁਤ ਘੱਟ ਹੈ। ਸ. ਦੀਵਾਨ ਸਿੰਘ ਕਾਲ਼ੇਪਾਣੀ ਜਿਹੜੇ ਕਿ ਅੰਗਰੇਜ਼ਾਂ ਦੇ ਸਮੇਂ ਇਸ ਜਗ੍ਹਾ ਦੇ ਬਹੁਤ ਸਤਿਕਾਰੇ ਅਤੇ ਪਿਆਰੇ ਡਾਕਟਰ ਸਨ ਜੋ ਇਸ ਜਗ੍ਹਾ 'ਤੇ ਜਪਾਨੀਆਂ ਦੇ ਕਬਜ਼ਾ ਕਰਨ ਤੋਂ ਬਾਅਦ ਜੇਲ੍ਹ ਵਿੱਚ ਹੀ ਦਮ ਤੋੜ ਗਏ ਸਨ; ਉਹ ਪੰਜਾਬੀ ਦੇ ਪਿਆਰੇ ਕਵੀ ਵੀ ਸਨ। ਉਹਨਾਂ ਦੀ ਯਾਦ ਵਿੱਚ ਇੱਥੇ ਇੱਕ ਬਹੁਤ ਸ਼ਾਨਦਾਰ ਗੁਰਦਵਾਰਾ ਤਿਆਰ ਕਰਵਾਇਆ ਗਿਆ ਹੈ। ਸ਼ਾਮ ਦਾ ਸਮਾਂ ਹੈ, ਮੈਂ ਸ਼ਹਿਰ ਦੇ ਨਿੱਕੇ-ਨਿੱਕੇ ਬਜ਼ਾਰਾਂ ਤੇ ਗਲ਼ੀਆਂ ਵਿੱਚ ਘੁੰਮ ਰਿਹਾ ਹਾਂ। ਇਸ ਜਗ੍ਹਾ ਦਾ ਸਾਰਾ ਇਤਿਹਾਸ ਮੇਰੇ ਜ਼ਿਹਨ ਵਿੱਚ ਘੁੰਮ ਰਿਹਾ ਹੈ। ਘੁੰਮਦਾ-ਘੁੰਮਾਉਂਦਾ ਮੈਂ ਇੱਕ ਚੌਕ ਵਿੱਚ ਪਹੁੰਚ ਗਿਆ ਹਾਂ। ਚੌਕ ਦੇ ਐਨ ਵਿਚਕਾਰ ਇੱਕ ਯਾਦਗਾਰ ਬਣੀ ਹੋਈ ਹੈ। ਇਹ ਯਾਦਗਾਰ ਸਮਰਪਿਤ ਹੈ, 1914 ਈ. ਤੋਂ 1920 ਈ. ਤੱਕ ਦੀ ਲੜਾਈ ਵਿੱਚ ਸ਼ਹੀਦ ਹੋਏ ਫ਼ੌਜੀਆਂ ਨੂੰ। ਮੈਂ ਯਾਦਗਾਰ ਦੇ ਉੱਪਰੋਂ ਨਿੰਮ੍ਹੀ ਜਿਹੀ ਚਾਨਣੀ ਵਿੱਚ ਫ਼ੌਜੀਆਂ ਦੇ ਨਾਂ ਪੜ੍ਹਦਾ ਹਾਂ। ਨਾਂ ਪੜ੍ਹਦਿਆਂ ਮੈਂ ਇਹ ਭੁੱਲ ਜਾਂਦਾ ਹਾਂ ਕਿ ਇਹ ਸਿਪਾਹੀ ਕਿਸ ਸਰਕਾਰ ਦੇ ਨੌਕਰ ਸਨ। ਇਹਨਾਂ ਨੇ ਕਿਸ ਪੱਖ ਵੱਲੋਂ ਹੋ ਕੇ ਲੜਾਈ ਲੜੀ। ਮੈਨੂੰ ਤਾਂ ਸਿਰਫ਼ ਐਨਾ ਹੀ ਯਾਦ ਰਹਿੰਦਾ ਹੈ ਕਿ ਇਹ ਸਿਪਾਹੀ ਸਨ ਤੇ ਇਹਨਾਂ ਨੇ ਕਿਸੇ ਵੀ ਧਰਤੀ ਦੀ ਰੱਖਿਆ ਲਈ ਆਪਣੀਆਂ ਜਾਨਾਂ ਵਾਰੀਆਂ। ਧਰਤੀ ਦਾ ਕੀ ਹੈ, ਧਰਤੀ ਤਾਂ ਕੋਈ ਵੀ ਹੋ ਸਕਦੀ ਹੈ।



Downloaded from https:// www.studiestoday.com

Downloaded from https:// www.studiestoday.com

ਪੋਰਟ ਬਲੇਅਰ ਦੇ ਲੋਕ ਪਿਆਰੇ ਹਨ, ਧਰਤੀ ਪਿਆਰੀ ਹੈ, ਇੱਥੋਂ ਦੇ ਲੋਕਾਂ ਨੂੰ ਮਿਲ਼ਦਿਆਂ, ਇੱਥੋਂ ਦੀਆਂ ਸੜਕਾਂ 'ਤੇ ਘੁੰਮਦਿਆਂ ਤੁਸੀਂ ਆਪਣੇ ਅੰਦਰ ਇੱਕ ਅਜੀਬ ਸਕੂਨ ਤਾਰੀ ਹੋਇਆ ਮਹਿਸੂਸ ਕਰਦੇ ਹੋ।

**ਇਸ ਪਾਠ ਵਿੱਚ ਆਏ ਨਾਂ, ਥਾਂ ਅਤੇ ਵਿਸ਼ੇਸ਼ ਸ਼ਬਦ—**

**(ੳ) ਨਾਂ ਥਾਂ—**ਅੰਡੇਮਾਨ, ਨਿਕੋਬਾਰ, (ਬੰਗਾਲ ਪ੍ਰਾਂਤ ਦੇ ਦੂਰ ਦੱਖਣ ਵਿੱਚ ਸਮੁੰਦਰ ਵਿੱਚ ਦੀਪ-ਸਮੂਹ ਹਨ, ਇਹ ਭਾਰਤ ਦਾ ਕੇਂਦਰੀ ਸ਼ਾਸਿਤ ਪ੍ਰਦੇਸ਼ ਹੈ, ਅੰਡੇਮਾਨ ਨੂੰ ਅੰਦਮਾਨ ਵੀ ਕਿਹਾ ਜਾਂਦਾ ਹੈ), ਨਿਕੋਬਾਰ (ਨਿਕੋਬਾਰ ਦੇ ਵਸਨੀਕ), ਪੋਰਟ ਬਲੇਅਰ (ਦੱਖਣੀ ਅੰਡੇਮਾਨ ਦਾ ਇੱਕ ਉੱਘਾ ਸ਼ਹਿਰ, ਇਹ ਅੰਡੇਮਾਨ-ਨਿਕੋਬਾਰ ਦੀ ਰਾਜਧਾਨੀ ਹੈ), ਸੈਲੂਲਰ ਜੇਲ੍ਹ (ਪੋਰਟ ਬਲੇਅਰ ਦੀ ਇੱਕ ਜੇਲ੍ਹ), ਸਿੰਥਾਲ ਤੇ ਜਰਬਾ (ਅੰਡੇਮਾਨ ਤੇ ਨਿਕੋਬਾਰ ਦੇ ਕਬੀਲਿਆਂ ਦੇ ਨਾਂ), ਕਾਸ-ਵਿਸਕੋਪ (ਇੱਕ ਬੀਚ ਦਾ ਨਾਂ), ਕਲਕੱਤਾ, ਮਦਰਾਸ, ਡਾ. ਦੀਵਾਨ ਸਿੰਘ ਕਾਲ਼ੇਪਾਣੀ (ਪੰਜਾਬੀ ਦਾ ਉੱਘਾ ਕਵੀ, ਜੀਵਨ-ਕਾਲ 1857-1944)

**(ਅ) ਵਿਸ਼ੇਸ਼ ਸ਼ਬਦ—**ਦਿਲਕਸ਼ (ਦਿਲ ਨੂੰ ਚੰਗਾ ਲੱਗਣ ਵਾਲ਼ਾ), ਲਰਜ਼ਾ ਜਾਂਦੀਆਂ (ਝੁਣ-ਝੁਣੀ ਪੈਦਾ ਕਰਦੀਆਂ), ਅਹਿਸਾਸ (ਭਾਵ), ਤਲਖ਼ੀ (ਕੁੜੱਤਣ), ਸਦੀਵਤਾ (ਸਦਾ ਰਹਿਣ ਦੀ ਹਾਲਤ), ਦਹਿਸ਼ਤ (ਭੈ, ਆਤੰਕ), ਸ਼ਿੱਦਤ ਨਾਲ਼ (ਤੀਬਰਤਾ ਨਾਲ਼), ਮਨ ਭਰ ਉੱਠਣਾ (ਭਾਵਕ ਹੋ ਜਾਣਾ, ਮਨ ਦ੍ਰਵਿਤ ਹੋ ਜਾਣਾ), ਵਿਕਸਿਤ (ਉੱਨਤ), ਤਵੱਜੋ (ਧਿਆਨ), ਕਾਸ਼ਤ (ਖੇਤੀ), ਸਮਰੱਥਾ (ਤਾਕਤ), ਹੁਲਾਸ (ਖ਼ੁਸ਼ੀ), ਮੁਨਕਰ ਹੋਣਾ (ਇਨਕਾਰ ਕਰਨਾ, ਨਾ ਮੰਨਣਾ), ਸਰਗੋਸ਼ੀਆਂ (ਕਾਨਾਫੂਸੀ), ਕੌਮੀ ਪਰਵਾਨੇ (ਕੌਮ ਲਈ ਮਰ ਮਿਟਣ ਵਾਲ਼ੇ), ਹਵਸ (ਅੰਨ੍ਹੀ ਲਾਲਸਾ, ਕਾਮਨਾ), ਫ਼ਿਤਰਤ (ਸੁਭਾਅ), ਪੁਰਖੇ (ਵਡਾਰੂ) ਬੀਚ (ਸਮੁੰਦਰ ਦਾ ਰੇਤਲਾ ਕੰਢਾ), ਬੰਕਰ (ਜ਼ਮੀਨ ਵਿੱਚ ਬਣਾਇਆ ਮੋਰਚਾ), ਇਸਤੇਮਾਲ (ਵਰਤੋਂ), ਝੁੱਗੀਆਂ-ਨੁਮਾ (ਝੁੱਗੀਆਂ ਵਰਗੇ), ਗ਼ੁਰਬਤ (ਗ਼ਰੀਬੀ), ਗਿਲਾ-ਸ਼ਿਕਵਾ (ਸ਼ਿਕਾਇਤ), ਪੁਸ਼ਤ ਦਰ ਪੁਸ਼ਤ (ਇੱਕ ਪੀੜ੍ਹੀ ਪਿੱਛੋਂ ਦੂਜੀ ਪੀੜ੍ਹੀ), ਸਕੂਨ (ਸ਼ਾਂਤੀ, ਤਸੱਲੀ), ਖਿੱਤਾ (ਇਲਾਕਾ, ਪ੍ਰਦੇਸ਼, ਦੇਸ), ਜ਼ਿਹਨ (ਮਨ)।

## ਪਾਠ-ਅਭਿਆਸ

*1. ਵਸਤੂਨਿਸ਼ਠ ਪ੍ਰਸ਼ਨ—*

(ੳ) 'ਕਾਲ਼ੇਪਾਣੀ' ਦੀ ਧਰਤੀ ਕਿਸ ਨੂੰ ਕਿਹਾ ਜਾਂਦਾ ਸੀ ?

(ਅ) ਸੈਲੂਲਰ ਜੇਲ੍ਹ ਕਿੱਥੇ ਸਥਿਤ ਹੈ ?

(ੲ) ਅੰਡੇਮਾਨ ਦੇ ਛੋਟੇ-ਛੋਟੇ ਟਾਪੂਆਂ ਦੀ ਗਿਣਤੀ ਕਿੰਨੀ ਹੈ ?

(ਸ) ਅੰਡੇਮਾਨ ਦੇ ਕਿੰਨੇ ਟਾਪੂਆਂ ਵਿੱਚ ਜ਼ਿੰਦਗੀ ਧੜਕਦੀ ਹੈ ?

(ਹ) ਅੰਡੇਮਾਨ ਦੇ ਲੋਕਾਂ ਦਾ ਮੁੱਖ ਰੁਝੇਵਾਂ/ਧੰਦਾ ਕਿਹੜਾ ਹੈ ?

(ਕ) ਅੰਡੇਮਾਨ ਦੀ ਰਾਜਧਾਨੀ ਦਾ ਨਾਂ ਦੱਸੋ।

(ਖ) ਅੰਡੇਮਾਨ ਦੀ ਧਰਤੀ ਉੱਤੇ ਦੂਜੀ ਵੱਡੀ ਲੜਾਈ ਵੇਲ਼ੇ ਕਿਸ ਨੇ ਕਬਜ਼ਾ ਕਰ ਲਿਆ ਸੀ ?

*2. ਦੱਸੋ—*

(ੳ) ਯਾਤਰਾ ਕਰਨ ਤੋਂ ਪਹਿਲਾਂ ਕਾਲ਼ੇਪਾਣੀਆਂ ਦੀ ਧਰਤੀ ਬਾਰੇ ਲੇਖਕ ਦਾ ਕੀ ਪ੍ਰਭਾਵ ਸੀ ? ਪਿੱਛੋਂ ਇਸ ਵਿੱਚ ਕੀ ਤਬਦੀਲੀ ਆਈ ?

(ਅ) ਲੇਖਕ ਦਾ ਮਨ ਆਪਣੇ ਬਜ਼ੁਰਗ ਦੇਸ-ਭਗਤਾਂ ਦੀ ਯਾਦ ਨਾਲ਼ ਕਿਉਂ ਭਰ ਉੱਠਦਾ ਹੈ ?

(ੲ) ਲੇਖਕ ਨੇ ਅੰਡੇਮਾਨ ਤੇ ਨਿਕੋਬਾਰ ਦੇ ਵਸਨੀਕਾਂ ਬਾਰੇ ਕੀ ਜਾਣਕਾਰੀ ਦਿੱਤੀ ਹੈ ?

(ਸ) ਪੋਰਟ ਬਲੇਅਰ ਦੀਆਂ ਬੀਚਾਂ ਬਾਰੇ ਲੇਖਕ ਨੇ ਕੀ ਪ੍ਰਭਾਵ ਗ੍ਰਹਿਣ ਕੀਤੇ ?

(ਹ) ਅੰਡੇਮਾਨ ਤੇ ਨਿਕੋਬਾਰ ਟਾਪੂਆਂ 'ਤੇ ਹੋ ਰਹੀ ਪ੍ਰਗਤੀ ਬਾਰੇ ਲੇਖਕ ਨੇ ਕੀ ਦੱਸਿਆ ਹੈ ?

*3. ਸਾਰ —*

ਇਸ ਪਾਠ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

♦♦♦♦♦



Downloaded from https:// www.studiestoday.com

Downloaded from https:// www.studiestoday.com

*ਸਫ਼ਰਨਾਮਾ-ਲੇਖਕ*

# ਅੰਬਰੀਸ਼ (ਡਾ. ਕਰਨੈਲ ਸਿੰਘ ਅੰਬਰੀਸ਼)

*(1953)*

| | | |
|---|---|---|
| ਮਾਤਾ ਜੀ | : | ਸ੍ਰੀਮਤੀ ਮਹਿੰਦਰ ਕੌਰ |
| ਪਿਤਾ ਜੀ | : | ਸ. ਗੁਰਚਰਨ ਸਿੰਘ |
| ਜਨਮ-ਮਿਤੀ | : | 20 ਜਨਵਰੀ, 1953 |
| ਜਨਮ-ਸਥਾਨ | : | (ਪਿੰਡ-ਡਾਲੀਆ: ਗੁਰਦਾਸਪੁਰ) |
| ਵਿੱਦਿਆ | : | ਐੱਮ. ਬੀ. ਬੀ. ਐੱਸ., ਐੱਮ. ਡੀ. |
| ਕਿੱਤਾ | : | ਬੱਚਿਆਂ ਦੇ ਰੋਗਾਂ ਦੇ ਮਾਹਰ ਡਾਕਟਰ, ਅੰਮ੍ਰਿਤਸਰ ਮੈਡੀਕਲ ਕਾਲਜ ਵਿੱਚ ਅਧਿਆਪਕ |
| **ਮੁੱਖ ਰਚਨਾਵਾਂ** | : | ਸਭ ਧਰਤੀ ਕਾਗਦੁ, ਪਹੀਆ, ਚਿੜੀ ਤੇ ਅਸਮਾਨ (ਕਾਵਿ-ਸੰਗ੍ਰਹਿ), ਰੰਗ, ਰੇਤ ਤੇ ਘੜੀ, ਬ੍ਰਹਮ ਕਮਲ (ਕਾਵਿ-ਸੰਗ੍ਰਹਿ), ਅਨੰਤ ਪਰਵਾਸ (ਸਫ਼ਰਨਾਮਾ)। ਹਥਲੀ ਪਾਠ ਪੁਸਤਕ ਵਿੱਚ ਉਹਨਾਂ ਦੀ ਪੁਸਤਕ 'ਅਨੰਤ ਪਰਵਾਸ' ਵਿੱਚੋਂ 'ਸਾਵੇ ਮੱਘ ਤੇ ਪੌਂਗ ਡੈਮ" ਪਾਠ ਸ਼ਾਮਲ ਕੀਤਾ ਗਿਆ ਹੈ। ਇਸ ਵਿੱਚ ਲੇਖਕ ਨੇ ਸਾਵੇ ਮੱਘ ਤੇ ਪੌਂਗ ਡੈਮ ਦੇ ਕੁਦਰਤੀ ਨਜ਼ਾਰਿਆਂ ਦਾ ਬਹੁਤ ਸੁਹਜ ਨਾਲ਼ ਸਜੀਵ ਚਿੱਤਰ ਉਲੀਕਿਆ ਹੈ। |



Downloaded from https:// www.studiestoday.com

Downloaded from https:// www.studiestoday.com

# ਸਾਵੇ ਮੱਘ ਤੇ ਪੌਂਗ ਡੈਮ

ਹਰ ਸਾਲ ਸਰਦੀਆਂ 'ਚ ਜੇਕਰ ਮੈਂ ਕਿਸੇ ਛੰਭ, ਦਰਿਆ ਜਾਂ ਝੀਲ 'ਤੇ, ਦੂਰ ਦੇਸਾਂ ਤੋਂ ਉੱਡ ਕੇ ਆਏ ਪਰਵਾਸੀ ਪੰਛੀ ਵੇਖਣ ਨਾ ਜਾਵਾਂ ਤਾਂ ਮੈਨੂੰ ਜਾਪਦਾ ਹੈ ਕਿ ਮੈਂ ਸਿਆਲ਼ ਨੂੰ ਬਿਨਾਂ ਮਾਣਿਆਂ ਬੀਤ ਜਾਣ ਦਿੱਤਾ ਏ ਅਤੇ ਕੁਝ ਅਧੂਰਾ ਤੇ ਅਤ੍ਰਿਪਤ ਰਹਿ ਗਿਆ ਏ। ਹਰ ਸਾਲ ਇੰਞ ਦੀ ਕਿਸੇ ਥਾਂ 'ਤੇ ਜਾਣਾ ਮੇਰੀ ਨਿੱਜੀ ਤੀਰਥ-ਯਾਤਰਾ ਏ। ਹਰ ਵਰ੍ਹੇ ਦੀ ਇਸ ਯਾਤਰਾ 'ਤੇ ਕਿਸੇ ਦੋਸਤ ਦੀ ਸੰਗਤ ਦਾ ਵਾਧੂ ਨਫ਼ਾ ਵੀ ਹੋ ਜਾਂਦਾ ਏ। ਇਸ ਵਾਰ ਵੀ ਮੇਰਾ ਇੱਕ ਦੋਸਤ ਮੇਰੇ ਨਾਲ਼ ਹੈ। ਘਰੋਂ ਚੱਲੇ ਹਾਂ ਤਾਂ, ਢਾਈ ਸਾਲ ਪਹਿਲਾਂ ਤੋਂ, ਜਦੋਂ ਤੋਂ ਉਹਨੇ ਕਾਰ ਖ਼ਰੀਦੀ ਹੈ, ਉਦੋਂ ਤੋਂ ਆਪਣੀ ਹਰ ਯਾਤਰਾ ਦਾ ਰਿਕਾਰਡ ਰੱਖਦਿਆਂ ਹੋਇਆਂ ਹਮੇਸ਼ਾਂ ਵਾਂਗ ਕਾਰ ਦੀ ਲੌਗ-ਬੁੱਕ 'ਚ ਦਰਜ ਕੀਤਾ ਹੈ – ਸਮਾਂ : 9 ਵਜੇ ਸਵੇਰੇ, ਤਰੀਕ: 22 ਜਨਵਰੀ, 2013; ਮੰਜ਼ਲ : ਪੌਂਗ ਡੈਮ, ਮਕਸਦ : ਪੰਛੀ ਵੇਖਣੇ।

ਪੰਛੀ ਨਿਹਾਰਨ (Bird Watching) ਦਾ ਸ਼ੌਕ ਮੈਨੂੰ ਕਦੋਂ ਤੇ ਕਿਉਂ ਪਿਆ, ਐਨ ਪੂਰੀ ਤਰ੍ਹਾਂ ਯਾਦ ਨਹੀਂ। ਸ਼ੁਰੂ ਬਚਪਨ 'ਚ ਮੈਨੂੰ ਬੁਲਬੁਲਾਂ ਚੰਗੀਆਂ ਲੱਗਦੀਆਂ ਸਨ, ਉਹਨਾਂ ਦੀਆਂ ਪੂਛਲਾਂ ਦੇ ਮੁੱਢਾਂ ਥਲੜਾ ਲਾਲ ਰੰਗ ਮੋਂਹਦਾ ਸੀ। ਜ਼ਰਾ ਵੱਡਾ ਹੋ ਕੇ ਗੁਲੇਲ ਨਾਲ਼ ਖੇਡਣ ਲੱਗਾ ਤਾਂ ਇੱਕ ਵਾਰ ਇੱਕ ਨਿੱਕੀ ਚਿੜੀ ਫੁੰਡ ਦਿੱਤੀ। ਮਰੀ ਚਿੜੀ ਨੂੰ ਹੱਥਾਂ 'ਚ ਪਲ਼ੋਸਦੀ ਦਾਦੀ ਨੇ ਝਿੜਕਿਆ–"ਹੈਂ! ਵੇ, ਕਿਉਂ ਮਾਰੀ ਆ ? ਕੀ ਵਿਗਾੜਿਆ ਸੀ, ਇਹਨੇ ਤੇਰਾ ?" ਜਵਾਨੀ ਦੇ ਪਹਿਲੇ ਸਾਲਾਂ 'ਚ ਸ਼ਿਕਾਰ ਦਾ ਸ਼ੌਕ ਜਾਗਿਆ ਤਾਂ ਗੁਰਦਾਸਪੁਰ ਦੇ ਸਰਹੱਦੀ ਇਲਾਕੇ 'ਚ ਰਾਵੀ ਦਰਿਆ 'ਚੋਂ, ਇੱਕ ਕਸਬੀ ਸ਼ਿਕਾਰੀ ਦੇ ਨਾਲ਼ ਜਾ ਕੇ ਮੁਰਗ਼ਾਬੀਆਂ ਮਾਰ ਲਿਆਏ। ਘਰ ਪਰਤਦਿਆਂ, ਜੀਅ 'ਚ, ਨੀਲੀਆਂ-ਭੂਰੀਆਂ ਮੁਰਗ਼ਾਬੀਆਂ ਦੀਆਂ ਬੰਦ ਅੱਖਾਂ ਤੇ ਮਿਰਤ ਸਰੀਰਾਂ 'ਤੇ ਅਚਾਨਕ ਮੇਰੀ ਨਜ਼ਰ ਪਈ–ਇਹ ਇੱਕ ਨਿਸ਼ਚਿਤ ਤੇ ਸਪਸ਼ਟ ਪਲ ਸੀ–ਮੈਂ ਮੁੜ ਕਦੇ ਕਿਸੇ ਪੰਛੀ (ਜਾਂ ਹੋਰ ਵੀ ਕਿਸੇ ਜੀਵ) ਨੂੰ ਮਾਰਾਂਗਾ ਨਹੀਂ। ਪੰਛੀਆਂ ਨੂੰ ਵੇਖਿਆ ਕਰਾਂਗਾ, ਸਿਰਫ਼। ਇਸ ਵੇਖਣ ਨੇ ਮੈਨੂੰ ਪਿਛਲੇ ਤਿੰਨ ਦਹਾਕਿਆਂ 'ਚ ਕਈ ਯਾਦਗਾਰੀ ਪਲ ਮੁਹੱਈਆ ਕੀਤੇ ਨੇ।

ਬਾਰਾਂ ਸੀਟਾਂ ਵਾਲ਼ੀ ਵੈਨ 'ਚ ਜੈਪੁਰੋਂ ਅੰਮ੍ਰਿਤਸਰ ਇੱਕ ਪਰਿਵਾਰਿਕ ਸਮਾਰੋਹ ਸੰਪੰਨ ਕਰਕੇ ਆ ਰਹੇ ਹਾਂ। ਭੈਣਾਂ, ਭਰਾ, ਉਹਨਾਂ ਦੇ ਪਤੀ-ਪਤਨੀਆਂ ਤੇ ਕੁਝ ਹੋਰ ਨਜ਼ਦੀਕੀ ਰਿਸ਼ਤੇਦਾਰ। ਦੁਪਹਿਰ ਨੂੰ ਰਾਜਸਥਾਨ ਦੀ ਇੱਕ ਸੁੱਕੀ ਨਹਿਰ ਦੇ ਕਿਨਾਰੇ 'ਤੇ ਇੱਕ ਢਾਬੇ 'ਤੇ ਖਾਣੇ ਲਈ ਰੁਕੇ ਹਾਂ। ਦੋ ਦਿਨ ਪਹਿਲਾਂ ਵਰ੍ਹੇ ਮੀਂਹ ਕਾਰਨ ਧੁੱਪ ਪਾਰਦਰਸ਼ੀ ਤੇ ਨਿੱਕੀ ਕਣਕ ਦੇ ਖੇਤ ਅਜੇ ਵੀ ਧੁਪੇ ਹੋਏ ਤੇ ਹਰੇ ਜਾਪਦੇ ਨੇ। ਜਨਵਰੀ ਦਾ ਮੱਧ ਹੋਣ ਕਰਕੇ ਧੁੱਪ ਸੁਖਾਵੀਂ ਤੇ ਨਿੱਘੀ ਹੈ। ਰਾਤੀਂ ਦੇਰ ਨਾਲ਼ ਸੌਣ ਅਤੇ ਸੁਬ੍ਹਾ ਬੜੀ ਛੇਤੀ ਉੱਠ ਜਾਣ ਦੇ ਬਾਵਜੂਦ ਦੇਹ ਸੁਖੀ ਹੈ। ਢਾਬੇ ਦੇ ਇੱਕ ਪਾਸੇ ਡੇਢ ਕੁ ਕਨਾਲ਼ ਵਲ਼ੀ ਹੋਈ ਪਰ ਖ਼ਾਲੀ ਥਾਂ ਹੈ ਤੇ ਉੱਥੇ ਸੱਤ-ਅੱਠ ਤਰ੍ਹਾਂ ਦੇ ਪੰਛੀ ਚੁਗ ਰਹੇ ਨੇ। ਕਿਸੇ ਵੇਲ਼ੇ ਪੰਜਾਬ ਦਾ ਰਾਜ-ਪੰਛੀ ਰਿਹਾ ਇੱਕ ਚੱਕੀਰਾਹਾ, ਤਿੰਨ-ਚਾਰ ਘਰੇਲੂ ਚਿੜੀਆਂ, ਦੋ ਘੁੱਗੀਆਂ, ਦੁਸਾਂਗੜ ਲੰਮੀ ਪੂਛਲ ਵਾਲ਼ੀ ਇੱਕ ਕਾਲ਼ੀ ਚਿੜੀ, ਕੁਝ ਬੁਲਬੁਲਾਂ, ਰੌਬਿਨ ਪੰਛੀ ਤੇ ਮੇਰੀ ਅਣਜਾਣੀ ਇੱਕ ਹੋਰ ਨਿਕਚੂ ਚਿੜੀ। ਕੋਲ਼ ਬੈਠੀ ਸਾਡੀ ਮੰਡਲੀ ਦੀ ਮੌਜੂਦਗੀ ਤੋਂ ਬਿਲਕੁਲ ਬੇਲਾਗ ਉਹ ਚੁਗ ਰਹੇ ਤੇ ਮੈਂ ਜਰਾ ਹਟਵਾਂ ਖੜ੍ਹਾ ਇਹਨਾਂ ਨੂੰ ਤੱਕ ਰਿਹਾ ਹਾਂ। ਕੀ ਹੈ ਜੋ ਇਸ ਦ੍ਰਿਸ਼ ਨੂੰ, ਇਹਨਾਂ ਪਲਾਂ ਨੂੰ, ਏਨੀ ਰੋਸ਼ਨੀ, ਏਨਾ ਹਲਕਾਪਣ ਤੇ 'ਹੁਣਪਨ' ਪ੍ਰਦਾਨ ਕਰਦਾ ਹੈ? ਕੀ ਇਹ ਨਜ਼ਦੀਕੀ ਪਰਿਵਾਰ ਨਾਲ਼ ਬਿਤਾਏ ਜਾ ਰਹੇ ਦੁਰਲੱਭ 'ਕੁਆਲਿਟੀ ਟਾਈਮ' ਕਾਰਨ ਹੈ? ਕੀ ਇਹ ਦੇਹ ਦੇ ਸੁੱਖ ਜਾਂ ਸਾਲ ਦੇ ਬਿਹਤਰੀਨ ਮੌਸਮ ਕਰਕੇ ਹੈ ? ਕੀ ਇਹ ਇਹਨਾਂ ਕੋਲ਼ ਚੁਗਦੇ ਪੰਛੀਆਂ ਨਾਲ਼, ਕੁਝ ਪਲਾਂ ਲਈ ਹੀ ਸਹੀ, ਬੀਤੇ ਦੇ ਭਾਰ ਅਤੇ ਭਵਿਖ ਦੇ ਡਰ ਤੋਂ ਮੁਕਤ ਹੋਣ ਦੇ ਹੌਲ਼ੇਪਣ ਦਾ ਸਹਿਭਾਗੀ ਹੋਣਾ ਹੈ ?

ਪੰਛੀ ਨਿਹਾਰਦਿਆਂ ਇੰਞ ਦੀ ਰੋਸ਼ਨੀ ਤੇ ਹੁਣਪਨ ਮੈਂ ਪਹਿਲਾਂ ਕਈ ਵਾਰ ਮਹਿਸੂਸਿਆ ਹੈ। ਬਹੁਤ ਸਾਲ ਪਹਿਲਾਂ ਬੇਟੇ ਨਾਲ਼, ਫ਼ਰੀਦਕੋਟ ਇੱਕ ਥਾਂ, ਸਿਰਫ਼ ਇੱਕੋ ਵਾਰ ਮੈਨਾ ਦੀਆਂ ਚਾਰ ਪ੍ਰਜਾਤੀਆਂ ਨੂੰ 'ਕੱਠੇ ਚੁਗਦਿਆਂ ਵੇਖਣਾ, ਫ਼ਰੀਦਕੋਟ ਨਾਲ਼ ਦੀ ਕੋਠੀ 'ਚ ਅੰਬ ਦੇ ਸੰਘਣੇ ਰੁੱਖ 'ਚ ਤੇ ਫਿਰ ਦੋ ਕਵੀ-ਦੋਸਤਾਂ ਨਾਲ਼ ਹਰੀਕੇ, ਉਹ ਦੁਰਲੱਭ ਫੈਨਟੇਲ (Fantail) ਪੰਛੀ ਪਛਾਣਨਾ, ਸ਼ਾਂਤ ਜੰਗਲ਼ 'ਚੋਂ ਲੰਘਦਿਆਂ ਇੱਕ ਵਾਰ ਪੀਲਕ ਨਾਂ ਦੇ ਪੰਛੀ ਦੀ ਬੰਸਰੀ ਦੇ ਸੁਰਾਂ ਜਿਹੀ ਮਿੱਠੀ ਪੁਕਾਰ ਨੂੰ ਗੂੰਜਦਿਆਂ ਸੁਣਨਾ ; ਪਹਿਲੀ ਵਾਰ ਪਿੰਡ ਆਪਣੇ ਖੇਤਾਂ 'ਚ ਲਾਲ ਮੁਨੀਆ ਚਿੜੀਆਂ ਵੇਖਣਾ, ਰਾਵੀ ਦੇ ਰੇਤੀਲੇ ਕੰਢਿਆਂ 'ਤੇ ਸੁਰਖ਼ਾਬ ਜੋੜਿਆਂ ਨੂੰ ਧੁੱਪ ਸੇਕਦੇ ਤੱਕਣਾ; ਕਈ ਸਾਲ ਪਹਿਲਾਂ (ਜਦੋਂ ਪਿੰਡਾਂ 'ਚ ਅੰਮ੍ਰਿਤ ਵੇਲ਼ੇ ਲਾਊਡਸਪੀਕਰਾਂ ਦਾ ਚਲਣ ਨਹੀਂ ਸੀ) ਦੁਸਾਂਗੜ ਪੂਛਲ ਵਾਲ਼ੀ ਕਾਲ਼ੀ ਚਿੜੀ ਦਾ ਮੁਗਧ ਕਰ ਦੇਣ ਵਾਲ਼ਾ ਸਵੇਰ-ਗਾਣ ਸੁਣਨਾ....।

ਇੰਞ ਦੇ ਹੀ ਕੁਝ ਹੋਰ ਪਲ ਬਟੋਰਨ ਵਾਸਤੇ ਅੱਜ ਅਸੀਂ ਪੌਂਗ ਡੈਮ 'ਤੇ ਜਾ ਰਹੇ ਹਾਂ। ਪੌਂਗ ਡੈਮ ਜਿਸ ਬਾਰੇ ਅਖ਼ਬਾਰਾਂ 'ਚ



Downloaded from https:// www.studiestoday.com

Downloaded from https:// www.studiestoday.com

ਅਕਸਰ ਲਿਖਿਆ ਮਿਲ਼ਦਾ ਹੈ ਕਿ ਉੱਥੇ ਹਰ ਸਿਆਲ਼ੇ ਦੂਰ ਦੇਸਾਂ ਤੋਂ ਹਜ਼ਾਰਾਂ ਪਰਵਾਸੀ ਪੰਛੀ ਆਉਂਦੇ ਨੇ। ਸ਼ਹਿਰੋਂ ਨਿਕਲ਼ੇ ਹਾਂ ਤਾਂ ਨਿੱਕੀ ਕਣਕ ਦੇ ਖੇਤਾਂ 'ਤੇ ਰੁਕੀ/ਤਰਦੀ ਬੜੀ ਹਲਕੀ ਧੁੰਦ ਕਾਰਨ ਧੁੱਪ ਧੁੰਦਲਾਏ ਸ਼ੀਸ਼ੇ ਜਿਹੀ ਹੈ। ਗੁਰਦਾਸਪੁਰ ਤੋਂ ਪੰਝੀ ਕਿਲੋਮੀਟਰ ਦੂਰ, ਮੁਕੇਰੀਆਂ ਤੋਂ ਚਾਰ-ਪੰਜ ਕਿਲੋਮੀਟਰ ਉਰ੍ਹਾਂ ਵਹਿੰਦੇ ਦਰਿਆ ਰਾਵੀ ਤੱਕ ਪੁੱਜਦਿਆਂ ਇਹ ਧੁੰਦ ਸੰਘਣੀ ਹੋ ਗਈ ਹੈ। ਮੁਕੇਰੀਆਂ ਤੋਂ ਦੋ-ਤਿੰਨ ਕਿਲੋਮੀਟਰ ਬਾਹਰ ਨਿਕਲ਼ੇ ਹਾਂ ਤਾਂ ਖੱਬੇ ਪਾਸੇ ਦੂਰ ਉੱਤਰ ਵੱਲ ਤਾਜ਼ੀ ਬਰਫ਼ ਨਾਲ਼ ਢਕੇ ਵਿਸ਼ਾਲ ਧੌਲ਼ਾਧਾਰ ਪਹਾੜ ਦਿਸ ਪੈਂਦੇ ਨੇ। ਤਿੰਨ-ਚਾਰ ਦਿਨ ਪਹਿਲਾਂ ਪੰਜਾਬ ਅਤੇ ਹਿਮਾਚਲ 'ਚ ਜੰਮ ਕੇ ਮੀਂਹ ਵਰ੍ਹਿਆ ਤੇ ਪਹਾੜਾਂ 'ਤੇ ਬਰਫ਼ਬਾਰੀ ਹੋਈ ਸੀ। ਸੱਜੇ ਹੱਥ ਸੁਰਮਈ ਪਹਾੜੀਆਂ ਨੇ। ਸੜਕ ਦੇ ਦੋਵੇਂ ਪਾਸੀਂ ਕਣਕ ਤੇ ਵਿੱਚ-ਵਿੱਚ ਚਮਕੀਲੀ ਪੀਲ਼ੀ ਸਰ੍ਹੋਂ ਦੇ ਖੇਤ, ਸਰਕੰਡੇ, ਝਾੜੀਆਂ ਅਤੇ ਕਿਤੇ-ਕਿਤੇ ਅਜੇ ਵੀ ਬਚੇ ਸੰਘਣੇ ਗੋਲ਼ ਤੇ ਸਾਵੇ-ਸਾਉਲ਼ੇ ਛਤਰਿਆਂ ਵਾਲ਼ੇ ਅੰਬਾਂ ਦੇ ਪੁਰਾਤਨ ਰੁੱਖ ਨੇ। ਇੱਕ ਥਾਂ ਫੁੱਲਾਂ, ਸ਼ਾਇਦ ਗੇਂਦੇ ਦੇ ; ਦਾ ਇੱਕੋ ਖੇਤ ਹੈ-ਉਹਦਾ ਰੰਗ ਪੱਕੇ ਮਾਲਟਿਆਂ ਜਿਹਾ ਗੂੜ੍ਹਾ ਹੈ। ਸਾਨੂੰ ਅੰਦਾਜ਼ਾ ਨਹੀਂ ਹੋਇਆ ਪਰ ਸੜਕ ਦਿਸ਼ਾ ਬਦਲਦੀ ਰਹੀ ਤੇ ਪੈਂਡਾ ਮੁੱਕਦਾ ਰਿਹਾ ਹੈ। ਧੌਲ਼ਾਧਾਰ ਪਹਾੜ ਹੁਣ ਸਾਡੇ ਪਿੱਛੇ ਨੇ ਤੇ ਅਸੀਂ ਸੱਜੇ ਪਾਸੇ ਵਾਲ਼ੀਆਂ ਪਹਾੜੀਆਂ 'ਚੋਂ ਦੀ ਲੰਘ ਰਹੇ ਹਾਂ। ਉਹ ਅਣਛੂਹੇ ਜਾਪਦੇ ਜੰਗਲ਼ਾਂ ਨਾਲ਼ ਢਕੀਆਂ ਜਾਪਦੀਆਂ ਨੇ। ਇਹਨਾਂ ਪਹਾੜੀ ਇਲਾਕਿਆਂ ਦਾ ਜਾਣਕਾਰ ਮੇਰਾ ਇੱਕ ਦੋਸਤ ਦੱਸਦਾ ਹੈ ਕਿ ਇਹ ਪਹਾੜੀਆਂ ਵੇਖਣ ਨੂੰ ਹੀ ਵੈਰਾਨ ਤੇ ਅਛੂਹ ਨੇ, ਇਹਨਾਂ ਦਾ ਇੱਕ-ਇੱਕ ਇੰਚ ਮਿਣਿਆ-ਮਾਪਿਆ ਹੋਇਆ ਹੈ ਤੇ ਲੋਕਾਂ ਜਾਂ ਸਰਕਾਰ ਦੀ ਮਾਲਕੀ ਹੈ। ਕਾਰ 'ਚ ਵੱਜਦੇ ਲਤਾ-ਮੁਕੇਸ਼-ਰਫ਼ੀ ਦੇ ਗੀਤਾਂ ਵਾਂਗ ਸਾਡਾ ਸਫ਼ਰ ਧੀਮਾ ਤੇ ਲੈਅ-ਮਈ, ਸਰਦੀਆਂ ਦੀ ਇਸ ਰੁੱਤ ਵਿੱਚ ਦੁਪਹਿਰ ਜਿਹਾ ਨਿੱਘਾ ਤੇ ਚੁਪਾਸੀਂ ਪਸਰੀ ਧੁੱਪ ਜਿਹਾ ਪ੍ਰਕਾਸ਼ਵਾਨ ਹੈ। ਪਿੰਡਾਂ, ਘਰਾਂ ਤੇ ਸੰਘਣੀਆਂ ਅਬਾਦੀਆਂ ਲੰਘਦੇ ਅਸੀਂ ਪੌਂਗ ਡੈਮ ਨੇੜਲੇ ਖੁੱਲ੍ਹੇ ਤੇ ਜੰਗਲ਼ੀ ਇਲਾਕੇ 'ਚ ਪੁੱਜ ਗਏ ਹਾਂ। ਮਾੜੀ ਚਿੱਤਰਕਾਰੀ ਵਾਲ਼ੇ ਸੁਆਗਤੀ ਬੋਰਡ ਨੂੰ ਪੜ੍ਹਨ ਵਾਸਤੇ ਰੁਕ ਜਾਂਦੇ ਹਾਂ-ਪੌਂਗ ਡੈਮ 'ਤੇ 27 ਤਰ੍ਹਾਂ ਦੇ ਪੰਛੀ ਨੇ, ਝੀਲ 'ਚ ਅਨੋਖੀਆਂ ਮਾਹਸੀਰ ਮੱਛੀਆਂ ਨੇ ਤੇ 14,000 ਮਛਿਆਰਾ-ਪਰਿਵਾਰਾਂ ਨੂੰ ਰੋਟੀ-ਰੋਜ਼ੀ ਮਿਲ਼ਦੀ ਹੈ ਪਰ ਡੈਮ 'ਤੇ ਪਹਿਰਾ ਦੇਂਦਾ ਬੈਰੀਅਰ, ਕਾਰ ਪਿੱਛੇ ਖਲ੍ਹਾਰ ਕੇ ਪਰਮਿਟ ਲੈਣ ਦੀ ਜ਼ਰੂਰਤ, ਪਰਮਿਟ ਲੈਣ ਦੇ ਦਸ ਮਿੰਟਾਂ ਅੰਦਰ ਡੈਮ ਪਾਰ ਕਰਨ ਦੀ ਮਜਬੂਰੀ, ਬੰਦੂਕਧਾਰੀ ਸਿਪਾਹੀ ਤੇ ਪੰਛੀਆਂ ਬਾਰੇ ਪੁੱਛਣ 'ਤੇ ਪਰਚੀਆਂ ਕੱਟਦੇ ਕਾਰਿੰਦੇ ਦੀ ਬੇਰੁਖ਼ੀ ਤੇ ਨਿਰਉਤਸ਼ਾਹੀ, ਸਭ ਕਹਿੰਦੇ ਨੇ ਕਿ ਏਥੇ ਤੁਹਾਡਾ ਸੁਆਗਤ ਨਹੀਂ। ਚੁਪਾਸੀਂ ਵਿਆਪੀ ਬੇਰੌਣਕੀ ਵੀ ਇਹੀ ਕਹਿੰਦੀ ਹੈ। ਡੈਮ 'ਤੇ ਤੁਸੀਂ ਰੁਕ ਨਹੀਂ ਸਕਦੇ, ਕਾਰ ਅੰਦਰੋਂ ਹੀ ਸੱਜੇ ਹੱਥ ਦੂਰ ਤਾਈਂ ਪਸਰੇ ਸੁਰਮਈ ਸ਼ਾਂਤ ਪਾਣੀ, ਪਰ੍ਹਾਂ ਧੁਆਂਖੀਆਂ ਨੀਲੀਆਂ ਪਹਾੜੀਆਂ ਤੇ ਉਹਨਾਂ ਤੋਂ ਪਾਰ ਬਰਫ਼ ਢਕੇ ਧੌਲ਼ਾਧਾਰ ਦਾ ਵਿਸਤ੍ਰਿਤ ਨਜ਼ਾਰਾ ਵੇਖ ਸਕਦੇ ਹੋ ਪਰ ਪੌਂਗ ਡੈਮ ਦੀ ਝੀਲ 'ਤੇ ਪੰਛੀ ਕਿੱਥੇ ਨੇ? ਮੈਂ ਦੂਰ ਤਾਈਂ ਨੀਝ ਲਾ ਕੇ ਤੱਕਦਾਂ-ਕਿਤੇ ਕੋਈ ਪੰਛੀ ਨਹੀਂ ਦਿਸਦਾ।

ਡੈਮ ਪਾਰ ਕਰ ਕੇ ਤੇ ਇਸ ਪਾਸੇ ਵਾਲ਼ੇ ਬੈਰੀਅਰ 'ਤੇ ਉਹ ਦਸ-ਮਿੰਟੀ ਪਰਚੀ ਜਮ੍ਹਾ ਕਰਵਾ ਕੇ ਅਸੀਂ ਸੜਕ 'ਤੇ ਨਿਕਲ਼ ਆਉਂਦੇ ਹਾਂ ਤੇ ਖੁੱਲ੍ਹਾ ਸਾਹ ਲੈਂਦੇ ਹਾਂ। ਖੱਬੇ ਹੱਥ ਇੱਕ ਨਿੱਕੇ ਪਾਰਕ 'ਚ ਮਹਾਰਾਣਾ ਪ੍ਰਤਾਪ ਦਾ ਬੁੱਤ ਲੱਗਾ ਹੋਇਆ ਹੈ ਤੇ ਇੱਕ ਬੋਰਡ 'ਤੇ ਉਹਦੇ ਜੀਵਨ ਤੇ ਸਮਿਆਂ ਦਾ ਸੰਖੇਪ ਬਿਓਰਾ ਦਰਜ ਹੈ। ਸੰਨ 1974 'ਚ ਚਾਲੂ ਹੋਏ ਪੌਂਗ ਡੈਮ (ਬਿਆਸ ਡੈਮ) ਦਾ ਪੂਰਾ ਨਾਂ ਮਹਾਰਾਣਾ ਪ੍ਰਤਾਪ ਪੌਂਗ ਡੈਮ ਹੈ। ਪਾਰਕ 'ਚ ਧੁੱਪ 'ਚ ਲੇਟੇ ਇੱਕ ਬੰਦੇ ਤੋਂ ਅਸੀਂ ਪੰਛੀਆਂ ਬਾਰੇ ਪੁੱਛਦੇ ਹਾਂ, ਉਹਨੂੰ ਕੁਝ ਨਹੀਂ ਪਤਾ। ਬੈਰੀਅਰ ਵਾਲ਼ੇ ਕਰਮਚਾਰੀਆਂ ਨੂੰ ਵੀ ਨਹੀਂ ਪਤਾ। ਆਸੇ-ਪਾਸੇ ਸੈਲਾਨੀ ਜਾਂ ਪੰਛੀ-ਨਿਹਾਰਕ ਜਾਪਦਾ ਕੋਈ ਨਹੀਂ ਦਿਸਦਾ। ਸੜਕ 'ਤੇ ਇੱਕ ਬੋਰਡ ਲੱਗਾ ਹੈ। ਅਟਲ ਬਿਹਾਰੀ ਵਾਜਪਾਈ ਇੰਸਟੀਚਿਊਟ ਫ਼ੌਰ ਵਾਟਰ ਸਪੋਰਟਸ, ਤੀਰ ਲਾ ਕੇ ਦਿਸ਼ਾ ਦੱਸੀ ਗਈ ਹੈ। ਅਸੀਂ ਓਧਰ ਚੱਲ ਪੈਂਦੇ ਹਾਂ। ਇਹ ਪੌਂਗ ਝੀਲ ਦਾ ਕੰਢਾ ਹੈ ਤੇ ਏਥੇ ਇੱਕ ਦੁਮੰਜ਼ਲਾਂ ਹੋਸਟਲ, ਇੱਕ ਵੱਡੇ ਡਾਈਨਿੰਗ ਹਾਲ ਵਾਲ਼ੀ ਕੰਟੀਨ ਤੇ ਇੱਕ ਦਫ਼ਤਰੀ ਇਮਾਰਤ ਹੈ। ਬਾਹਰ ਗ੍ਰਾਊਂਡ 'ਚ ਕੁਝ ਮੁੰਡੇ/ਬੰਦੇ ਵਾਲੀਬਾਲ ਖੇਡ ਰਹੇ ਨੇ। ਇੱਕ ਪਾਸੇ ਸਟੈਂਡਾਂ 'ਤੇ ਫ਼ਾਈਬਰ ਗਲਾਸ ਦੀਆਂ ਲਾਲ-ਪੀਲ਼ੀਆਂ ਕਿਸ਼ਤੀਆਂ ਮੂਧੀਆਂ ਟਿਕਾਈਆਂ ਪਈਆਂ ਨੇ। ਇਹਨਾਂ ਸਭ ਨੂੰ ਪਾਰ ਕਰਦੇ ਅਸੀਂ ਐਨ ਪਾਰਲੇ ਪਾਸੇ, ਜਿੱਥੋਂ ਝੀਲ਼ ਦਾ ਵਿਸ਼ਾਲ ਨਜ਼ਾਰਾ ਦਿਸਦਾ ਹੈ, ਪੁੱਜ ਜਾਂਦੇ ਹਾਂ ਪਰ ਕਿਤੇ ਕੋਈ ਪੰਛੀ ਨਹੀਂ।

ਪਰਤਦੇ ਸਮੇਂ ਅਸੀਂ ਵੱਡੇ ਸਾਰੇ ਦਫ਼ਤਰ 'ਚ 'ਕੱਲੇ ਤੇ ਵਿਹਲੇ ਬੈਠੇ ਬੰਦੇ ਤੋਂ ਪੰਛੀਆਂ ਬਾਰੇ ਪੁੱਛਦੇ ਹਾਂ। "ਤੁਸੀਂ ਧਮੇਟਾ ਜਾਓ ਜੀ। ਏਸੇ ਸੜਕ 'ਤੇ ਅੱਗੇ ਤੇਰਾਂ ਕਿਲੋਮੀਟਰ ਹੈ। ਉੱਥੇ ਤੁਹਾਨੂੰ ਪੰਛੀ ਦਿਸਣਗੇ, ਉੱਥੇ ਇਹ ਬਹੁਤ ਨੇ"-ਉਹ ਦੱਸਦਾ ਹੈ। ਵਾਲੀਬਾਲ-ਖਿਡਾਰੀ ਗੇਮ ਲਾ ਕੇ ਹੁਣ ਪਰਤ ਰਹੇ ਹਨ ਤੇ ਸਾਡੇ ਮੋਢਿਆਂ 'ਤੇ ਦੂਰਬੀਨ ਤੇ ਕੈਮਰਾ ਵੇਖ, ਉਹਨਾਂ 'ਚੋਂ ਇੱਕ, ਹਿਮਾਚਲੀ ਲਹਿਜੇ ਵਾਲ਼ੀ ਹਿੰਦੀ 'ਚ ਸਾਨੂੰ ਪੁੱਛਦਾ ਹੈ-"ਡੈਮ ਕੀ ਫੋਟੋ ਤੋ ਨਹੀਂ ਖੀਂਚੀ, ਨਾ ?" ('ਗੂਗਲ ਅਰਥ' ਦੇ ਜ਼ਮਾਨੇ 'ਚ ਇਹ ਕਿੰਨੀ ਬਚਗਾਨੀ ਗੱਲ ਹੈ!) ਫਿਰ ਸਾਡੇ ਪੁੱਛਣ 'ਤੇ ਦੱਸਦਾ ਹੈ-"ਪੰਛੀ ? ਖ਼ੂਬ ਮਿਲਤੇ ਹੈਂ, ਸੁਬ੍ਹਾ-ਸ਼ਾਮ ਕੋ। ਅਬ ਦੁਪਹਿਰ ਕੋ ਕਹਾਂ ਮਿਲੇਂਗੇ ?"

ਅਸੀਂ ਧਮੇਟਾ ਲਈ ਕਾਰ ਤੋਰ ਲੈਂਦੇ ਹਾਂ। ਨਾਲ਼ ਹੀ ਚੜ੍ਹਾਈ ਸ਼ੁਰੂ ਹੋ ਜਾਂਦੀ ਹੈ ਤੇ ਸੁਆਗਤ 'ਚ ਖੜ੍ਹੇ ਪਹਾੜੀ ਇਲਾਕਿਆਂ ਦੀ ਖ਼ਾਸ ਨਿਸ਼ਾਨੀ ਚੀੜ੍ਹ ਦੇ ਰੁੱਖ ਦਿਖਾਈ ਦੇਣ ਲੱਗਦੇ ਨੇ। ਸੜਕ ਵਲ਼ ਖਾਣ ਲੱਗਦੀ ਹੈ ਤੇ ਸਲੇਟ ਦੀਆਂ ਢਾਲ਼ਵੀਆਂ



Downloaded from https:// www.studiestoday.com

Downloaded from https:// www.studiestoday.com

ਤਿਕੋਨੀਆਂ ਛੱਤਾਂ ਵਾਲ਼ੇ ਨਿੱਕੇ ਪਹਾੜੀ ਘਰ ਦਿਸਣ ਲੱਗਦੇ ਹਨ। ਘਰਾਂ ਦੇ ਮਟਿਆਲ਼ੇ, ਗੇਰੂਏ, ਹਰੇ, ਲਾਖੇ, ਲਾਲ, ਟਾਂਵੇਂ-ਟਾਂਵੇਂ ਬਿਲੰਬਰੀ ਤੇ ਪੀਲ਼ੇ ਰੰਗ ਅੱਖਾਂ ਨੂੰ ਅਲੱਗ ਤੇ ਨਵੇਂ ਲੱਗਦੇ ਨੇ। ਮੈਦਾਨਾਂ 'ਚ ਵੀ ਘਰਾਂ ਦੇ ਇਹ ਰੰਗ ਹੋਣਗੇ ਪਰ ਏਥੇ ਪਹਾੜਾਂ 'ਚ ਘਰ ਏਨੇ ਨੇੜੇ-ਨੇੜੇ ਨਾ ਹੋਣ ਅਤੇ ਉਹਨਾਂ ਦਾ ਵੱਖਰੇ ਧਰਾਤਲਾਂ 'ਤੇ ਹੋਣ ਕਾਰਨ, ਰੰਗ ਤੇ ਆਕਾਰ ਉੱਘੜਵੇਂ ਦਿਸਦੇ ਨੇ। ਫਿਰ ਆਸ-ਪਾਸ ਹਰੀਆਂ ਪਹਾੜੀਆਂ, ਸਰ੍ਹੋਂ ਤੇ ਕਣਕ ਦੇ ਖੇਤ, ਸਰਦੀਆਂ ਦੀ ਚਮਕੀਲੀ ਧੁੱਪ ਤੇ ਸੈਲਾਨੀ ਦੀ ਅੱਖ ਉਹਨਾਂ ਨੂੰ ਵੱਖਰਾ ਆਯਾਮ ਦੇਂਦੀ ਹੈ।

ਧਮੇਟਾ ਨਿੱਕਾ ਪਿੰਡਾ ਹੈ। ਸੜਕ ਦੁਆਲ਼ੇ ਨਿੱਕਾ ਬਜ਼ਾਰ ਹੈ। ਕਾਰ ਤੋਂ ਉੱਤਰਦਿਆਂ ਮੈਂ ਸਕੂਲ ਦੇ ਮਾਸਟਰ ਜਾਪਦੇ ਤੇ ਖ਼ੁਸ਼ ਚਿਹਰੇ ਵਾਲ਼ੇ ਪੰਜਾਹ-ਪਚਵੰਜਾ ਸਾਲ ਦੇ ਬੰਦੇ ਤੋਂ ਪੁੱਛਦਾ ਹਾਂ, "ਪੰਛੀ ਨਹੀਂ ਏਥੇ ?" "ਨਹੀਂ, ਤੁਸੀਂ ਏਥੋਂ ਤਿੰਨ ਕਿਲੋਮੀਟਰ ਦੂਰ ਗੱਟਾ ਪਿੰਡ ਜਾਓ। ਪਹਿਲਾਂ ਛੋਟਾ ਗੱਟਾ ਫਿਰ ਵੱਡਾ ਗੱਟਾ ਪਿੰਡ ਆਏਗਾ। ਵੱਡੇ ਗੱਟੇ ਵਿੱਚ ਸੱਜੇ ਹੱਥ ਸਕੂਲ ਹੈ, ਉੱਥੇ ਗੱਡੀ ਲਾ ਦਿਓ। ਨਾਲ਼ ਸਕੂਲੋਂ ਕਿਸੇ ਮਾਸਟਰ ਨੂੰ ਲੈ ਲੈਣਾ, ਦੋ-ਤਿੰਨ ਫ਼ਰਲਾਂਗ ਤੁਰਨਾ ਪਵੇਗਾ", ਉਹ ਚੰਗੀ ਤਰ੍ਹਾਂ ਸਮਝਾਉਂਦਾ ਹੈ।

ਅਸੀਂ ਗੱਡੀ ਫਿਰ ਤੋਰ ਲੈਂਦੇ ਹਾਂ। ਹੋਰ ਨਿੱਕੇ ਪਿੰਡ ਆਉਂਦੇ ਨੇ, ਪਰ ਸਾਡੇ ਹਿਸਾਬੀਂ ਤਿੰਨ ਕਿਲੋਮੀਟਰ ਮਗਰੋਂ ਵੀ ਗੱਟਾ ਨਾਂ ਦਾ ਬੋਰਡ ਨਹੀਂ ਦਿਸਦਾ। ਪੰਜ-ਛੇ ਕਿਲੋਮੀਟਰ 'ਤੇ ਗੱਡੀ ਰੋਕ ਕੇ ਪੁੱਛਦੇ ਹਾਂ। ਪਤਾ ਲੱਗਦਾ ਹੈ ਕਿ ਗੱਟਾ ਪਿੰਡ ਤਾਂ ਪਿੱਛੇ ਛੱਡ ਆਏ ਹਾਂ। ਸਾਨੂੰ ਦਿਸਿਆ ਕਿਉਂ ਨਾ ? ਪਰਤਦਿਆਂ ਪਤਾ ਲੱਗਦਾ ਹੈ ਕਿ ਬੋਰਡ 'ਤੇ ਪਿੰਡ ਦਾ ਨਾਂ ਸਿਰਫ਼ ਇੱਕ, ਇਸ ਪਾਸੇ ਹੀ ਲਿਖਿਆ ਹੈ। ਫਿਰ ਪੁੱਛ ਕੇ ਇੱਕ ਪੁਲ਼ ਕੋਲ਼ੋਂ, ਕਾਰ ਖੱਬੇ ਪਾਸੇ ਥੱਲੇ ਨੂੰ, ਇੱਕ ਕੱਚੀ-ਪੱਕੀ ਊਬੜ-ਖਾਬੜ ਨਿੱਕੀ ਸੜਕ 'ਤੇ ਪਾ ਲੈਂਦੇ ਹਾਂ। ਇੱਕ ਨਿੱਕੇ ਪਿੰਡ ਦੇ ਕੁਝ ਘਰਾਂ ਮਗਰੋਂ ਸੜਕ ਖ਼ਤਮ ਹੋ ਜਾਂਦੀ ਤੇ ਟ੍ਰੈੱਕਟਰ-ਲੀਹ ਹੇਠਾਂ ਨੂੰ ਉੱਤਰਨ ਲੱਗਦੀ ਹੈ। ਲੀਹ ਦੇ ਦੋਹੀਂ ਪਾਸੀਂ ਪਥਰੀਲੀ ਭੂਰੀ-ਸਾਉਲ਼ੀ ਬਿਨ-ਬੂਟਾ ਜ਼ਮੀਨ ਹੈ। ਕਿਸੇ ਕਾਰ-ਰੈਲੀ 'ਚ ਕਾਰ ਚਲਾਉਣ ਜਿਹਾ ਅਹਿਸਾਸ ਹੈ। ਦੂਰ ਪਾਣੀ ਦਿਸਣ ਲੱਗਾ ਹੈ, ਇਹ ਪੌਂਗ ਝੀਲ਼ ਦਾ ਹੀ ਇੱਕ ਦੂਰਲਾ ਹਿੱਸਾ ਹੈ। ਇੱਕ ਥਾਂ ਡੇਢ-ਦੋ ਸੌ ਮੱਝਾਂ-ਗਾਂਵਾਂ ਬੈਠੀਆਂ/ਖੜ੍ਹੀਆਂ ਜੁਗਾਲ਼ੀ ਕਰ ਰਹੀਆਂ ਨੇ, ਕੋਲ਼ ਇੱਕ ਗੁੱਜਰ ਬੈਠਾ ਹੈ। ਏਥੇ ਦੂਰ-ਦੂਰ ਤਾਈਂ ਪਥਰੀਲੀ ਬੰਜਰ ਜ਼ਮੀਨ ਹੈ, ਇਹ ਏਥੇ ਕਿਉਂ ਲਿਆਂਦੀਆਂ ਗਈਆਂ ਨੇ ! ਗੁੱਜਰ ਸ਼ਾਇਦ ਇਹਨਾਂ ਨੂੰ ਏਥੇ ਪਾਣੀ ਪਿਆਉਣ ਲਈ ਲਿਆਇਆ ਹੈ।

ਕੁਝ ਅੱਗੇ ਜਾ ਕੇ ਜਦੋਂ ਟ੍ਰੈੱਕਟਰ-ਲੀਹ ਵੀ ਖ਼ਤਮ ਹੋ ਜਾਂਦੀ ਹੈ ਤਾਂ ਕਾਰ 'ਚੋਂ ਉੱਤਰ ਕੇ ਅਸੀਂ ਪਾਣੀ ਵੱਲ ਨੂੰ ਤੁਰ ਪੈਂਦੇ ਹਾਂ। ਏਨੀ ਪਥਰੀਲੀ ਜ਼ਮੀਨ 'ਤੇ ਵੀ, ਕਿਤੇ-ਕਿਤੇ ਕਣਕ ਬੀਜੀ ਹੋਈ ਹੈ। ਖੇਤਾਂ 'ਚ ਇੱਕਾ-ਦੁੱਕਾ ਸਿੰਥੈਟਿਕ ਚਿੱਟੀਆਂ ਖਾਦ ਦੀਆਂ ਬੋਰੀਆਂ ਦੀਆਂ ਨਿੱਕੀਆਂ ਝੁੱਗੀਆਂ ਨੇ। ਮੱਘਾਂ ਤੇ ਹੋਰ ਪੰਛੀਆਂ ਤੋਂ ਆਪਣੀ ਫ਼ਸਲ ਬਚਾਉਣ ਲਈ ਉਹਨਾਂ ਕੋਲ਼ ਇੱਕਾ-ਦੁੱਕਾ ਬੰਦੇ ਵੀ ਬੈਠੇ ਨੇ। (ਬੰਦਾ ਆਪਣੀ ਕਣਕ ਬਚਾ ਰਿਹਾ ਏ ਕਿ ਮੱਘਾਂ ਦੀ ਜੂਹ 'ਤੇ ਕਬਜ਼ਾ ਕਰ ਰਿਹਾ ਏ ?) ਛੱਲੇਦਾਰ ਗੋਲ਼ ਅੱਖਾਂ ਵਾਲ਼ਾ ਚਿੱਟਾ-ਭੂਰਾ ਇੱਕ ਨਿੱਕਾ ਪੰਛੀ ਤੇਜ਼ ਜ਼ਮੀਨੀ ਦੌੜ ਲਾਉਂਦਾ, ਸਾਡੇ ਤੋਂ ਦੂਰ ਭੱਜ ਜਾਂਦਾ ਹੈ। ਦੂਰ ਪਾਣੀ 'ਚ ਤੇ ਕਿਨਾਰੇ 'ਤੇ, ਆਖ਼ਰ ਪਰਵਾਸੀ ਪੰਛੀ ਦਿਸ ਹੀ ਪਏ ਨੇ— ਇੱਕ ਖ਼ਸਤਾਹਾਲ ਬੇਰੰਗ ਹੋਈ ਕਿਸ਼ਤੀ ਕਿਨਾਰੇ 'ਤੇ ਪਈ ਹੈ। ਪਾਣੀ ਦੇ ਝੀਲ-ਨੁਮਾ ਪਸਾਰ ਤੋਂ ਪਾਰ ਪਹਾੜੀਆਂ ਨੇ ਤੇ ਉਹਨਾਂ ਤੋਂ ਪਰੇ, ਬਹੁਤ ਦੂਰ, ਬਰਫ਼ਧਾਰੀ ਧੌਲ਼ਾਧਾਰ ਪਹਾੜ ਆਪਣੇ ਪੂਰੇ ਵੈਭਵ ਤੇ ਵਿਸ਼ਾਲਤਾ 'ਚ ਦਿਸਦੇ ਨੇ। ਧੌਲ਼ਾਧਾਰ, ਸਫ਼ੈਦ ਰੰਗ ਧਾਰਨ ਵਾਲ਼ੇ ਪਹਾੜ, ਭਾਰਤ ਦੇ ਉੱਤਰੀ ਮੈਦਾਨਾਂ 'ਚੋਂ ਦਰਸ਼ਨੀ ਢੰਗ ਨਾਲ਼ ਅਸਮਾਨੀਂ ਉੱਠੇ ਹੋਏ ਹਨ। ਇਹਨਾਂ ਦੀਆਂ ਕਈ ਚੋਟੀਆਂ 17,000 ਫੁੱਟ ਦੇ ਕਰੀਬ ਉੱਚੀਆਂ ਨੇ। ਸਭ ਤੋਂ ਉੱਚੀ "ਹਨੂੰਮਾਨ ਜੀ ਕਾ ਟਿੱਬਾ" 18,500 ਫ਼ੁੱਟ ਬੁਲੰਦ ਹੈ। ਪਹਾੜਾਂ ਅੰਦਰ ਕਈ ਝੀਲਾਂ ਨੇ। ਮੁੱਖ ਬਾਹਰੀ ਹਿਮਾਲੀਆ ਪਹਾੜ-ਕੜੀਆਂ ਦੀ ਇਹ ਪਹਾੜ ਦੱਖਣੀ ਸ਼ਾਖ ਨੇ।

ਤਿੰਨ-ਚਾਰ ਦਿਨ ਪਹਿਲਾਂ ਵਰ੍ਹੇ ਭਰਪੂਰ ਮੀਂਹ ਕਾਰਨ ਊਬੜ-ਖਾਬੜ ਪਥਰੀਲੀ ਜ਼ਮੀਨ ਜ਼ਰਾ ਖੋਭੇ ਵਾਲ਼ੀ ਤੇ ਤਿਲਕਵੀਂ ਹੈ। ਭਲ਼ ਦੀ ਪਰਤ, ਠੰਢ ਤੇ ਕੋਰੇ ਕਾਰਨ, ਏਥੇ ਉੱਗੇ ਘਾਹ ਦੀਆਂ ਲੰਮੀਆਂ ਤਿੜ੍ਹਾਂ ਬੇਰੰਗ ਤੇ ਬੇਜਾਨ ਜਾਪਦੀਆਂ ਹਨ ਪਰ ਉਹ ਜੀਵਿਤ ਨੇ, ਘਾਹ ਕਦੇ ਨਹੀਂ ਮਰਦਾ। ਜ਼ਮੀਨ 'ਤੇ ਕਿਤੇ ਮੌਸ (Moss) ਦੇ ਹਰੇ ਰੰਗ ਦਾ ਛਿੜਕਾਅ ਹੈ। ਸੁੱਕੀਆਂ ਥਾਂਵਾਂ ਅਤੇ ਪੱਥਰਾਂ 'ਤੇ ਪੈਰ ਧਰ ਅਸੀਂ ਪਾਣੀ ਵੱਲ ਵਧ ਰਹੇ ਹਾਂ। ਲਹਿਰਾਂ ਦੀ ਲਪ-ਲਪ ਅਤੇ ਚੁਕੰਨੇ ਹੋ ਗਏ ਪੰਛੀਆਂ ਦੀਆਂ ਚਿਤਾਵਨੀ-ਪੁਕਾਰਾਂ ਸੁਣਨ ਲੱਗੀਆਂ ਨੇ। ਹੋਰ ਅੱਗੇ ਗਏ ਤਾਂ ਉਹ ਡਰ ਕੇ ਉੱਡ ਜਾਣਗੇ।

ਇਹ ਡਰ ਪੰਛੀਆਂ ਨੂੰ ਮਨੁੱਖ ਨੇ ਸਿਖਾਇਆ ਹੈ—ਸਮੁੰਦਰਾਂ 'ਚ ਦੂਰ-ਦੁਰਾਡੇ ਟਾਪੂਆਂ, ਜਿਵੇਂ ਕਿ ਅੰਟਾਰਕਟਿਕਾ 'ਚ ਗਲੈਪਾਗੋਸ (Galapagos) ਟਾਪੂਆਂ 'ਚ ਤੁਸੀਂ ਪੰਛੀਆਂ ਤੇ ਹੋਰ ਜੀਵਾਂ ਨੂੰ ਹੱਥ ਵਧਾ ਕੇ ਛੂਹ ਸਕਦੇ ਓ ਕਿਉਂਕਿ ਇਹ ਜੀਵ ਕਦੇ ਮਨੁੱਖਾਂ ਦੇ ਸੰਪਰਕ 'ਚ ਨਹੀਂ ਆਏ ਹੁੰਦੇ। ਅਸੀਂ ਰੁਕ ਗਏ ਹਾਂ। ਮੇਰੇ ਦੋਸਤ ਨੇ ਆਪਣਾ ਟੈਲੀ-ਲੈਂਜ਼ ਵਾਲ਼ਾ ਕੈਮਰਾ ਤੇ ਮੈਂ ਆਪਣੀ ਦੂਰਬੀਨ ਅੱਖਾਂ ਨੂੰ ਲਾ ਲਈ ਹੈ। ਪੰਛੀ ਬਹੁਤ ਨੇੜੇ ਦਿਸਣ ਲੱਗੇ ਤੇ ਪਛਾਣਯੋਗ ਹੋ ਗਏ ਨੇ। ਕਿਨਾਰੇ 'ਤੇ ਇੱਕ ਲਾਖਾ-ਸੁਨਹਿਰੀ ਸੁਰਖ਼ਾਬ (Ruddy Shelduck, Brapminy Duck) ਜੋੜਾ ਬੈਠਾ ਹੈ-ਏਨੇ ਸਾਲਾਂ ਦੌਰਾਨ ਮੈਂ ਕਦੇ ਕੋਈ ਸੁਰਖ਼ਾਬ ਪੰਛੀ 'ਕੱਲਾ ਨਹੀਂ ਤੱਕਿਆ। ਪਾਣੀ 'ਚ ਸੀਖਪਰ ਬਤਕਾਂ (Pintail) ਤਰ ਰਹੀਆਂ ਹਨ। ਖਾਣ ਵਾਸਤੇ ਜਦੋਂ ਉਹ ਅੱਧ-



Downloaded from https:// www.studiestoday.com

Downloaded from https:// www.studiestoday.com

ਡੁਬਕੀ ਲਾਉਂਦੀਆਂ ਨੇ ਤਾਂ ਉਹਨਾਂ ਦੀ ਉੱਪਰ ਨੂੰ ਉੱਠੀ ਨੁਕੀਲੀ ਪੂਛਲ ਸਾਫ਼ ਦਿਖਾਈ ਦੇਂਦੀ ਹੈ। ਹੋਰ ਵੀ ਕੁਝ ਪੰਛੀ-ਪ੍ਰਜਾਤੀਆਂ ਨੇ ਪਰ ਮੈਂ ਉਹਨਾਂ ਨੂੰ ਪਛਾਣਦਾ ਨਹੀਂ। ਇੱਕ ਜਾਤੀ, ਸਾਵੇ ਮੱਘ (Bar Headed Goose) ਤੋਂ ਸਿਵਾਏ, ਦੂਰਬੀਨ 'ਚ ਵੇਖ ਕੇ ਮੈਂ ਇਹਨਾਂ ਨੂੰ ਇਕਦਮ ਪਛਾਣ ਲਿਆ ਹੈ। ਹਲਕੇ ਪੀਲ਼ੇ-ਭੂਰੇ ਰੰਗ ਦੇ ਦੋ ਤੋਂ ਤਿੰਨ ਕਿੱਲੋ ਦੇ ਇਸ ਪੰਛੀ ਦੇ ਸਿਰ ਦੇ ਦੋਂਹੀਂ ਪਾਸੀਂ ਦੋ-ਦੋ ਖ਼ਾਸ ਕਾਲ਼ੀਆਂ ਧਾਰੀਆਂ ਹੁੰਦੀਆਂ ਹਨ। ਇਸੇ ਕਾਰਨ ਇਹਨੂੰ ਧਾਰੀਦਾਰ ਸਿਰ ਵਾਲ਼ਾ ਕਿਹਾ ਜਾਂਦਾ ਹੈ।

ਮੈਂ ਇਹਨਾਂ ਨੂੰ ਡਿਸਕਵਰੀ ਚੈਨਲ ਉੱਤੇ ਲੱਦਾਖ ਤੇ ਚੀਨ ਦੀ ਹੱਦ 'ਤੇ ਸਥਿਤ ਪੈਨਗਾਂਗ ਝੀਲ 'ਤੇ ਜਿੱਥੇ ਇਹ ਆਂਡੇ ਦੇਂਦੇ ਤੇ ਆਪਣੇ ਚੂਚੇ ਪਾਲ਼ਦੇ ਹਨ, ਵੇਖਿਆ ਸੀ। ਮੱਧ-ਏਸ਼ੀਆ ਦੀਆਂ ਇੰਞ ਦੀਆਂ ਪਰਬਤੀ ਝੀਲਾਂ, ਜਿਨ੍ਹਾਂ ਦੁਆਲ਼ੇ ਦੇ ਨਿੱਕੇ ਘਾਹਾਂ 'ਚ ਇਹ ਚੁਗਦੇ ਨੇ, ਇਹਨਾਂ ਦਾ ਗਰਮੀਆਂ ਦਾ ਬਸੇਰਾ ਹੁੰਦੀਆਂ ਨੇ। ਤਿੱਬਤ, ਕਜ਼ਾਖ਼ਸਤਾਨ, ਮੰਗੋਲੀਆ ਤੇ ਰੂਸ ਤੋਂ ਇਹ ਸਰਦ ਰੁੱਤ ਦੇ ਸ਼ੁਰੂ 'ਚ ਦੱਖਣ ਵੱਲ ਨੂੰ ਪਰਵਾਸ ਕਰਦੇ ਅਤੇ ਸਾਰੀਆਂ ਸਰਦੀਆਂ ਅਸਾਮ ਤੋਂ ਲੈ ਕੇ ਤਾਮਿਲਨਾਡੂ ਤਾਈਂ ਸਾਰੇ ਭਾਰਤ 'ਚ ਵੇਖੇ ਜਾ ਸਕਦੇ ਨੇ। ਪਰਵਾਸ ਦੌਰਾਨ ਇਹ ਹਿਮਾਲੀਆ ਪਾਰ ਕਰਦੇ ਹਨ। ਇਹ ਦੁਨੀਆਂ ਦੇ ਸਭ ਤੋਂ ਉੱਚੇ ਉੱਡਣ ਵਾਲ਼ੇ ਪੰਛੀਆਂ 'ਚੋਂ ਨੇ। ਇਹਨਾਂ ਨੂੰ ਮਾਊਂਟ ਐਵਰੈਸਟ (29029 ਫ਼ੁੱਟ) ਜਿੱਥੇ ਤਾਪਮਾਨ ਮਨਫ਼ੀ ਤੋਂ ਬਹੁਤ ਹੇਠਾਂ ਅਤੇ ਹਵਾ 'ਚ ਆਕਸੀਜਨ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ, ਦੇ ਉੱਤੋਂ ਦੀ ਉੱਡਦਿਆਂ ਵੇਖਿਆ/ਸੁਣਿਆ ਗਿਆ ਹੈ। ਪਰ ਉਪਗ੍ਰਹਿ-ਟ੍ਰੈਕਿੰਗ ਰਾਹੀਂ, ਇਹਨਾਂ ਨੂੰ ਵੱਧ ਤੋਂ ਵੱਧ 21,600 ਫੁੱਟ ਉੱਚੇ ਹਿਮਾਲਿਆਈ ਦੱਰੇ ਪਾਰ ਕਰਦਿਆਂ ਰਿਕਾਰਡ ਕੀਤਾ ਗਿਆ ਹੈ। ਮੇਰੇ ਦੋਸਤ ਨੇ ਇਹਨਾਂ ਦੀਆਂ ਕਿਨਾਰੇ 'ਤੇ ਖੜ੍ਹੇ ਸਸਤਾਂਦਿਆਂ, ਤੁਰਦਿਆਂ ਤੇ ਉੱਡਦਿਆਂ ਦੀਆਂ ਬਹੁਤ ਸਾਰੀਆਂ ਤਸਵੀਰਾਂ ਲੈ ਲਈਆਂ ਨੇ। ਗੁਰਦਾਸਪੁਰ ਤੋਂ 80 ਕਿਲੋਮੀਟਰ ਦਾ ਸਾਡਾ ਸਫ਼ਰ ਸਾਰਥਕ ਹੋ ਗਿਆ ਹੈ।

ਦੁਪਹਿਰ ਢਲਣ 'ਤੇ ਭੁੱਖ ਲੱਗਣ ਲੱਗੀ ਹੈ। ਪਰਤਦਿਆਂ ਪੌਂਗ ਡੈਮ ਤੋਂ ਉਰ੍ਹਾਂ, ਚੰਗੇ ਦਿਸਦੇ ਇੱਕ ਢਾਬੇ 'ਤੇ ਰੁਕ ਕੇ, ਧੁੱਪ 'ਚ ਬੈਠ ਗਏ ਹਾਂ। ਇੱਥੋਂ ਪੌਂਗ ਝੀਲ ਦਾ ਇੱਕ ਹਿੱਸਾ, ਪਹਾੜੀਆਂ ਤੇ ਧੌਲ਼ਾਧਾਰ ਦਿਸਦੇ ਨੇ। ਧੁੱਪ ਗੁਣਗੁਣੀ, ਅਲਸਾਹਟ ਭਰਨ ਵਾਲ਼ੀ ਹੈ ਤੇ ਧਰਤੀ 'ਤੇ ਏਨੇ ਪ੍ਰਦੂਸ਼ਣ ਦੇ ਬਾਵਜੂਦ ਅਸਮਾਨ ਦਾ ਰੰਗ ਏਥੇ ਅਲ਼ਸੀ ਦੇ ਫੁੱਲਾਂ ਜਿਹਾ ਨੀਲਾ ਹੈ। ਅਜੇ ਜਨਵਰੀ ਤਿੰਨ-ਚੁਥਾਈ ਬੀਤੀ ਹੈ, ਫੱਗਣ ਚੜ੍ਹਨ ਨੂੰ ਵਾਹਵਾ ਦਿਨ ਪਏ ਹਨ ਪਰ ਢਾਬੇ ਦੇ ਬਾਹਰ ਇੱਕ ਰੁੱਖ ਪੁੰਗਰ-ਜੋਬਨ 'ਤੇ ਹੈ-ਹਰ ਰੁੱਖ ਦਾ ਸ਼ਾਇਦ ਆਪਣਾ ਇੱਕ ਨਿੱਜੀ ਮੌਸਮ ਵੀ ਹੁੰਦਾ ਹੈ। ਰੁੱਖ 'ਤੇ ਦੋ ਮੈਨਾ ਪੰਛੀਆਂ ਨੇ ਆਪਣੇ ਵੀਹ-ਸੁਰੇ ਗੀਤਾਂ ਨਾਲ਼ ਰੌਣਕ ਲਾਈ ਹੋਈ ਹੈ, ਦੋ ਚਿਟਗੱਲ੍ਹੀਆਂ ਬੁਲਬੁਲਾਂ ਉਹਨਾਂ ਨੂੰ ਵੇਖ ਕੇ ਪਰਤ ਗਈਆਂ ਹਨ। ਇੱਕ ਮੈਗਪਾਈ ਨੇੜਲੇ ਕਿਸੇ ਦਰਖ਼ਤ 'ਚ ਕੁਰਖ਼ਤ ਕੈਂ-ਕੈਂ ਕਰ ਰਹੀ ਹੈ। ਖਾਣਾ ਪਰੋਸਿਆ ਗਿਆ ਹੈ—ਮੇਰੇ ਵਾਸਤੇ ਕੜ੍ਹੀ-ਚਾਵਲ ਤੇ ਮੇਰੇ ਦੋਸਤ ਵਾਸਤੇ ਮੱਛੀ ਚਾਵਲ (ਮੈਂ ਮੀਟ-ਮੱਛੀ ਨਹੀਂ ਖਾਂਦਾ)। ਪਰ ਇਹ ਕੋਈ ਹੋਰ ਸਥਾਨਿਕ ਮੱਛੀ ਹੈ, ਪੌਂਗ ਡੈਮ ਵਾਲ਼ੀ ਮਸ਼ਹੂਰ ਮਾਹਸੀਰ ਨਹੀਂ। ਸਮੇਂ, ਸਥਾਨ, ਮਾਹੌਲ ਦਾ ਯੋਗਦਾਨ ਵੀ ਹੋਏਗਾ, ਕੜ੍ਹੀ ਮੈਨੂੰ ਬੜੀ ਸੁਆਦਲੀ ਲੱਗੀ ਹੈ। ਇਹ ਸਾਦਾ, ਸਧਾਰਨ ਖਾਣਾ ਮੈਨੂੰ ਵਿਆਹਾਂ 'ਤੇ ਸਿਤਾਰਾ-ਹੋਟਲਾਂ 'ਚ ਖਾਧੇ ਵਧੀਆ ਖਾਣਿਆਂ ਨਾਲ਼ੋਂ ਜ਼ਿਆਦਾ ਸੁਆਦਲਾ ਲੱਗਿਆ ਹੈ। ਖ਼ਾਸ ਕਰਕੇ ਪਰਾ-ਧਨਾਢਾਂ ਦੇ ਸ਼ਾਦੀ ਸਮਾਰੋਹਾਂ 'ਚ ਤਾਂ ਏਨੀਆਂ ਵੰਨਗੀਆਂ ਦੇ ਵਿਅੰਜਨ, ਸੁਆਦਾਂ-ਸੁਗੰਧਾਂ ਦੀ ਏਨੀ ਵਿਵਿਧਤਾ ਅਤੇ ਭੋਜਨ ਦੀ ਏਨੀ ਬਹੁਤਾਤ ਹੁੰਦੀ ਏ ਕਿ ਘੱਟੋ-ਘੱਟ ਮੇਰੇ ਤਾਂ ਸਾਰੇ ਸੁਆਦ-ਸੁਗੰਧ ਤੰਤੂ ਬੌਂਦਲ਼ਾ ਜਾਂਦੇ ਹਨ। ਮੈਂ ਢੰਗ ਨਾਲ਼ ਕੁਝ ਵੀ ਨਹੀਂ ਮਾਣ ਸਕਦਾ। ਢਾਬਾ-ਮਾਲਕ/ਰਸੋਈਏ ਕੋਲ਼ ਮੈਂ ਖਾਣੇ ਦੀ ਤਾਰੀਫ਼ ਕਰਦਾ ਹਾਂ ਤਾਂ ਪਹਿਲਾਂ ਤਾਂ ਉਹ ਸਿਰ ਝੁਕਾ ਕੇ ਇਹਨੂੰ ਕਬੂਲ ਕਰਦਾ ਹੈ, ਫਿਰ ਕਹਿੰਦਾ ਹੈ-"ਅਸੀਂ ਤਾਂ ਜੀ, ਖੱਟੀ ਲੱਸੀ ਨੂੰ ਤੜਕਾ ਲਾਉਂਦੇ ਆਂ, ਸਾਬਤ ਧਨੀਏ, ਸਾਬਤ ਲਾਲ ਮਿਰਚਾਂ ਤੇ ਥੋੜ੍ਹੇ ਮੇਥਰਿਆਂ ਦਾ। ਲਸਣ, ਪਿਆਜ਼, ਟਮਾਟਰ, ਅਦਰਕ ਨਹੀਂ ਵਾਰਾ ਖਾਂਦਾ ਸਾਨੂੰ।" "ਫਿਰ ਵੀ ਇਹ ਕੜ੍ਹੀ ਸਵਾਦ ਬੜੀ ਵੇ", ਮੈਂ ਕਹਿੰਦਾ ਹਾਂ। "ਸਵੇਰੇ ਈ ਕਾੜ੍ਹਨੀ 'ਚ ਰੱਖ ਦਈਦੀ ਐ, ਜਿੰਨੀ ਜ਼ਿਆਦਾ ਕੜ੍ਹੇ, ਓਨਾ ਜ਼ਿਆਦਾ ਸੁਆਦ। ਤਾਂਹੀਓਂ ਤਾਂ ਇਹਨੂੰ ਕੜ੍ਹੀ ਕਹਿੰਦੇ ਐ। ਵਿੱਚ ਥੋੜ੍ਹਾ ਪਿਆਜ਼ ਉਂਜ ਕੱਟ ਕੇ ਪਾ ਦਈਦੈ।"

ਸਮੇਂ ਦੀ ਕਾੜ੍ਹਨੀ 'ਚ ਕੜ੍ਹ ਕੇ ਸਾਡਾ ਇਹ ਸੰਖੇਪ ਸਫ਼ਰ ਵੀ ਹੋਰ ਸੁਆਦਲਾ ਹੋਈ ਜਾਣਾ ਏ। ਮੇਰੇ ਨਾਲ਼, ਹਰ ਇੱਕ ਨਾਲ਼, ਇੰਞ ਹੀ ਹੁੰਦਾ ਹੈ। ਬੀਤਦਿਆਂ ਸਾਰ, ਭੂਤ-ਕਾਲ 'ਚ ਪੁੱਜਦਿਆਂ ਹੀ ਹਰ ਸ਼ੈਅ ਤੇ ਨਜ਼ਾਰੇ, ਅਹਿਸਾਸ ਦੀ ਭਾਹ ਤੇ ਰੰਗਤ ਬਦਲ ਜਾਂਦੀ ਹੈ, ਉਹਦੀ ਤਾਸੀਰ ਹੋਰ ਹੋ ਜਾਂਦੀ ਹੈ। ਲਗ-ਪਗ ਤੀਹ ਸਾਲ ਪਹਿਲਾਂ ਦੀ ਇੱਕ ਕਵਿਤਾ ਯਾਦ ਆਉਂਦੀ ਹੈ :

## ਪਿਕਚਰ-ਪੋਸਟਕਾਰਡ

ਬੀਤਦਿਆਂ ਸਾਰ ਹੀ ਲਮਹੇ, ਸਰਕ ਜਾਂਦੇ ਨੇ
ਇੱਕ ਜਾਦੂਈ ਪਰਾ-ਸੰਸਾਰੀ ਦੁਨੀਆ 'ਚ
ਅਸਲ ਨਾਲ਼ੋਂ ਕਿਤੇ ਪੁਰ-ਸ਼ਿੱਦਤ
ਪਿਕਚਰ-ਪੋਸਟਕਾਰਡ ਹੁੰਦੇ ਨੇ, ਜਿਵੇਂ
ਹਕੀਕਤ ਦਾ ਵਾਸ਼ਪੀਕ੍ਰਿਤ,



Downloaded from https:// www.studiestoday.com

Downloaded from https:// www.studiestoday.com

ਗੂੜ੍ਹਾ ਤੇ ਗਾੜ੍ਹਾ ਰੂਪ
ਉਹਨਾਂ 'ਚ ਰੰਗ, ਹੁੰਦੇ ਨੇ ਵਧੇਰੇ ਰੰਗਦਾਰ
ਜ਼ਿਆਦਾ ਹਰਾ ਹੁੰਦਾ ਏ ਘਾਹ
ਫੁੱਲ ਜਾਪਦੇ ਨੇ ਹੋਰ ਵੀ ਫੁੱਲਾਂ ਜਿਹੇ
ਅਤੇ ਸੜਕਾਂ ਤੇ ਇਮਾਰਤਾਂ
ਹੁੰਦੀਆਂ ਨੇ ਘੱਟ ਮਟਿਆਲ਼ੀਆਂ
ਪਿਕਚਰ-ਪੋਸਟਕਾਰਡਾਂ 'ਚ
ਵਿਖਾਲ਼ੀ ਨਹੀਂ ਦੇਂਦੇ
ਸੜਕਾਂ 'ਤੇ ਟੋਏ ਤੇ ਲਾਅਨਾਂ 'ਚ ਖਿਲਾਰ।

**ਇਸ ਪਾਠ ਵਿੱਚ ਆਏ ਨਾਂ, ਥਾਂ ਅਤੇ ਵਿਸ਼ੇਸ਼ ਸ਼ਬਦ—**

1. ਸੁਰਮਈ = ਸੁਰਮੇ ਦੇ ਰੰਗ ਦਾ
2. ਸੁਰਖ਼ਾਬ = ਇੱਕ ਜਲ-ਪੰਛੀ
3. ਧੌਲ਼ਾਧਾਰ = ਧੌਲ਼-ਚਿੱਟਾ, ਉੱਜਲ
4. ਬੈਰੀਅਰ = ਰੁਕਾਵਟ
5. ਫ਼ਾਈਬਰ ਗਲਾਸ = ਕੱਚ, ਰੇਸ਼ੇ ਆਦਿ ਤੋਂ ਬਣੀ ਹੋਈ ਚਾਦਰ
6. ਤਿੱਬਤ = ਇੱਕ ਦੇਸ ਦਾ ਨਾਂ
7. ਕਜ਼ਾਖ਼ਸਤਾਨ = ਇੱਕ ਇਸਲਾਮੀ ਦੇਸ
8. ਮੰਗੋਲੀਆ = ਇੱਕ ਦੇਸ ਦਾ ਨਾਂ
9. ਪਰਵਾਸ = ਇੱਕ ਦੇਸ ਛੱਡ ਕੇ ਦੂਜੇ ਦੇਸ ਜਾਣਾ
10. ਤਾਸੀਰ = ਅਸਰ ਜਾਂ ਪ੍ਰਭਾਵ
11. ਮਟਿਆਲ਼ੀ = ਮਿੱਟੀ ਵਰਗਾ ਰੰਗ

## ਅਭਿਆਸ

*1. ਵਸਤੂ ਨਿਸ਼ਠ ਪ੍ਰਸ਼ਨ—*

(ੳ) ਲੇਖਕ ਦੇ ਨਾਲ਼ ਜਾਣ ਵਾਲ਼ੇ ਕੌਣ ਸਨ ?
(ਅ) ਲੇਖਕ ਦੀ ਦਾਦੀ ਨੇ ਉਸ ਨੂੰ ਕਿਉਂ ਝਿੜਕਿਆ ?
(ੲ) ਜਵਾਨੀ ਸਮੇਂ ਲੇਖਕ ਨੇ ਕਿਸ ਜੀਵ ਦਾ ਸ਼ਿਕਾਰ ਕੀਤਾ ?
(ਸ) ਪੌਂਗ ਡੈਮ ਕਦੋਂ ਚਾਲੂ ਹੋਇਆ ਅਤੇ ਇਸ ਦਾ ਪੂਰਾ ਨਾਂ ਕੀ ਹੈ ?
(ਹ) 'ਹਨੂੰਮਾਨ ਜੀ ਦਾ ਟਿੱਬਾ' ਕਿੰਨੇ ਫ਼ੁੱਟ ਉੱਚਾ ਹੈ ?
(ਕ) ਲੇਖਕ ਨੇ ਕਿਹੜਾ ਪੰਛੀ ਕਦੇ ਇਕੱਲਾ ਨਹੀਂ ਤੱਕਿਆ ?
(ਖ) ਲੇਖਕ ਨੇ 'ਸਾਵੇ ਮੱਘਾਂ' ਨੂੰ ਟੈਲੀਵੀਜ਼ਨ ਦੇ ਕਿਹੜੇ ਚੈਨਲ ਉੱਤੇ ਦੇਖਿਆ ਸੀ ?
(ਗ) ਲੇਖਕ ਨੂੰ ਢਾਬੇ 'ਤੇ ਖਾਧਾ ਖਾਣਾ ਕਿਹੋ-ਜਿਹਾ ਲੱਗਿਆ ?
(ਘ) ਲੇਖਕ ਦੇ ਦੋਸਤ ਨੇ ਸ਼ਾਕਾਹਾਰੀ ਖਾਣਾ ਖਾਧਾ ਜਾਂ ਮਾਸਾਹਾਰੀ ?

*2. ਦੱਸੋ—*

(ੳ) ਲੇਖਕ ਸਰਦੀਆਂ ਵਿੱਚ ਕਿੱਥੇ ਜਾਣਾ ਚਾਹੁੰਦਾ ਹੈ ਅਤੇ ਕਿਉਂ ?



Downloaded from https:// www.studiestoday.com

Downloaded from https:// www.studiestoday.com

(ਅ) ਮੁਰਗਾਬੀਆਂ ਦਾ ਸ਼ਿਕਾਰ ਕਰਨ ਵਾਲ਼ੀ ਘਟਨਾ ਨੇ ਲੇਖਕ ਨੂੰ ਕਿਵੇਂ ਪ੍ਰਭਾਵਿਤ ਕੀਤਾ ?

(ੲ) ਧਮੇਟਾ ਪਹੁੰਚ ਕੇ ਲੇਖਕ ਨੇ ਕਿਸ ਨਾਲ਼ ਗੱਲ਼-ਬਾਤ ਕੀਤੀ ?

(ਸ) 'ਸਾਵੇ ਮੱਘ' ਬਾਰੇ ਲੇਖਕ ਨੇ ਕੀ ਦੱਸਿਆ ਹੈ ? ਇਹ ਵੀ ਦੱਸੋ ਕਿ ਲੇਖਕ ਨੇ 'ਸਾਵੇ ਮੱਘ' ਨੂੰ ਇਕਦਮ ਕਿਵੇਂ ਪਛਾਣ ਲਿਆ ?

(ਹ) ਲੇਖਕ ਤੋਂ ਖਾਣੇ ਦੀ ਪ੍ਰਸ਼ੰਸਾ ਸੁਣ ਕੇ ਢਾਬੇ ਵਾਲ਼ੇ ਨੇ ਆਪਣੇ ਕੜ੍ਹੀ ਬਣਾਉਣ ਦੇ ਢੰਗ ਬਾਰੇ ਕੀ ਦੱਸਿਆ ?

(ਕ) 'ਸਮੇਂ ਦੀ ਕਾੜ੍ਹਨੀ 'ਚ ਕੜ੍ਹ ਕੇ ਸਾਡਾ ਸੰਖੇਪ ਸਫ਼ਰ ਹੋਰ ਵੀ ਸੁਆਦਲਾ ਹੋਈ ਜਾਣਾ ਏ।' ਇਸ ਕਥਨ ਤੋਂ ਲੇਖਕ ਦਾ ਕੀ ਭਾਵ ਹੈ ?

(ਖ) 'ਪਿਕਚਰ - ਪੋਸਟਕਾਰਡ' ਕਵਿਤਾ ਦੇ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ?

*3. ਸਾਰ—*

ਇਸ ਪਾਠ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

♦♦♦♦♦



Downloaded from https:// www.studiestoday.com

Downloaded from https:// www.studiestoday.com

**ਸ਼੍ਰੇਣੀ—ਗਿਆਰ੍ਹਵੀਂ**
**ਪੰਜਾਬੀ (ਚੋਣਵਾਂ ਵਿਸ਼ਾ)**
**ਪਾਠ-ਕ੍ਰਮ ਅਤੇ ਅੰਕ-ਵੰਡ**

**ਲਿਖਤੀ ਪੇਪਰ : 70 ਅੰਕ**
**ਆਂਤਰਿਕ ਮੁਲਾਂਕਣ : 30 ਅੰਕ**
**ਕੁੱਲ : 100 ਅੰਕ**

**ਸਮਾਂ : 3 ਘੰਟੇ**

| ਲੜੀ ਨੰ. | ਪਾਠ-ਕ੍ਰਮ | ਅੰਕ |
|---|---|---|
| 1. | ਪੰਜਾਬੀ – ਕਾਵਿ :<br>ਆਧੁਨਿਕ ਪੰਜਾਬੀ–ਕਾਵਿ (ਝਲਕਾਂ ਤੇ ਇਤਿਹਾਸ) | 30 |
| 2. | ਪੰਜਾਬੀ ਵਾਰਤਕ : ਸਫ਼ਰਨਾਮਾ–ਅੰਸ਼ | 20 |
| 3. | ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ | 14 |
| 4. | ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਸ਼ਬਦਾਵਲੀ | 6 |
| | ਕੁੱਲ ਅੰਕ | 70 |



Downloaded from https:// www.studiestoday.com

Downloaded from https:// www.studiestoday.com

## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਅਧਿਆਪਕਾਂ, ਵਿਦਿਆਰਥੀਆਂ, ਪੇਪਰ ਸੈੱਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਿਦਾਇਤਾਂ:

ਪ੍ਰਸ਼ਨ ਨੰ.1 ਸਮੁੱਚੇ ਪਾਠ-ਕ੍ਰਮ ਦੇ ਆਧਾਰ 'ਤੇ 10 ਅੰਕਾਂ ਦੇ ਵਸਤੂ-ਨਿਸ਼ਠ ਪ੍ਰਸ਼ਨ ਪੁੱਛੇ ਜਾਣਗੇ। ਇਹ ਪ੍ਰਸ਼ਨ ਬਹੁ-ਚੋਣ, ਠੀਕ/ਗ਼ਲਤ, ਖ਼ਾਲੀ ਥਾਂਵਾਂ ਜਾਂ ਇੱਕ-ਦੋ ਸ਼ਬਦਾਂ 'ਚ ਉੱਤਰ ਦੇਣ ਵਾਲ਼ੇ ਹੋਣਗੇ। ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ:-

**ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਭਾਗ-1**

(ੳ) **ਆਧੁਨਿਕ-ਕਾਵਿ:** 4 ਅੰਕ (ਦੋ ਪ੍ਰਸ਼ਨ ਰਚਨਾ ਦਾ ਕਵੀ ਜਾਂ ਕਵੀ ਦੀ ਰਚਨਾ ਨਾਲ਼ ਸੰਬੰਧਿਤ, ਦੂਜਾ ਪ੍ਰਸ਼ਨ ਪਾਠ-ਸਮਗਰੀ 'ਤੇ ਆਧਾਰਿਤ ਹੋਣਗੇ।)

(ਅ) **ਅੱਖੀਂ ਡਿੱਠੀ ਦੁਨੀਆਂ:** 2 ਅੰਕ (ਇੱਕ ਪ੍ਰਸ਼ਨ ਸਫ਼ਰਨਾਮਾ-ਅੰਸ਼ ਦੇ ਲੇਖਕ/ਲੇਖਕ-ਰਚਿਤ ਸਫ਼ਰਨਾਮਾ-ਅੰਸ਼ ਨਾਲ਼ ਸੰਬੰਧਿਤ, ਦੂਜਾ ਪ੍ਰਸ਼ਨ ਸਫ਼ਰਨਾਮਾ-ਅੰਸ਼ਾਂ ਦੀ ਪਾਠ-ਸਮਗਰੀ 'ਤੇ ਆਧਾਰਿਤ ਹੋਵੇਗਾ।

(ੲ) ਪੰਜਾਬੀ ਭਾਸ਼ਾ-ਬੋਧ : 4 ਅੰਕ
- ਇੱਕ ਪ੍ਰਸ਼ਨ ਭਾਸ਼ਾ ਦੀ ਬਣਤਰ/ਵਿਸ਼ੇਸ਼ਤਾਵਾਂ/ਮਹੱਤਵ ਨਾਲ਼ ਸੰਬੰਧਿਤ
- ਇੱਕ ਪ੍ਰਸ਼ਨ ਗੁਰਮੁਖੀ ਲਿਪੀ ਨਾਲ਼ ਸੰਬੰਧਿਤ
- ਦੋ ਪ੍ਰਸ਼ਨ ਉਪਭਾਸ਼ਾਈ ਸ਼ਬਦਾਵਲੀ ਨਾਲ਼ ਸੰਬੰਧਿਤ ਹੋਣਗੇ।

10×1=10 ਅੰਕ

ਪ੍ਰਸ਼ਨ ਨੰ 2 ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਦੇ ਆਧੁਨਿਕ-ਕਾਵਿ 'ਚੋਂ ਚਾਰ ਬੰਦ ਦੇ ਕੇ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ।(2+4=6 2+4=6)=12

ਪ੍ਰਸ਼ਨ ਨੰ 3 ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਵਿੱਚੋਂ ਕੋਈ ਦੋ ਰਚਨਾਵਾਂ ਦਾ ਸਿਰਲੇਖ ਦੇ ਕੇ ਕਿਸੇ ਇਕ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ।

4 ਅੰਕ

ਪ੍ਰਸ਼ਨ 4 ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਦੇ ਪੰਜਾਬੀ ਕਵਿਤਾ ਦਾ ਸੰਖੇਪ ਇਤਿਹਾਸ ਭਾਗ ਵਿੱਚੋਂ ਦੋ ਪ੍ਰਸ਼ਨ ਦੇ ਕੇ ਕਿਸੇ ਇੱਕ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ।

10 ਅੰਕ



Downloaded from https:// www.studiestoday.com

Downloaded from https:// www.studiestoday.com

ਪ੍ਰਸ਼ਨ ਨੰ: 5 ਅੱਖੀਂ ਡਿੱਠੀ-ਦੁਨੀਆਂ ਪਾਠ-ਪੁਸਤਕ ਵਿੱਚੋਂ ਛੋਟੇ ਉੱਤਰਾਂ ਵਾਲ਼ੇ ਤਿੰਨ ਪ੍ਰਸ਼ਨ ਪੁੱਛ ਕੇ ਕਿਸੇ ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ।

4+4=8 ਅੰਕ

ਪ੍ਰਸ਼ਨ ਨੰ: 6 ਅੱਖੀਂ ਡਿੱਠੀ-ਦੁਨੀਆਂ ਵਿੱਚੋਂ ਦੋ ਸਫ਼ਰਨਾਮਾ-ਅੰਸ਼ ਦੇ ਕੇ ਇੱਕ ਦਾ ਸਾਰ ਲਿਖਣ ਲਈ ਕਿਹਾ ਜਾਵੇਗਾ।

10 ਅੰਕ

ਪ੍ਰਸ਼ਨ ਨੰ: 7 ਪੰਜਾਬੀ ਭਾਸ਼ਾ-ਬੋਧ ਪਾਠ-ਪੁਸਤਕ 'ਤੇ ਆਧਾਰਿਤ, ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਨਾਲ਼ ਸਬੰਧਿਤ ਚਾਰ ਪ੍ਰਸ਼ਨ ਪੁੱਛ ਕੇ ਕਿਸੇ ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ।

5+5=10 ਅੰਕ

ਪ੍ਰਸ਼ਨ ਨੰ: 8 ਪੰਜਾਬੀ ਭਾਸ਼ਾ-ਬੋਧ ਪਾਠ-ਪੁਸਤਕ 'ਚ ਦਿੱਤੀਆਂ ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਸ਼ਬਦਾਵਲੀ 'ਤੇ ਆਧਾਰਿਤ ਹੇਠ ਲਿਖੇ ਅਨੁਸਾਰ ਪ੍ਰਸ਼ਨ ਪੁੱਛੇ ਜਾਣਗੇ।

(ੳ) ਛੇ ਉਪਭਾਸ਼ਾਈ ਸ਼ਬਦ ਦੇ ਕੇ ਉਹਨਾਂ 'ਚੋਂ ਕਿਸੇ ਚਾਰ ਦੇ ਟਕਸਾਲੀ ਪੰਜਾਬੀ ਵਿੱਚ ਰੂਪਾਂਤਰ ਪੁੱਛੇ ਜਾਣਗੇ।

(ਅ) ਛੇ ਟਕਸਾਲੀ ਪੰਜਾਬੀ ਦੇ ਸ਼ਬਦ ਦੇ ਕੇ ਕਿਸੇ ਚਾਰ ਦਾ ਉਪਭਾਸ਼ਾ ਵਿੱਚ ਮਿਲ਼ਦਾ ਰੂਪ ਪੁੱਛਿਆ ਜਾਵੇਗਾ। 3+3=6 ਅੰਕ

ਨਿਰਧਾਰਿਤ ਪਾਠ-ਪੁਸਤਕਾਂ :

1. ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)

2. ਅੱਖੀਂ-ਡਿੱਠੀ ਦੁਨੀਆਂ

3. ਪੰਜਾਬੀ ਭਾਸ਼ਾ-ਬੋਧ

**ਪ੍ਰਕਾਸ਼ਕ : ਪੰਜਾਬ ਸਕੂਲ ਸਿੱਖਿਆ ਬੋਰਡ।**



Downloaded from https:// www.studiestoday.com

Downloaded from https:// www.studiestoday.com

## ਸ਼੍ਰੇਣੀ-ਗਿਆਰ੍ਹਵੀਂ
## ਨਮੂਨੇ ਦੇ ਪ੍ਰਸ਼ਨ-ਪੱਤਰ

**ਸਮਾਂ:** 3 **ਘੰਟੇ**

**ਲਿਖਤੀ ਪੇਪਰ :** 70 **ਅੰਕ**
**ਆਂਤਰਿਕ ਮੁਲਾਂਕਣ :** 30 **ਅੰਕ**
**ਕੁੱਲ :** 100 **ਅੰਕ**

1. **ਵਸਤੂਨਿਸ਼ਠ, ਪ੍ਰਸ਼ਨ :**

**ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ :**

(ੳ) 'ਪਿੰਜਰੇ ਪਿਆ ਪੰਛੀ' ਕਵਿਤਾ ਵਿੱਚ ਜ਼ਾਲਮ ਕਿਸ ਨੂੰ ਕਿਹਾ ਗਿਆ ਹੈ ?

(ਅ) 'ਮਿਲੇ ਮਾਣ ਪੰਜਾਬੀ ਨੂੰ 'ਕਵਿਤਾ ................. ਦੀ ਲਿਖੀ ਹੋਈ ਹੈ।

(ੲ) ਅੰਮ੍ਰਿਤਾ ਪ੍ਰੀਤਮ ਦੀ ਲਿਖੀ ਕਵਿਤਾ ਕਿਹੜੀ ਹੈ ?

(ੳ) ਭਾਗੀਆਂ ਪੰਡਾਂ (ਅ) ਬਾਰਾਂਮਾਹ
(ੲ) ਸਿਪਾਹੀ ਦਾ ਦਿਲ (ਸ) ਆਰਤੀ

(ਸ) 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ' ਕਵਿਤਾ ਅਨੁਸਾਰ ਕਿਹੜੇ ਹਰਫ਼ ਹਮੇਸ਼ਾਂ ਲਿਖੇ ਰਹਿਣਗੇ ?

(ਹ) ਲੰਦਨ ਦੇ ਲੋਕਾਂ ਦਾ ਵਿਹਾਰ ਕਿਹੋ-ਜਿਹਾ ਹੈ ?

(ਕ) ਡਾ. ਹਰਦਿੱਤ ਸਿੰਘ ਢਿੱਲੋਂ ਦਾ ਲਿਖਿਆ ਸਫ਼ਰਨਾਮਾ-ਅੰਸ਼ ਕਿਹੜਾ ਹੈ ?

(ਖ) ਪੰਜਾਬੀ ਭਾਸ਼ਾ ਦੀ ਬਣਤਰ ਵਿੱਚ ਪਹਿਲੀ ਪਉੜੀ ਕਿਸ ਦੀ ਹੈ ?

(ਗ) ਕਿਹੜੀ ਲਿਪੀ ਗੁਰਮੁਖੀ, ਨਾਗਰੀ ਆਦਿ ਸਾਰੀਆਂ ਭਾਰਤੀ ਲਿਪੀਆਂ ਦੀ ਜਨਮਦਾਤਾ ਹੈ ?

(ਘ) ਖ਼ਾਲੀ ਥਾਂ ਭਰੋ :-
ਟਕਸਾਲੀ ਪੰਜਾਬੀ ਦਾ ਆਧਾਰ ............ ਉਪਭਾਸ਼ਾ ਹੈ।

(ਙ) **ਹੇਠ ਲਿਖਿਆ ਕਥਨ ਸਹੀ ਹੈ ਜਾਂ ਗ਼ਲਤ :**
ਪੁਆਧੀ, ਰੋਪੜ ਜ਼ਿਲ੍ਹੇ ਵਿੱਚ ਨਹੀਂ ਬੋਲੀ ਜਾਂਦੀ।

2. **ਹੇਠ ਲਿਖੇ ਕਾਵਿ-ਟੋਟਿਆ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

(ੳ) ਨਾਮ ਦੇ ਜਹਾਜ਼, ਪੰਥ ਖ਼ਾਲਸੇ ਦੀ ਜਿੰਦ -ਜਾਨ,
ਗੁਰੂ ਰੂਪ ਗ੍ਰੰਥ ਕਰਾਂ ਜੱਸ ਕੀ ਬਿਆਨ ਤੇਰਾ।
ਲੋਕ-ਪਰਲੋਕ ਦਾ ਸਹਾਈ ਤੂੰਏਂ, ਜਾਪਨਾ ਏ,
ਧਰਤ ਉੱਤੇ ਅੰਗਿਆ ਏ ਗਿਆਨ ਅਸਮਾਨ ਤੇਰਾ

(ਅ) ਫੁੱਲਾ ਵੇ ਫੁੱਲਾ
ਤੂੰ ਤਾਂ ਦੋ ਪਲ ਮਹਿਕ ਖਿੰਡਾ ਕੇ
ਹੱਸਣਾ ਤੇ ਤੁਰ ਜਾਣਾ,
ਰੂਪ, ਰੰਗ, ਰਸ, ਧੁੱਪ ਤੋਂ ਲੈ ਕੇ,
ਧੁੱਪਾਂ ਵਿੱਚ ਖੁਰ ਜਾਣਾ।

(ੲ) ਜਿੱਥੇ ਬੰਦਾ ਜੰਮਦਾ ਸੀਰੀ ਹੈ
ਟਕਿਆਂ ਦੀ ਮੀਰੀ-ਪੀਰੀ ਹੈ
ਜਿੱਥੇ ਕਰਜ਼ੇ ਹੇਠ ਪੰਜੀਰੀ ਹੈ



Downloaded from https:// www.studiestoday.com

Downloaded from https:// www.studiestoday.com

ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜੇਹੜੇ
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵੇਹੜੇ।

(ਸ) ਬੱਚੇ ਨੂੰ ਅਣਤੱਕੇ ਰਾਹਾਂ 'ਤੇ
ਤੁਰਨ ਤੋਂ ਵਰਜਣਾ ਵੀ ਜੁਰਮ ਹੈ
ਬੱਚੇ ਨੂੰ ਪੌੜੀ ਚੜ੍ਹਦਿਆਂ
ਅਗਲਾ ਡੰਡਾ ਚੜ੍ਹਨ ਤੋਂ ਰੋਕਣਾ, ਡਰਾਉਣਾ ਜੁਰਮ ਹੈ।

6+6=12 ਅੰਕ

3. **ਕਿਸੇ ਇੱਕ ਦਾ ਕੇਂਦਰੀ ਭਾਵ ਲਿਖੋ:**
ਪਰਾਹੁਣੀ, ਸਿਪਾਹੀ ਦਾ ਦਿਲ, ਮੇਰੀ ਨਹੀਂ ਪੁੱਗਦੀ।

4 ਅੰਕ

4. **ਆਧੁਨਿਕ ਕਵਿਤਾ ਦੇ ਪ੍ਰਮੁੱਖ ਝੁਕਾਵਾਂ 'ਤੇ ਨੋਟ ਲਿਖੋ।**
ਜਾਂ
ਪੂਰਨ ਸਿੰਘ ਦੀ ਕਾਵਿਕ-ਕਲਾ ਸੰਬੰਧੀ ਨੋਟ ਲਿਖੋ।

10 ਅੰਕ

5. **ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ:**
(ੳ) 'ਅਮਰੀਕਾ ਵਿੱਚ ਸੜਕਾਂ ਉੱਤੇ ਚੱਲਣ ਦਾ ਸੁਚੱਜ' ਸਫ਼ਰਨਾਮੇ 'ਚ ਅਮਰੀਕਾ 'ਚ ਰਹਿੰਦੇ ਲੇਖਕ ਦੇ ਭਤੀਜੇ ਨੇ ਕਿਹੜੀ ਆਪ ਬੀਤੀ ਘਟਨਾ ਸੁਣਾਈ ?
(ਅ) ਸੰਤੋਖ ਸਿੰਘ ਧੀਰ ਨੇ ਅੰਗਰੇਜ਼ ਇਸਤਰੀਆਂ ਬਾਰੇ ਕੀ ਵਿਚਾਰ ਪ੍ਰਗਟ ਕੀਤੇ ਹਨ ?
(ੲ) ਸਾਂਈਂ ਮੀਆਂ ਮੀਰ ਦੀ ਦਰਗਾਹ ਦੇ ਅੰਦਰ ਮੁਸਲਮਾਨ ਬੈਠੇ ਕੀ ਕਰਦੇ ਸਨ ?

4+4=8 ਅੰਕ

6. **ਕਿਸੇ ਇੱਕ ਸਫ਼ਰਨਾਮਾ-ਅੰਸ਼ ਦਾ ਸਾਰ ਲਿਖੋ :**
(ੳ) ਲੰਦਨ ਅਤੇ ਲੰਦਨ ਦੇ ਲੋਕ
(ਅ) ਸਾਵੇ ਮੱਘ ਤੇ ਪੌਂਗ ਡੈਮ।

10 ਅੰਕ

7. **ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ :**
(ੳ) ਪੰਜਾਬੀ ਭਾਸ਼ਾ ਦੇ ਮਹੱਤਵ ਤੇ ਇਸ ਦੇ ਇਤਿਹਾਸ ਬਾਰੇ ਜਾਣਕਾਰੀ ਦਿਓ।
(ਅ) ਪੰਜਾਬੀ ਭਾਸ਼ਾ ਦੀ ਬਣਤਰ ਉੱਤੇ ਸੰਖੇਪ ਨੋਟ ਲਿਖੋ।
(ੲ) 'ਗੁਰਮੁਖੀ ਲਿਪੀ ਨੂੰ ਗੁਰੂ ਸਾਹਿਬ ਨੇ ਬਣਾਇਆ।' ਚਰਚਾ ਕਰੋ।

5+5=10

8. **(ੳ) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਤਿੰਨ ਦੇ ਟਕਸਾਲੀ ਰੂਪ ਲਿਖੋ :**
ਮਿੱਘੀ (ਪੋਠੋਹਾਰੀ), ਇਬ (ਪੁਆਧੀ) ਘੇ (ਪੁਆਧੀ), ਹੁਙਕਾ (ਮਲਵਈ), ਗਾੜੀ (ਮਾਝੀ), ਡੇਨੀਆਂ (ਮਲਤਾਨੀ) ।
**(ਅ) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਤਿੰਨ ਦੇ ਉਪਭਾਸ਼ਾਈ ਰੂਪ ਲਿਖੋ:**
ਬੱਚਾ (ਪੋਠੋਹਾਰੀ), ਤੱਕ (ਮਾਝੀ), ਸ਼ਾਮ (ਮਲਵਈ), ਜੰਞ (ਦੁਆਬੀ), ਨਾਲ਼-ਨਾਲ਼ (ਪੁਆਧੀ) ਘਾਟ (ਮੁਲਤਾਨੀ) ।

3+3=6 ਅੰਕ



Downloaded from https:// www.studiestoday.com